PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 11 ਜੂਨ ਤੋਂ 17 ਜੂਨ, 2026 | Email :- editor@punjabstar.com, Vo. 20. Issue:1241


## ਅਮਰੀਕੀ ਪ੍ਰਤੀਨਿਧੀ ਸਭਾ 'ਚ 'ਇਮੀਗ੍ਰੇਸ਼ਨ ਇਨਫ਼ੋਰਸਮੈਂਟ ਬਿਲ' ਪਾਸ

### ਹਰ ਸਾਲ 10 ਲੱਖ ਲੋਕਾਂ ਨੂੰ ਡਿਪੋਰਟ ਕਰਨ ਦਾ ਰਸਤਾ ਹੋਵੇਗਾ ਸਾਫ਼



ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਅਮਰੀਕੀ ਪ੍ਰਤੀਨਿਧੀ ਸਭਾ ਨੇ ਮੰਗਲਵਾਰ ਨੂੰ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਲਗਭਗ 70 ਅਰਬ ਡਾਲਰ ਦਾ ਇਕ ਬਿਲ ਬਹੁਤ ਹੀ ਘੱਟ ਫਰਕ ਨਾਲ ਪਾਸ ਕਰ ਦਿਤਾ ਹੈ। ਇਹ ਬਿਲ ਹੁਣ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਉਨ੍ਹਾਂ ਦੇ ਦਸਤਖ਼ਤ ਲਈ ਭੇਜਿਆ ਜਾਵੇਗਾ, ਜੋ ਕਿ ਵ੍ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦਾ ਸਰਕਾਰੀ ਨਿਵਾਸ ਅਤੇ ਦਫ਼ਤਰ) ਵਿਚ ਉਨ੍ਹਾਂ ਦੇ ਬਾਕੀ ਕਾਰਜਕਾਲ ਦੌਰਾਨ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਏਜੰਡੇ ਨੂੰ ਅੱਗੇ ਵਧਾਏਗਾ। ਰਿਪਬਲਿਕਨ ਬਹੁਮਤ ਨਾਲ ਪਾਸ ਹੋਏ ਇਸ ਬਿਲ ਦੇ ਹੱਕ ਵਿਚ 214 ਤੇ ਵਿਰੋਧ ਵਿਚ 212 ਵੋਟ ਪਏ। ਵ੍ਹਾਈਟ ਹਾਊਸ ਅਨੁਸਾਰ ਇਸ ਰਕਮ ਵਿਚੋਂ 38 ਅਰਬ ਡਾਲਰ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫ਼ੋਰਸਮੈਂਟ * ਬਾਕੀ ਸਫ਼ਾ 2 'ਤੇ

## ਪਾਕਿਸਤਾਨ ਨੇ ਕੀਤੇ ਅਫ਼ਗਾਨਿਸਤਾਨ 'ਤੇ ਹਵਾਈ ਹਮਲੇ

### 11 ਬੱਚਿਆਂ ਸਮੇਤ 13 ਦੀ ਮੌਤ,14 ਹੋਏ ਜ਼ਖ਼ਮੀ



ਕਾਬੁਲ, (ਪੰਜਾਬ ਸਟਾਰ ਬਿਓਰੋ): ਅਫ਼ਗਾਨਿਸਤਾਨ ਨੇ ਬੁੱਧਵਾਰ ਨੂੰ ਕਿਹਾ ਕਿ ਪਾਕਿਸਤਾਨ ਨੇ ਦੇਸ਼ ਦੇ ਅੰਦਰ ਨਵੇਂ ਸਿਰੇ ਤੋਂ ਹਵਾਈ ਹਮਲੇ ਕੀਤੇ ਹਨ, ਜਿਨ੍ਹਾਂ ਵਿੱਚ ਘੱਟੋ-ਘੱਟ 13 ਲੋਕਾਂ ਦੀ ਮੌਤ ਹੋ ਗਈ ਅਤੇ 14 ਹੋਰ ਜ਼ਖ਼ਮੀ ਹੋ ਗਏ। ਤਾਲਿਬਾਨ ਦੇ ਮੁੱਖ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨੇ ਇਨ੍ਹਾਂ ਹਵਾਈ ਹਮਲਿਆਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਹਮਲੇ ਅਫ਼ਗਾਨਿਸਤਾਨ ਦੇ ਖੋਸਤ, ਕੁਨਾਰ ਅਤੇ ਪਕਤਿਕਾ ਸੂਬਿਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ । * ਬਾਕੀ ਸਫ਼ਾ 2 'ਤੇ

# ਫ਼ਿਲੀਪੀਨਜ਼ 'ਚ ਭੂਚਾਲ ਦੇ 2,100 ਤੋਂ ਵੱਧ ਝਟਕੇ

### ਮਰਨ ਵਾਲਿਆਂ ਦੀ ਗਿਣਤੀ 45 ਤੋਂ ਵੱਧ ਹੋਈ



**ਫਿਲੀਪੀਨਜ਼ 'ਚ ਭੂਚਾਲ ਕਾਰਨ 32 ਹਜ਼ਾਰ ਤੋਂ ਵੱਧ ਲੋਕ ਬੇਘਰ**


**650 ਵੱਧ ਲੋਕ ਜ਼ਖ਼ਮੀ**

ਮਨੀਲਾ, (ਪੰਜਾਬ ਸਟਾਰ ਬਿਓਰੋ): ਫ਼ਿਲੀਪੀਨਜ਼ ਵਿਚ ਆਏ ਤਬਾਹਕੁੰਨ ਭੂਚਾਲ ਤੋਂ ਦੋ ਦਿਨ ਬਾਅਦ ਵੀ ਝਟਕੇ ਮਹਿਸੂਸ ਹੋਣ ਦਾ ਸਿਲਸਿਲਾ ਜਾਰੀ ਹੈ ਅਤੇ ਹੁਣ ਤੱਕ ਦੋ ਹਜ਼ਾਰ ਤੋਂ ਵੱਧ ਆਫ਼ਟਰਸ਼ੌਕਸ ਆ ਚੁੱਕੇ ਹਨ। ਦੂਜੇ ਪਾਸੇ ਮਰਨ ਵਾਲਿਆਂ ਦੀ ਗਿਣਤੀ 45 ਤੋਂ ਟੱਪ ਗਈ ਹੈ ਅਤੇ ਲਗਾਤਾਰ ਕੰਬਦੀ ਧਰਤੀ ਲੋਕ ਮਨਾਂ ਵਿਚ ਖ਼ੌਫ਼ ਪੈਦਾ ਕਰ ਰਹੀ ਹੈ। ਬੁੱਧਵਾਰ ਨੂੰ ਜਨਰਲ ਸੈਂਟੋਸ ਸ਼ਹਿਰ ਵਿਚ ਰਾਹਤ ਕਾਰਜਾਂ ਦੌਰਾਨ ਭਾਜੜ ਵਰਗੇ ਹਾਲਾਤ ਬਣ ਗਏ ਜਦੋਂ ਖੰਡਹਰ ਬਣ ਚੁੱਕੀ ਇਕ ਇਮਾਰਤ ਵਿਚੋਂ ਮਲਬਾ ਹਟਾਏ ਦੀ ਪ੍ਰਕਿਰਿਆ ਦੌਰਾਨ ਵੱਡਾ ਝਟਕਾ ਮਹਿਸੂਸ ਹੋਇਆ ਅਤੇ ਰਾਹਤ ਕਾਮਿਆਂ ਨੂੰ ਤੁਰਤ ਬਾਹਰ ਨਿਕਲਣਾ ਪਿਆ। 7.8 ਤੀਬਰਤਾ ਵਾਲੇ ਭੂਚਾਲ ਨੇ 3 ਹਜ਼ਾਰ ਤੋਂ ਵੱਧ ਘਰ ਅਤੇ ਇਮਾਰਤਾਂ ਢਹਿ ਢੇਰੀ ਕਰ ਦਿਤੀਆਂ ਜਦਕਿ ਵੱਡੀ ਗਿਣਤੀ ਵਿਚ ਪੁਲ ਨੁਕਸਾਨੇ ਗਏ।

**ਲਗਾਤਾਰ ਕੰਬਦੀ ਧਰਤੀ ਤੋਂ ਖ਼ੌਫ਼ਜ਼ਦਾ ਹੋਏ ਲੋਕ**

650 ਤੋਂ ਵੱਧ ਜ਼ਖ਼ਮੀਆਂ ਦਾ ਵੱਖ ਵੱਖ ਹਸਪਤਾਲਾਂ ਵਿਚ ਇਲਾਜ ਚੱਲ ਰਿਹਾ ਹੈ ਜਿਨ੍ਹਾਂ ਵਿਚੋਂ ਕਈਆਂ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਜ਼ਬਰਨ ਵਸੂਲੀ ਦੇ ਮਾਮਲੇ 'ਚ ਤਿੰਨ ਪੰਜਾਬੀ ਦੋਸ਼ੀ ਕਰਾਰ




(ਪੰਜਾਬ ਸਟਾਰ ਬਿਓਰੋ): ਕੈਨੇਡਾ ਦੀ ਇੱਕ ਅਦਾਲਤ ਵੱਲੋਂ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਰਿਹਾਇਸ਼ੀ ਘਰ 'ਤੇ ਜ਼ਬਰਨ ਵਸੂਲੀ ਨਾਲ ਸਬੰਧਿਤ ਗੋਲੀਬਾਰੀ ਦੀ ਘਟਨਾ ਵਿੱਚ ਸ਼ਾਮਲ ਹੋਣ ਲਈ ਤਿੰਨ ਪੰਜਾਬੀਆਂ ਨੂੰ ਸਜ਼ਾ ਸੁਣਾਈ ਗਈ ਹੈ। ਕੈਨੇਡੀਅਨ ਮੀਡੀਆ ਰਿਪੋਰਟਾਂ ਅਨੁਸਾਰ, ਤਰਨਵੀਰ ਸਿੰਘ (ਘਟਨਾ ਵੇਲੇ ਉਮਰ 19 ਸਾਲ), ਹਰਜੋਤ ਸਿੰਘ (ਉਮਰ 21 ਸਾਲ) ਅਤੇ ਦਯਾਜੀਤ ਸਿੰਘ ਬਿਲਿੰਗ (ਉਮਰ 21 ਸਾਲ) ਨੇ 9 ਜੂਨ ਨੂੰ ਸਰੀ ਪ੍ਰੋਵਿੰਸ਼ੀਅਲ ਕੋਰਟ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ ਹੈ।

ਇਸ ਤੋਂ ਪਹਿਲਾਂ ਕੈਨੇਡਾ ਪੁਲੀਸ ਨੇ ਇਨ੍ਹਾਂ ਦੀਆਂ ਤਸਵੀਰਾਂ ਬਿਨਾਂ ਪੱਗਾਂ (ਪਗੜੀ) ਤੋਂ ਜਾਰੀ ਕੀਤੀਆਂ ਸਨ, ਜਿਸ ਵਿੱਚ ਨੌਜਵਾਨਾਂ ਦੇ ਚਿਹਰਿਆਂ 'ਤੇ ਸੱਟਾਂ ਦੇ ਨਿਸ਼ਾਨ ਸਨ। ਇਸ ਕਾਰਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਉਨ੍ਹਾਂ ਦੇ ਧਰਮ ਦੇ ਨਿਰਾਦਰ ਨੂੰ ਲੈ ਕੇ ਇੱਕ ਵਿਵਾਦ ਖੜ੍ਹਾ ਹੋ ਗਿਆ ਸੀ।

ਸੀਬੀਸੀ ਨਿਊਜ਼ ਦੀ ਰਿਪੋਰਟ ਮੁਤਾਬਕ: "ਤਰਨਵੀਰ ਸਿੰਘ ਨੇ ਲਾਪਰਵਾਹੀ ਨਾਲ ਹਥਿਆਰ ਚਲਾਉਣ ਦਾ ਗੁਨਾਹ ਕਬੂਲ ਕੀਤਾ ਅਤੇ ਉਸ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਪਹਿਲਾਂ ਕੱਟ ਚੁੱਕੇ ਜੇਲ੍ਹ ਦੇ ਸਮੇਂ (time served) ਨੂੰ ਘਟਾਉਣ ਤੋਂ ਬਾਅਦ, ਉਹ ਹੁਣ ਸਲਾਖਾਂ ਪਿੱਛੇ ਲਗਪਗ 4.5 ਸਾਲ ਹੋਰ ਬਿਤਾਏਗਾ। ਦਯਾਜੀਤ ਬਿਲਿੰਗ ਅਤੇ ਹਰਜੋਤ ਸਿੰਘ ਦੋਵਾਂ ਨੇ ਕੋਈ ਵਿਸਫੋਟਕ ਪਦਾਰਥ ਸੁੱਟਣ ਦਾ ਗੁਨਾਹ ਕਬੂਲ ਕੀਤਾ ਹੈ ਅਤੇ ਉਨ੍ਹਾਂ ਨੂੰ ਦੋ-ਦੋ ਸਾਲ ਤੋਂ ਕੁਝ ਵੱਧ ਦੀ ਸਜ਼ਾ ਸੁਣਾਈ ਗਈ ਹੈ। * ਬਾਕੀ ਸਫ਼ਾ 2 'ਤੇ

# ਬੈਂਕ ਆਫ਼ ਕੈਨੇਡਾ ਨੇ ਵਿਆਜ ਦਰਾਂ 2.25 ਹੀ ਰੱਖੀਆਂ



(ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਲੱਖਾਂ ਘਰ ਮਾਲਕਾਂ, ਘਰ ਖਰੀਦਣ ਦੀ ਯੋਜਨਾ ਬਣਾ ਰਹੇ ਲੋਕਾਂ ਅਤੇ ਕਾਰੋਬਾਰਾਂ ਲਈ ਅਹਿਮ ਖਬਰ ਸਾਹਮਣੇ ਆਈ ਹੈ। ਬੈਂਕ ਆਫ ਕੈਨੇਡਾ ਨੇ ਆਪਣੀ ਮੁੱਖ ਵਿਆਜ ਦਰ, ਜਿਸ ਨੂੰ ਕਿ ਇੰਟਰਸਟ ਕਿਹਾ ਜਾਂਦਾ ਹੈ, 2.25 ਫੀਸਦੀ 'ਤੇ ਹੀ ਬਰਕਰਾਰ ਰੱਖਣ ਦਾ ਫੈਸਲਾ ਕੀਤਾ ਹੈ। ਇਹ ਲਗਾਤਾਰ ਪੰਜਵੀ ਮੀਟਿੰਗ ਹੈ ਸਿਜ ਵਿੱਚ ਕੇਂਦਰੀ ਬੈਂਕ ਨੇ ਵਿਆਜ ਦਰਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ। ਬੈਂਕ ਆਫ ਕੈਨੇਡਾ ਦਾ ਇਹ ਫੈਸਲਾ ਉਸ ਸਮੇ ਆਇਆ ਜਦੋਂ ਇੱਕ ਪਾਸੇ ਦੇਸ਼ ਦੀ ਅਰਥਵਿਵਸਥਾ ਕਮਜ਼ੋਰ ਦਿਖਾਈ ਦੇ ਰਹੀ ਹੈ ਜਦਕਿ ਦੂਜੇ ਪਾਸੇ ਮਹਿੰਗਾਈ ਦਾ ਦਬਾਅ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ। ਬੈਂਕ ਦੇ ਗਵਰਨਰ ਟਿਫ ਮੈਕਲਮ ਨੇ ਕਿਹਾ ਕਿ ਹਾਲੀਆ ਮਹੀਨਿਆਂ ਵਿੱਚ ਤੇਲ ਦੀਆਂ ਕੀਮਤਾਂ ਵਧੀਆਂ ਹਨ ਜਿਸ ਕਾਰਨ ਮਹਿੰਗਾਈ ਨੂੰ ਲੈ ਕੇ ਚਿੰਤਾਵਾਂ ਬਣੀਆਂ ਹੋਈਆਂ ਹਨ। ਹਾਲਾਂਕਿ ਬੈਂਕ ਨੂੰ ਅਜੇ ਤੱਕ ਇਹ ਸਬੂਤ ਨਹੀਂ ਮਿਲੇ ਕਿ ਤੇਲ ਦੀਆਂ ਵਧੀਆਂ ਕੀਮਤਾਂ ਪੂਰੀ ਅਰਥਵਿਵਸਥਾ ਵਿੱਚ ਵਿਆਪਕ ਮਹਿੰਗਾਈ ਦਾ ਕਾਰਨ ਬਣ ਰਹੀਆਂ ਹਨ। ਇਸ ਲਈ ਬੈਂਕ ਨੇ ਫਿਲਹਾਲ ਉਡੀਕ ਕਰਨ ਅਤੇ ਹਾਲਾਤਾਂ ਤੇ ਨਜ਼ਰ ਰੱਖਣ ਦਾ ਫੈਸਲਾ ਕੀਤਾ ਹੈ। ਅਪ੍ਰੈਲ ਮਹੀਨੇ ਵਿੱਚ ਕੈਨੇਡਾ ਦੀ ਮਹਿੰਗਾਈ ਦਰ 2.8 ਫੀਸਦੀ ਰਹੀ, ਜੋ ਕਿ ਬੈਂਕ ਆਫ ਕੈਨੇਡਾ ਦੇ 2 ਫੀਸਦੀ ਦੇ ਟੀਚੇ ਤੋਂ ਉੱਪਰ ਹੈ। ਹਾਲਾਂਕਿ ਇਹ ਦਰ ਅਜੇ ਵੀ 1 ਤੋਂ 3 ਫੀਸਦੀ ਦੇ ਟੀਚੇ ਦੇ ਦਾਇਰੇ ਵਿੱਚ ਹੈ। ਦੂਜੇ ਪਾਸੇ ਕੈਨੇਡਾ ਦੀ ਅਰਥਵਿਵਸਥਾ ਦੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਇਸ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਦੇਸ਼ ਦੀ ਜੀ ਡੀ ਪੀ ਵਿੱਚ 0.1 ਫੀਸਦੀ ਦੀ ਕਮੀ ਦਰਜ ਕੀਤੀ ਗਈ। ਇਹ ਲਗਾਤਾਰ ਦੂਜੀ ਤਿਮਾਹੀ ਸੀ ਜਿਸ ਵਿੱਚ ਆਰਥਿਕ ਗਤਿਵਿੱਧੀਆਂ ਕਮਜ਼ੋਰ ਰਹੀਆਂ, ਜਿਸ ਕਾਰਨ ਕਈ ਅਰਥਸ਼ਾਸਤਰੀ ਕੈਨੇਡਾ ਨੂੰ ਤਕਨੀਕੀ ਮੰਦੀ ਦੇ ਦੌਰ ਵਿੱਚ ਮੰਨ ਰਹੇ ਹਨ। ਇਸ ਕਾਰਨ ਬੈਂਕ ਆਫ ਕੈਨੇਡਾ ਇਸ ਮੁਸ਼ਕਿਲ ਸਥਿਤੀ ਵਿੱਚ ਹੈ। ਜੇਕਰ ਮਹਿੰਗਾਈ ਨੂੰ ਰੋਕਣ ਲਈ ਵਿਆਜ ਦਰਾਂ ਵਧਾਈਆਂ ਜਾਂਦੀਆਂ ਹਨ ਤਾਂ ਅਰਥਵਿਵਸਥਾ ਹੋਰ ਹੌਲੀ ਹੋ ਸਕਦੀ ਹੈ। * ਬਾਕੀ ਸਫ਼ਾ 2 'ਤੇ


## PM ਮਾਰਕ ਕਾਰਨੀ ਦਾ 2050 ਤੱਕ ਦੇਸ਼ ਦੇ ਬਿਜਲੀ ਗਰਿੱਡ ਦੀ ਸਮਰੱਥਾ ਨੂੰ ਦੁੱਗਣਾ ਕਰਨ ਦਾ ਐਲਾਨ



(ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅੱਜ ਸੂਬਾਈ ਅਤੇ ਖੇਤਰੀ ਪ੍ਰੀਮੀਅਰ ਨਾਲ ਵਰਚੂਅਲ ਮੀਟਿੰਗ ਕਰਕੇ ਦੇਸ਼ ਦੀ ਅਰਥਵਿਵਸਥਾ ਨੂੰ ਹੋਰ ਮਜ਼ਬੂਤ ਅਤੇ ਲਚਕੀਲਾ ਬਣਾਉਣ ਲਈ ਸਾਂਝੇ ਯਤਨਾਂ 'ਤੇ ਚਰਚਾ ਕੀਤੀ। ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਕਾਰਨੀ ਨੇ ਅਮਰੀਕੀ ਅਧਿਕਾਰੀਆਂ ਨਾਲ ਚੱਲ ਰਹੀਆਂ ਵਪਾਰਕ ਗੱਲਾਂਬਾਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਨਵੀਂ ਸਰਕਾਰ ਕੈਨੇਡੀਅਨ ਮਜ਼ਦੂਰਾਂ ਅਤੇ ਕਾਰੋਬਾਰਾਂ ਦੇ ਹਿੱਤਾਂ ਦੀ ਰੱਖਿਆ ਕਰਨ ਅਤੇ ਨਿਵੇਸ਼ਕਾਂ ਨੂੰ ਭਰੋਸਾ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ "ਟੀਮ ਕੈਨੇਡਾ" ਪਹੁੰਚ ਦੀ ਮਹੱਤਤਾ ਨੂੰ ਦੁਹਰਾਉਂਦਿਆਂ ਸਾਰੇ ਸੂਬਿਆਂ ਅਤੇ ਖੇਤਰਾਂ ਨੂੰ ਇੱਕਜੁੱਟ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ।

ਕਾਰਨੀ ਨੇ ਸਹਿਕਾਰੀ ਸੰਘਵਾਦ ਨੂੰ ਕੈਨੇਡਾ ਦੀ ਆਰਥਿਕ ਮਜ਼ਬੂਤੀ ਦਾ ਅਹਿਮ ਆਧਾਰ ਦੱਸਿਆ। ਉਨ੍ਹਾਂ ਨੇ ਕਿਹਾ ਕਿ 2050 ਤੱਕ ਦੇਸ਼ ਦੇ ਬਿਜਲੀ ਗਰਿੱਡ ਦੀ ਸਮਰੱਥਾ ਨੂੰ ਦੁੱਗਣਾ ਕਰਨਾ ਲਾਜ਼ਮੀ ਹੈ ਤਾਂ ਜੋ ਹਰ ਖੇਤਰ ਦੇ ਨਾਗਰਿਕਾਂ ਨੂੰ ਸਸਤੀ, ਭਰੋਸੇਯੋਗ ਅਤੇ ਸਾਫ਼ ਊਰਜਾ * ਬਾਕੀ ਸਫ਼ਾ 2 'ਤੇ

## ਕਨੇਡਾ 'ਚ ਟੂਰਿਸਟ ਵੀਜ਼ਾ 'ਤੇ ਘੁੰਮਣ ਨਹੀਂ, ਅਪਰਾਧ ਕਰਨ ਆਉਂਦੇ ਨੇ... !





(ਪੰਜਾਬ ਸਟਾਰ ਬਿਓਰੋ): ਕੈਨੇਡਾ ਨੂੰ ਆਮ ਤੌਰ ਤੇ ਸੈਲਾਨੀਆਂ ਲਈ ਇੱਕ ਸੁਰੱਖਿਅਤ ਅਤੇ ਆਕਰਸ਼ਕ ਮੰਜ਼ਿਲ ਮੰਨਿਆ ਜਾਂਦਾ ਹੈ, ਪਰ ਡਰਹਮ ਰੀਜਨਲ ਪੁਲਿਸ ਦਾ ਕਹਿਣਾ ਹੈ ਕੁਝ ਲੋਕ ਦੇਸ਼ ਵਿੱਚ ਘੁੰਮਣ-ਫਿਰਣ ਲਈ ਨਹੀਂ, ਸਗੋਂ ਅਪਰਾਧ ਕਰਨ ਲਈ ਆਉਂਦੇ ਹਨ। ਇਸੇ ਰੁਝਾਨ ਨੂੰ "ਕ੍ਰਿਮਿਨਲ ਟੂਰਿਜ਼ਮ" ਦਾ ਨਾਮ ਦਿੱਤਾ ਗਿਆ ਹੈ। ਇਸ ਦੇ ਖਿਲਾਫ ਚੱਲ ਰਹੇ "ਪ੍ਰੋਜੈਕਟ ਜੈਟਸੈਟਰ" ਤਹਿਤ ਡਰਹਮ ਰੀਜਨਲ ਪੁਲਿਸ ਨੇ ਕਈ ਸਾਲਾਂ ਦੀਆ ਜਾਂਚਾਂ ਦੇ ਨਤੀਜੇ ਜਾਰੀ ਕੀਤੇ ਹਨ, ਜਿਨ੍ਹਾਂ ਨੇ ਅਪਰਾਧਿਕ ਨੈਟਵਰਕਾਂ ਦੀ ਕਾਰਗੁਜ਼ਾਰੀ ਨੂੰ ਬੇਨਕਾਬ ਕੀਤਾ। ਪੁਲਿਸ ਅਨੁਸਾਰ, 2019 ਤੋਂ ਸ਼ੁਰੂ ਹੋਈਆਂ ਵੱਖ ਵੱਖ ਜਾਂਚਾਂ ਦੌਰਾਨ 200 ਤੋਂ ਵੱਧ ਅਪਰਾਧਿਕ ਘਟਨਾਵਾਂ ਦੀ ਪਚਾਣ ਕੀਤੀ ਗਈ। ਇਨ੍ਹਾਂ ਕਾਰਨ ਡਰਹਮ ਰੀਜਨ ਵਿੱਚ ਹੀ ਲਗਭਗ 2.6 ਮਿਲੀਅਨ ਡਾਲਰ ਦਾ ਆਰਥਿਕ ਨੁਕਸਾਨ ਹੋਇਆ। ਜਾਂਚਕਾਰਾਂ ਨੇ ਇਸਦੀ ਇਨਵੈਸਟੀਗੇਸ਼ਨ ਲਈ 5,000 ਤੋਂ ਵੱਧ ਘੰਟੇ ਲਗਾਏ। ਜਾਂਚ ਵਿੱਚ ਸਾਹਮਣੇ ਆਏ ਅਪਰਾਧਾਂ ਵਿੱਚ ਵਾਹਨ ਖਰੀਦਣ ਅਤੇ * ਬਾਕੀ ਸਫ਼ਾ 2 'ਤੇ





**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7



**BRAR TAMBER RIGBY**
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

**PERSONAL INJURY**
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਪ੍ਰਵਾਸੀਆਂ ਦੇ ਘਰਾਂ ਨੂੰ ਲਗਾਈ ਗਈ ਅੱਗ

## ਬੇਲਫਾਸਟ ਵਿੱਚ ਚਾਕੂ ਮਾਰਨ ਦੀ ਘਟਨਾ ਤੋਂ ਬਾਅਦ ਸਥਿਤੀ ਵਿਗੜੀ



ਉੱਤਰੀ ਆਇਰਲੈਂਡ ਦੀ ਰਾਜਧਾਨੀ ਬੇਲਫਾਸਟ ਵਿੱਚ ਪ੍ਰਵਾਸੀਆਂ ਵਿਰੁੱਧ ਗੰਭੀਰ ਹਿੰਸਾ ਭੜਕ ਉੱਠੀ ਹੈ। ਨਕਾਬਪੋਸ਼ ਵਿਅਕਤੀਆਂ ਨੇ ਕਈ ਪਰਿਵਾਰਾਂ ਨੂੰ ਜ਼ਬਰਦਸਤੀ ਉਨ੍ਹਾਂ ਦੇ ਘਰਾਂ ਤੋਂ ਬਾਹਰ ਕੱਢ ਦਿੱਤਾ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਸੈਂਕੜੇ ਪ੍ਰਦਰਸ਼ਨਕਾਰੀ ਇਕੱਠੇ ਹੋਏ; ਉਨ੍ਹਾਂ ਵਿੱਚੋਂ ਜ਼ਿਆਦਾਤਰ ਨੇ ਆਪਣੇ ਚਿਹਰੇ ਢੱਕੇ ਹੋਏ ਸਨ। ਭੀੜ ਨੇ ਪੁਲਿਸ 'ਤੇ ਪੱਥਰ ਸੁੱਟੇ ਅਤੇ ਕਈ ਵਾਹਨਾਂ ਨੂੰ ਅੱਗ ਲਗਾ ਦਿੱਤੀ। ਇਹ ਹਿੰਸਾ ਇੱਕ ਸੁਡਾਨੀ ਵਿਅਕਤੀ ਨਾਲ ਚਾਕੂ ਨਾਲ ਹਮਲੇ ਦੇ ਦੋਸ਼ਾਂ ਤੋਂ ਬਾਅਦ ਸ਼ੁਰੂ ਹੋਈ ਹੈ। ਇਹ ਸਭ ਉਦੋਂ ਸ਼ੁਰੂ ਹੋਇਆ ਜਦੋਂ ਛੁਰਾ ਮਾਰਨ ਦੀ ਇੱਕ ਵੀਡੀਓ ਇੰਟਰਨੈੱਟ 'ਤੇ ਵਾਇਰਲ ਹੋਈ; ਹਮਲੇ ਦੌਰਾਨ ਪੀੜਤ ਦੀ ਗਰਦਨ ਅਤੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਸਨ।

ਬੇਲਫਾਸਟ ਵਿੱਚ ਕਈ ਘਰ ਸੜਦੇ ਦੇਖੇ ਗਏ ਹਨ। ਇੱਕ ਵੀਡੀਓ ਵਿੱਚ, ਪੁਲਿਸ ਅਧਿਕਾਰੀ ਇੱਕ ਪਰਿਵਾਰ ਨੂੰ ਸੜਦੇ ਘਰ ਵਿੱਚੋਂ ਭੱਜਣ ਵਿੱਚ ਮਦਦ ਕਰਦੇ ਦਿਖਾਈ ਦੇ ਰਹੇ ਸਨ। ਪਹਿਲੀ ਮੰਤਰੀ ਮਿਸ਼ੇਲ ਓ'ਨੀਲ ਨੇ ਇਨ੍ਹਾਂ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਪਰਿਵਾਰਾਂ ਨੂੰ ਡਰਾਉਣਾ ਅਤੇ ਉਨ੍ਹਾਂ ਦੇ ਘਰਾਂ ਨੂੰ ਸਾੜਨਾ ਘਿਣਾਉਣੀ ਕਾਇਰਤਾ ਦਾ ਕੰਮ ਹੈ। ਇਨ੍ਹਾਂ ਹਮਲਿਆਂ ਲਈ ਕੋਈ ਬਹਾਨਾ ਨਹੀਂ ਹੋ ਸਕਦਾ।

ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਵੀ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਬ੍ਰਿਟੇਨ ਵਿੱਚ ਇਮੀਗ੍ਰੇਸ਼ਨ ਨੀਤੀ ਨੂੰ ਲੈ ਕੇ ਤਣਾਅ ਪਹਿਲਾਂ ਹੀ ਹੈ। ਕੁਝ ਸਮਾਂ ਪਹਿਲਾਂ ਸਥਿਤੀ ਹੋਰ ਵੀ ਵਿਗੜ ਗਈ ਸੀ ਜਦੋਂ ਇੱਕ ਵਿਦਿਆਰਥੀ ਦੀ ਹੱਤਿਆ ਤੋਂ ਬਾਅਦ, ਇੱਕ ਸਿੱਖ ਵਿਅਕਤੀ ਨੇ ਝੂਠਾ ਦੋਸ਼ ਲਗਾਇਆ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਹ ਨਸਲੀ ਹਮਲਾ ਸੀ। ਪਿਛਲੇ ਸਾਲ ਵੀ ਇਸੇ ਤਰ੍ਹਾਂ ਦੇ ਦੰਗੇ ਹੋਏ ਸਨ। ਪੂਰਬੀ ਬੇਲਫਾਸਟ ਵਿੱਚ ਹਿੰਸਾ ਦੌਰਾਨ, 100 ਲੋਕਾਂ ਦੀ ਭੀੜ ਨੇ ਘਰਾਂ ਦੇ ਦਰਵਾਜ਼ੇ ਅਤੇ ਖਿੜਕੀਆਂ ਤੋੜ ਦਿੱਤੀਆਂ ਹਨ। ਪ੍ਰਦਰਸ਼ਨਕਾਰੀਆਂ ਨੇ ਇੱਕ ਬੱਸ ਨੂੰ ਵੀ ਅੱਗ ਲਗਾ ਦਿੱਤੀ। ਸਥਿਤੀ ਨੂੰ ਸੰਬੋਧਿਤ ਕਰਦੇ ਹੋਏ, ਰੈਵਰੈਂਡ ਜੈਕ ਮੈਕਕੀ ਨੇ ਕਿਹਾ ਕਿ ਲੋਕਾਂ ਨੂੰ ਸਿਰਫ ਉਨ੍ਹਾਂ ਦੀ ਚਮੜੀ ਦੇ ਰੰਗ ਕਾਰਨ ਹੀ ਘਰਾਂ ਤੋਂ ਬਾਹਰ ਕੱਢਿਆ ਜਾ ਰਿਹਾ ਹੈ।

### 30 ਸਾਲਾ ਸੁਡਾਨੀ ਨਾਗਰਿਕ ਗ੍ਰਿਫ਼ਤਾਰ

ਪੁਲਿਸ ਨੇ ਇਸ ਮਾਮਲੇ ਦੇ ਸਬੰਧ ਵਿੱਚ 30 ਸਾਲਾ ਸੁਡਾਨੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਕਤਲ ਦੀ ਕੋਸ਼ਿਸ਼ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਦੋਸ਼ ਹੈ। ਉਸਨੂੰ ਬੁੱਧਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਹਮਲੇ ਵਿੱਚ ਜ਼ਖਮੀ ਹੋਏ 40 ਸਾਲਾ ਪੀੜਤ ਦੀਆਂ ਅੱਖਾਂ ਅਤੇ ਪਿੱਠ 'ਤੇ ਡੂੰਘੇ ਜ਼ਖ਼ਮ ਹਨ। ਪੁਲਿਸ ਨੇ ਸਥਿਤੀ ਨੂੰ ਕਾਬੂ ਵਿੱਚ ਲਿਆਉਣ ਲਈ ਬਖਤਰਬੰਦ ਵਾਹਨ ਤਾਇਨਾਤ ਕੀਤੇ ਹਨ। ਪ੍ਰਸ਼ਾਸਨ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ।

# ਟਰੰਪ ਨੇ ਕੀਤਾ ਦੋ ਹਫ਼ਤਿਆਂ 'ਚ ਈਰਾਨ 'ਤੇ 'ਪੂਰੀ ਜਿੱਤ' ਦਾ ਦਾਅਵਾ

## ਕਿਹਾ- ਤਹਿਰਾਨ ਪ੍ਰਮਾਣੂ ਸਮਝੌਤੇ ਲਈ ਤਿਆਰ ਹੈ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਅਗਲੇ ਦੋ ਹਫ਼ਤਿਆਂ ਦੇ ਅੰਦਰ ਈਰਾਨ ਨਾਲ ਚੱਲ ਰਹੇ ਵਿਵਾਦ ਵਿੱਚ ਪੂਰੀ ਜਿੱਤ ਪ੍ਰਾਪਤ ਕਰ ਲਵੇਗਾ। ਉਨ੍ਹਾਂ ਕਿਹਾ ਕਿ ਈਰਾਨ ਨਾਲ ਪ੍ਰਮਾਣੂ ਸਮਝੌਤੇ 'ਤੇ ਗੱਲਬਾਤ ਸਹੀ ਦਿਸ਼ਾ ਵੱਲ ਵਧ ਰਹੀ ਹੈ ਅਤੇ ਜਲਦੀ ਹੀ ਵੱਡੇ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਟਰੰਪ ਨੇ ਇਹ ਬਿਆਨ ਇੱਕ ਵਰਚੁਅਲ ਚੋਣ ਪ੍ਰਚਾਰ ਦੌਰਾਨ ਦਿੱਤਾ ਹੈ । ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਈਰਾਨ ਵਿਚਕਾਰ ਗੱਲਬਾਤ ਚੱਲ ਰਹੀ ਹੈ ਅਤੇ ਤਹਿਰਾਨ ਹੁਣ ਇੱਕ ਸਮਝੌਤੇ ਲਈ ਤਿਆਰ ਜਾਪਦਾ ਹੈ। ਟਰੰਪ ਦੇ ਅਨੁਸਾਰ, ਈਰਾਨ ਅਮਰੀਕਾ ਦੀਆਂ ਮੁੱਖ ਮੰਗਾਂ ਨੂੰ ਸਵੀਕਾਰ ਕਰਨ ਲਈ ਤਿਆਰ ਹੈ, ਜਿਸ ਵਿੱਚ ਪ੍ਰਮਾਣੂ ਹਥਿਆਰ ਨਾ ਵਿਕਸਤ ਕਰਨ ਦੀ ਸ਼ਰਤ ਵੀ ਸ਼ਾਮਲ ਹੈ।

ਅਮਰੀਕੀ ਰਾਸ਼ਟਰਪਤੀ ਨੇ ਅੱਗੇ ਕਿਹਾ, "ਅਸੀਂ ਇਸ ਸਮੇਂ ਗੱਲਬਾਤ ਕਰ ਰਹੇ ਹਾਂ, ਅਤੇ ਉਹ ਇੱਕ ਬਹੁਤ ਵਧੀਆ ਸੌਦਾ ਕਰਨਾ ਚਾਹੁੰਦੇ ਹਨ। ਉਹ ਸਾਨੂੰ ਸਭ ਕੁਝ ਦੇਣ ਲਈ ਤਿਆਰ ਹਨ। ਉਹ ਪ੍ਰਮਾਣੂ ਹਥਿਆਰ ਵੀ ਛੱਡਣ ਲਈ ਤਿਆਰ ਹਨ।" ਅਮਰੀਕੀ ਰਾਸ਼ਟਰਪਤੀ ਨੇ ਦਾਅਵਾ ਕੀਤਾ ਕਿ ਅਗਲੇ ਦੋ ਹਫ਼ਤਿਆਂ ਵਿੱਚ ਸਥਿਤੀ ਪੂਰੀ ਤਰ੍ਹਾਂ ਬਦਲ ਸਕਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਅਮਰੀਕਾ ਆਪਣੀ ਪੂਰੀ ਜਿੱਤ ਦਾ ਐਲਾਨ ਕਰੇਗਾ, ਤਾਂ ਇਸਦਾ ਅਸਰ ਗਲੋਬਲ ਤੇਲ ਬਾਜ਼ਾਰ 'ਤੇ ਵੀ ਪਵੇਗਾ ਅਤੇ ਤੇਲ ਦੀਆਂ ਕੀਮਤਾਂ ਡਿੱਗ ਸਕਦੀਆਂ ਹਨ।

ਟਰੰਪ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਈਰਾਨ ਅਤੇ ਇਜ਼ਰਾਈਲ ਵਿਚਕਾਰ ਹਾਲ ਹੀ ਵਿੱਚ ਹੋਏ ਫੌਜੀ ਤਣਾਅ ਘੱਟ ਹੁੰਦੇ ਜਾਪਦੇ ਹਨ। ਦੋਵਾਂ ਦੇਸ਼ਾਂ ਨੇ ਹਾਲ ਹੀ ਵਿੱਚ ਜਵਾਬੀ ਹਮਲੇ ਸ਼ੁਰੂ ਕੀਤੇ ਹਨ, ਜਿਸ ਨਾਲ ਖੇਤਰ ਵਿੱਚ ਇੱਕ ਵੱਡੀ ਜੰਗ ਦਾ ਡਰ ਪੈਦਾ ਹੋ ਗਿਆ ਹੈ। ਹਾਲਾਂਕਿ, ਦੋਵਾਂ ਧਿਰਾਂ ਨੇ ਹੁਣ ਆਪਣੇ ਫੌਜੀ ਕਾਰਜਾਂ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਪੁਸ਼ਟੀ ਕੀਤੀ ਕਿ ਇਜ਼ਰਾਈਲ ਨੇ ਈਰਾਨ ਵਿਰੁੱਧ ਆਪਣੇ ਹਮਲੇ ਰੋਕ ਦਿੱਤੇ ਹਨ। ਹਾਲਾਂਕਿ, ਉਨ੍ਹਾਂ ਨੇ ਜੰਗਬੰਦੀ ਲਈ ਆਪਣੇ ਸਮਰਥਨ ਦਾ ਰਸਮੀ ਤੌਰ 'ਤੇ ਐਲਾਨ ਨਹੀਂ ਕੀਤਾ। ਇਸ ਦੌਰਾਨ, ਈਰਾਨ ਨੇ ਵੀ ਇਜ਼ਰਾਈਲ ਵਿਰੁੱਧ ਆਪਣੀ ਫੌਜੀ ਕਾਰਵਾਈ ਨੂੰ ਰੋਕਣ ਦਾ ਐਲਾਨ ਕੀਤਾ, ਪਰ ਚੇਤਾਵਨੀ ਦਿੱਤੀ ਕਿ ਜੇਕਰ ਇਜ਼ਰਾਈਲ ਨੇ ਦੁਬਾਰਾ ਹਮਲਾ ਕੀਤਾ ਤਾਂ ਉਹ ਤੁਰੰਤ ਜਵਾਬੀ ਕਾਰਵਾਈ ਕਰੇਗਾ।

# ਕੈਨੇਡਾ 'ਚ ਪੰਜਾਬੀ ਪੁਲਿਸ ਅਫਸਰ ਦਾ ਕਤਲ

## ਭਗੌੜੇ ਨੌਜਵਾਨ ਨੇ ਗੱਡੀ ਨਾਲ ਕੁਚਲਿਆ



ਓਂਟਾਰੀਓ: ਕੈਨੇਡੀਅਨ ਸੂਬੇ ਓਨਟਾਰੀਓ ਤੋਂ ਬਹੁਤ ਹੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਪੰਜਾਬੀ ਮੂਲ ਦੇ 29 ਸਾਲਾ ਪੁਲਿਸ ਕਾਂਸਟੇਬਲ ਤਰੁਣ ਬਾਲੀ ਦੀ ਡਿਊਟੀ ਦੌਰਾਨ ਮੌਤ ਹੋ ਗਈ ਹੈ। ਇੱਕ ਭੱਜ ਰਹੇ ਵਿਅਕਤੀ ਨੂੰ ਫੜਨ ਦੀ ਕੋਸ਼ਿਸ਼ ਕਰਦੇ ਸਮੇਂ, ਸ਼ੱਕੀ ਨੇ ਆਪਣੀ ਗੱਡੀ ਉਸ ਉੱਤੇ ਚੜ੍ਹਾ ਦਿੱਤੀ। ਉਸਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਇਹ ਦੁਖਦਾਈ ਘਟਨਾ ਉੱਤਰੀ ਓਨਟਾਰੀਓ ਦੇ ਹਰਸਟ ਖੇਤਰ ਦੇ ਨੇੜੇ ਵਾਪਰੀ। ਪੁਲਿਸ ਇੱਕ ਨੌਜਵਾਨ ਦੀ ਭਾਲ ਕਰ ਰਹੀ ਸੀ ਜੋ ਹਸਪਤਾਲ ਦੀ ਹਿਰਾਸਤ ਵਿੱਚੋਂ ਭੱਜ ਗਿਆ ਸੀ, ਜਿੱਥੇ ਉਸਨੂੰ ਮਾਨਸਿਕ ਸਿਹਤ ਕਾਨੂੰਨ ਅਧੀਨ ਰੱਖਿਆ ਜਾ ਰਿਹਾ ਸੀ। ਜਦੋਂ ਅਧਿਕਾਰੀਆਂ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਉਸਨੇ ਭੱਜਣ ਦੀ ਕੋਸ਼ਿਸ਼ ਵਿੱਚ ਕਾਂਸਟੇਬਲ ਤਰੁਣ ਬਾਲੀ ਵੱਲ ਤੇਜ਼ ਰਫ਼ਤਾਰ ਨਾਲ ਆਪਣੀ ਗੱਡੀ ਭਜਾ ਲਈ। ਇਸ ਘਟਨਾ ਤੋਂ ਬਾਅਦ, ਪੁਲਿਸ ਨੇ 18 ਸਾਲਾ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਵਿਰੁੱਧ ਕਈ ਗੰਭੀਰ ਦੋਸ਼ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚ ਪਹਿਲਾਂ ਤੋਂ ਸੋਚੀ-ਸਮਝੀ ਹੱਤਿਆ, ਪੁਲਿਸ ਤੋਂ ਬਚਣਾ ਅਤੇ ਲਾਪਰਵਾਹੀ ਅਤੇ ਖ਼ਤਰਨਾਕ ਡਰਾਈਵਿੰਗ ਸ਼ਾਮਿਲ ਹਨ। ਤਰੁਣ ਬਾਲੀ ਪਿਛਲੇ ਢਾਈ ਸਾਲਾਂ ਤੋਂ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵਿੱਚ ਸੇਵਾ ਨਿਭਾ ਰਿਹਾ ਸੀ। ਬਚਪਨ ਤੋਂ ਹੀ ਉਸਦਾ ਸੁਪਨਾ ਪੁਲਿਸ ਅਫਸਰ ਬਣ ਕੇ ਸਮਾਜ ਅਤੇ ਦੇਸ਼ ਦੀ ਸੇਵਾ ਕਰਨਾ ਸੀ। ਘਟਨਾ ਦੇ ਸਮੇਂ, ਉਹ ਜੇਮਸ ਬੇਅ ਖੇਤਰ ਵਿੱਚ ਵਿਸ਼ੇਸ਼ ਡਿਊਟੀ 'ਤੇ ਤਾਇਨਾਤ ਸੀ। ਇਸ ਸ਼ਹਾਦਤ ਨੇ ਕੈਨੇਡਾ ਭਰ ਦੇ ਪੁਲਿਸ ਵਿਭਾਗਾਂ ਅਤੇ ਇੰਡੋ-ਕੈਨੇਡੀਅਨ ਭਾਈਚਾਰੇ ਵਿੱਚ ਸੋਗ ਦੀ ਲਹਿਰ ਫੈਲਾ ਦਿੱਤੀ ਹੈ। ਓਨਟਾਰੀਓ ਪੁਲਿਸ ਮੁਖੀ ਥਾਮਸ ਕੈਰੀਕ ਨੇ ਇਸਨੂੰ ਪੁਲਿਸ ਪਰਿਵਾਰ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਅਤੇ ਕਿਹਾ ਕਿ ਤਰੁਣ ਬਾਲੀ ਨੇ ਡਿਊਟੀ ਦੌਰਾਨ ਸਭ ਤੋਂ ਵੱਡੀ ਕੁਰਬਾਨੀ ਦਿੱਤੀ ਹੈ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਸਮੇਤ ਕਈ ਪ੍ਰਮੁੱਖ ਕੈਨੇਡੀਅਨ ਨੇਤਾਵਾਂ ਨੇ ਤਰੁਣ ਬਾਲੀ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ। ਪੁਲਿਸ ਵਿਭਾਗ ਨੇ ਜਨਤਾ ਨੂੰ ਇਸ ਮੁਸ਼ਕਿਲ ਸਮੇਂ ਦੌਰਾਨ ਪਰਿਵਾਰ ਦੀ ਨਿੱਜਤਾ ਦਾ ਸਤਿਕਾਰ ਕਰਨ ਦੀ ਅਪੀਲ ਕੀਤੀ ਹੈ।

# ਪੇਜ ਇੱਕ ਦੀ ਬਾਕੀ

## ਅਮਰੀਕੀ ਪ੍ਰਤੀਨਿਧੀ...

(ਆਈਸੀਈ), 26 ਅਰਬ ਡਾਲਰ ਬਾਰਡਰ ਪੈਟਰੋਲ ਲਈ ਅਤੇ 5 ਅਰਬ ਡਾਲਰ ਅਣਕਿਆਸੇ ਖ਼ਰਚਿਆਂ ਲਈ ਅਲਾਟ ਕੀਤੇ ਜਾਣਗੇ। ਇਸ ਨਾਲ ਟਰੰਪ ਪ੍ਰਸ਼ਾਸਨ ਨੂੰ ਪ੍ਰਤੀ ਸਾਲ ਲਗਭਗ 10 ਲੱਖ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦੇ ਅਪਣੇ ਟੀਚੇ ਨੂੰ ਅੱਗੇ ਵਧਾਉਣ ਵਿਚ ਮਦਦ ਮਿਲੇਗੀ। ਰਿਪਬਲਿਕਨ ਨੇਤਾਵਾਂ ਦਾ ਕਹਿਣਾ ਹੈ ਕਿ ਇਹ ਸਰਹੱਦੀ ਸੁਰੱਖਿਆ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਲਈ ਜ਼ਰੂਰੀ ਹੈ। ਹਾਊਸ ਸਪੀਕਰ ਮਾਈਕ ਜੌਹਨਸਨ ਨੇ ਕਿਹਾ ਕਿ ਇਹ ਫ਼ੰਡਿੰਗ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਲੰਬੇ ਸਮੇਂ ਤੋਂ ਬਕਾਇਆ ਸੀ। ਇਸ ਦੌਰਾਨ ਡੈਮੋਕ੍ਰੇਟਿਕ ਪਾਰਟੀ ਨੇ ਬਿਲ ਦਾ ਸਖ਼ਤ ਵਿਰੋਧ ਕੀਤਾ। ਡੈਮੋਕ੍ਰੇਟਿਕ ਕਾਂਗਰਸਮੈਨ ਲੋਇਡ ਡੌਗੇਟ ਨੇ ਇਸ ਨੂੰ 'ਆਈਸੀਈ' ਲਈ ਇਕ ਖੁਲ੍ਹਾ ਖ਼ਜ਼ਾਨਾ' ਕਿਹਾ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਏਜੰਸੀ ਨੂੰ ਬਿਨਾਂ ਕਿਸੇ ਨਿਗਰਾਨੀ, ਜਵਾਬਦੇਹੀ ਜਾਂ ਸੁਧਾਰ ਦੇ ਵਾਧੂ ਫ਼ੰਡ ਪ੍ਰਦਾਨ ਕੀਤੇ ਜਾ ਰਹੇ ਹਨ। ਡੈਮੋਕ੍ਰੇਟਿਕ ਨੇਤਾ ਹਕੀਮ ਜੈਫ਼ਰੀਜ਼ ਨੇ ਕਿਹਾ ਕਿ ਰਿਪਬਲਿਕਨ ਅਮਰੀਕੀ ਨਾਗਰਿਕਾਂ ਦੀ ਸਿਹਤ ਅਤੇ ਪੋਸ਼ਣ ਸਬੰਧੀ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਟਰੰਪ ਦੀ 'ਜਨਤਕ ਦੇਸ਼ ਨਿਕਾਲੇ ਦੀ ਮਸ਼ੀਨ' ਨੂੰ ਵਧੇਰੇ ਸਰੋਤ ਪ੍ਰਦਾਨ ਕਰ ਰਹੇ ਹਨ। ਇਹ ਬਿਲ ਅਜਿਹੇ ਸਮੇਂ ਵਿਚ ਪਾਸ ਹੋਇਆ ਹੈ, ਜਦੋਂ ਟਰੰਪ ਪ੍ਰਸ਼ਾਸਨ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੋਵਾਂ 'ਤੇ ਅਪਣੀ ਸਖ਼ਤੀ ਨੂੰ ਤੇਜ਼ ਕਰ ਰਿਹਾ ਹੈ। ਪ੍ਰਸ਼ਾਸਨ ਅਸਥਾਈ ਸੁਰੱਖਿਆ ਪ੍ਰੋਗਰਾਮਾਂ ਨੂੰ ਖ਼ਤਮ ਕਰਨ, ਗ੍ਰੀਨ ਕਾਰਡ ਪ੍ਰਕਿਰਿਆਵਾਂ ਨੂੰ ਬਦਲਣ ਅਤੇ ਹੋਰ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰਨ ਲਈ ਵੀ ਕਦਮ ਚੁੱਕ ਰਿਹਾ ਹੈ। ਰਿਪਬਲਿਕਨ ਦਾਅਵਾ ਕਰਦੇ ਹਨ ਕਿ ਇਹ ਕਾਨੂੰਨ ਰਾਸ਼ਟਰੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰੇਗਾ, ਜਦੋਂ ਕਿ ਡੈਮੋਕ੍ਰੇਟ ਇਸ ਨੂੰ ਮਨੁੱਖੀ ਅਧਿਕਾਰਾਂ ਤੇ ਪ੍ਰਵਾਸੀਆਂ ਦੇ ਹਿਤਾਂ ਲਈ ਖ਼ਤਰਾ ਦੱਸ ਰਹੇ ਹਨ।

## ਫ਼ਿਲੀਪੀਨਜ਼ 'ਚ ਭੂਚਾਲ...

ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਭੂ-ਵਿਗਿਆਨੀਆਂ ਦਾ ਕਹਿਣਾ ਹੈ ਕਿ ਪਿਛਲੇ ਕਈ ਦਹਾਕਿਆਂ ਵਿਚ ਫ਼ਿਲੀਪੀਨਜ਼ ਨੂੰ ਸਭ ਤੋਂ ਵੱਡੇ ਭੂਚਾਲ ਦਾ ਟਾਕਰਾ ਕਰਨਾ ਪਿਆ ਹੈ ਅਤੇ ਫ਼ਿਲਹਾਲ ਖਤਰਾ ਟਲਿਆ ਨਹੀਂ ਮੰਨਿਆ ਜਾ ਸਕਦਾ ਜਿਸ ਨੂੰ ਵੇਖਦਿਆ ਲੋਕਾਂ ਰਾਤ ਵੇਲੇ ਸੁਚੇਤ ਰਹਿਣ ਦਾ ਸੁਝਾਅ ਦਿਤਾ ਗਿਆ ਹੈ। ਦੱਸ ਦੇਈਏ ਕਿ ਫ਼ਿਲੀਪੀਨਜ਼ ਵਿਚ ਭੂਚਾਲ ਤੋਂ ਕੁਠ ਘੰਟੇ ਬਾਅਦ ਕਿਊਬਾ ਅਤੇ ਅਮਰੀਕਾ ਦੇ ਵਿਚਕਾਰ ਪੈਂਦੇ ਸਮੁੰਦਰ ਵਿਚ ਵੱਡਾ ਭੂਚਾਲ ਆਇਆ। ਭੂਚਾਲ ਦਾ ਕੇਂਦਰ ਸਮੁੰਦਰ ਵਿਚ ਹੋਣ ਕਰ ਕੇ ਜਾਨੀ ਅਤੇ ਮਾਲੀ ਨੁਕਸਾਨ ਤੋਂ ਬਚਾਅ ਰਿਹਾ ਪਰ ਜ਼ੋਰਦਾਰ ਝਟਕਿਆਂ ਤੋਂ ਇਨਕਾਰ ਨਹੀਂ ਕੀਤਾ ਗਿਆ।

ਫਿਲਪੀਨਜ਼ 'ਚ ਆਏ ਜ਼ੋਰਦਾਰ ਭੂਚਾਲ 'ਚ ਮ੍ਰਿਤਕਾਂ ਦੀ ਗਿਣਤੀ ਵਧ ਕੇ 37 ਹੋ ਗਈ ਹੈ ਅਤੇ 32 ਹਜ਼ਾਰ ਤੋਂ ਵਧ ਲੋਕ ਬੇਘਰ ਹੋ ਗਏ ਹਨ। ਸੋਮਵਾਰ ਸਵੇਰੇ ਆਏ 7.8 ਤੀਬਰਤਾ ਦੇ ਭੂਚਾਲ ਨੇ ਵੱਡੇ ਪੱਧਰ 'ਤੇ ਤਬਾਹੀ ਮਚਾਈ ਹੈ। ਬਚਾਅ ਕਰਮੀ ਹਾਲੇ ਵੀ ਢਹਿ-ਢੇਰੀ ਹੋਈਆਂ ਇਮਾਰਤਾਂ ਦੇ ਮਲਬੇ ਹੇਠਾਂ ਫਸੇ ਲੋਕਾਂ ਦੀ ਭਾਲ ਕਰ ਰਹੇ ਹਨ। ਭੂਚਾਲ ਦਾ ਕੇਂਦਰ ਮਿੰਡਾਨਾਓ ਟਾਪੂ ਨੇੜੇ ਸਮੁੰਦਰ 'ਚ ਸੀ। ਭੂਚਾਲ ਕਾਰਨ ਲਗਪਗ 500 ਵਿਅਕਤੀ ਜ਼ਖ਼ਮੀ ਹੋਏ ਹਨ, ਜਿਨ੍ਹਾਂ 'ਚ ਵੱਡੀ ਗਿਣਤੀ ਸਕੂਲੀ ਬੱਚਿਆਂ ਦੀ ਹੈ, ਜੋ ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਪਹਿਲੇ ਦਿਨ ਸਕੂਲ ਦੀ ਸਭਾ ਲਈ ਇਕੱਠੇ ਹੋਏ ਸਨ। ਭੂਚਾਲ ਕਾਰਨ ਜਨਰਲ ਸੈਂਟੋਸ ਸ਼ਹਿਰ 'ਚ 13 ਅਤੇ ਸਾਰੰਗਾਨੀ ਸੂਬੇ 'ਚ ਜ਼ਮੀਨ ਖਿਸਕਣ ਕਾਰਨ 18 ਵਿਅਕਤੀਆਂ ਦੀ ਮੌਤ ਹੋਈ ਹੈ। ਸਰਕਾਰੀ ਮੁਲਾਂਕਣ ਅਨੁਸਾਰ ਲਗਪਗ 2,500 ਘਰ ਅਤੇ 117 ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ।

ਸੁਰੱਖਿਆ ਦੇ ਮੱਦੇਨਜ਼ਰ ਕਰੀਬ 6,000 ਸਰਕਾਰੀ ਸਕੂਲਾਂ ਦੀ ਜਾਂਚ ਹੋਣ ਤੱਕ ਜਮਾਤਾਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਜਨਰਲ ਸੈਂਟੋਸ ਦਾ ਕੌਮਾਂਤਰੀ ਹਵਾਈ ਅੱਡਾ ਵੀ ਬੰਦ ਹੈ, ਜਿਸ ਕਾਰਨ ਕਈ ਉਡਾਣਾਂ ਰੱਦ ਕਰਨੀਆਂ ਪਈਆਂ ਹਨ। ਮਾਹਿਰਾਂ ਮੁਤਾਬਕ ਭੂਚਾਲ ਕੋਟਾਬਾਟੋ ਖੱਡਾਂ 'ਚ ਹਲਚਲ ਕਾਰਨ ਆਇਆ, ਜੋ 1976 ਤੋਂ ਬਾਅਦ ਇਸ ਖ਼ਿੱਤੇ 'ਚ ਆਇਆ ਸਭ ਤੋਂ ਸ਼ਕਤੀਸ਼ਾਲੀ ਭੂਚਾਲ ਹੈ। ਅਮਰੀਕਾ, ਫਰਾਂਸ, ਜਪਾਨ ਅਤੇ ਨਿਊਜ਼ੀਲੈਂਡ ਵਰਗੇ ਮੁਲਕਾਂ ਨੇ ਫਿਲਪੀਨਜ਼ ਨੂੰ ਇਸ ਮੁਸ਼ਕਲ ਘੜੀ 'ਚ ਹਰਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਭੂਚਾਲ ਦੇ ਹੋਰ ਝਟਕਿਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ।

## ਕੈਨੇਡਾ 'ਚ ਜ਼ਬਰਨ...

ਪਹਿਲਾਂ ਕੱਟੇ ਗਏ ਜੇਲ੍ਹ ਦੇ ਸਮੇਂ ਦਾ ਕ੍ਰੈਡਿਟ ਮਿਲਣ ਤੋਂ ਬਾਅਦ, ਬਿਲਿੰਗ 20 ਮਹੀਨੇ ਹੋਰ ਜੇਲ੍ਹ ਵਿੱਚ ਬਿਤਾਏਗਾ, ਜਦੋਂ ਕਿ ਹਰਜੋਤ ਸਿੰਘ 18 ਮਹੀਨੇ ਹੋਰ ਸਜ਼ਾ ਕੱਟੇਗਾ, ਜਿਸ ਤੋਂ ਬਾਅਦ ਦੋਵਾਂ ਨੂੰ ਦੋ-ਦੋ ਸਾਲ ਦੀ ਪ੍ਰੋਬੇਸ਼ਨ (ਨਿਗਰਾਨੀ) 'ਤੇ ਰੱਖਿਆ ਜਾਵੇਗਾ।"

ਇਹ ਘਟਨਾ 1 ਫਰਵਰੀ 2026 ਦੀ ਸਵੇਰ ਨੂੰ ਵਾਪਰੀ ਸੀ, ਜਦੋਂ ਸਰੀ ਦੇ ਕ੍ਰੀਸੈਂਟ ਬੀਚ ਇਲਾਕੇ ਵਿੱਚ ਕ੍ਰੀਸੈਂਟ ਰੋਡ ਅਤੇ 132 ਸਟ੍ਰੀਟ ਦੇ ਨੇੜੇ ਇੱਕ ਘਰ 'ਤੇ ਗੋਲੀਆਂ ਚਲਾਈਆਂ ਗਈਆਂ ਸਨ ਅਤੇ ਰਿਹਾਇਸ਼ ਦੇ ਬਾਹਰ ਇੱਕ ਛੋਟੀ ਜਿਹੀ ਅੱਗ ਲੱਗਣ ਦੀ ਵੀ ਖ਼ਬਰ ਸੀ। ਇਸ ਘਟਨਾ ਵਿੱਚ ਕੋਈ ਜ਼ਖਮੀ ਨਹੀਂ ਹੋਇਆ ਸੀ। ਸਰੀ ਪੁਲੀਸ ਸਰਵਿਸ ਨੇ ਇਸ ਹਮਲੇ ਨੂੰ ਇਲਾਕੇ ਵਿੱਚ ਚੱਲ ਰਹੀਆਂ ਜ਼ਬਰਨ ਵਸੂਲੀ ਦੀਆਂ ਧਮਕੀਆਂ ਨਾਲ ਜੋੜਿਆ ਸੀ। ਸੀਟੀਵੀ ਨਿਊਜ਼ ਨੇ ਦੱਸਿਆ: "ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਘਰ ਨੂੰ ਸ਼ੱਕੀ ਜ਼ਬਰਨ ਵਸੂਲੀ ਦੇ ਹਮਲੇ ਵਿੱਚ ਗੋਲੀਬਾਰੀ ਦਾ ਨਿਸ਼ਾਨਾ ਬਣਾਏ ਜਾਣ ਦੇ ਮਹੀਨਿਆਂ ਬਾਅਦ, ਤਿੰਨ ਵਿਦੇਸ਼ੀ ਨਾਗਰਿਕਾਂ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਤਿੰਨਾਂ ਸ਼ੱਕੀਆਂ ਨੂੰ ਪੈਦਲ ਭੱਜਣ ਦੀ ਕੋਸ਼ਿਸ਼ ਕਰਨ ਅਤੇ ਫਿਰ ਇੱਕ ਰਾਈਡ-ਸ਼ੇਅਰ (ਟੈਕਸੀ) ਵਾਹਨ ਵਿੱਚ ਸਵਾਰ ਹੋਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ।"

ਇਹ ਤਿੰਨੋਂ ਪੰਜਾਬੀ ਹਨ ਅਤੇ ਇਨ੍ਹਾਂ ਨੂੰ ਘਟਨਾ ਦੇ ਤੁਰੰਤ ਬਾਅਦ ਸਰੀ ਪੁਲੀਸ ਸਰਵਿਸ ਦੇ 'ਪ੍ਰੋਜੈਕਟ ਐਸ਼ੋਰੈਂਸ ਐਂਟੀ-ਐਕਸਟੋਰਸ਼ਨ ਪੈਟਰੋਲ' ਅਤੇ 'ਮੇਜਰ ਕ੍ਰਾਈਮ ਸੈਕਸ਼ਨ' ਦੇ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲੀਸ ਨੇ ਉਨ੍ਹਾਂ ਨੂੰ ਵਿਦੇਸ਼ੀ ਨਾਗਰਿਕ ਦੱਸਿਆ ਸੀ ਅਤੇ ਇਸ ਮਾਮਲੇ ਵਿੱਚ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਵੀ ਸ਼ਾਮਲ ਕੀਤਾ ਸੀ। ਇਹ ਨੌਜਵਾਨ ਕੈਨੇਡਾ ਵਿੱਚ ਆਪਣੀ ਸਜ਼ਾ ਪੂਰੀ ਕਰਨਗੇ, ਜਿਸ ਤੋਂ ਬਾਅਦ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਦੀ ਕਾਰਵਾਈ ਸ਼ੁਰੂ ਹੋ ਸਕਦੀ ਹੈ।

## ਬੈਂਕ ਆਫ਼ ਕੈਨੇਡਾ...

ਪਰ ਜੇ ਦਰਾਂ ਘਟਾਈਆਂ ਜਾਂਦੀਆਂ ਹਨ ਤਾਂ ਮਹਿੰਗਾਈ ਮੁੜ ਤੇਜ਼ੀ ਨਾਲ ਵੱਧ ਸਕਦੀ ਹੈ।

**ਹੁਣ ਸਵਾਲ ਇਹ ਹੈ ਕਿ ਆਮ ਲੋਕਾਂ ਲਇ ਇਸ ਫੈਸਲੇ ਦਾ ਕੀ ਮਤਲਬ ਹੈ?**

ਸਭ ਤੋਂ ਪਹਿਲਾ ਜਿਨ੍ਹਾਂ ਲੋਕਾਂ ਕੋਲ ਵੈਰੀਏਬਲ ਰੇਟ ਮੋਰਗੇਜ ਹੈ, ਓਨ੍ਹਾਂ ਲਈ ਫਿਲਹਾਲ ਕੋਈ ਵੱਡੀ ਤਬਦੀਲੀ ਨਹੀ ਆਵੇਗੀ ਕਿਉਂਕਿ ਬੈਂਕ ਆਫ ਕੈਨੇਡਾ ਨੇ ਦਰਥ ਨਹੀਂ ਬਦਲੀਆਂ ਇਸ ਲਈ ਉਨ੍ਹਾਂ ਦੀਆਂ ਮਹੀਨਾਵਾਰ ਕਿਸ਼ਤਾਂ ਵੀ ਆਮ ਤੌਰ ਤੇ ਜਿਵੇਂ ਦੀਆਂ ਤਿਵੇਂ ਰਹਿਣਗੀਆਂ । ਇਸੇ ਤਰ੍ਹਾਂ ਲਾਈਨ ਆਫ ਕ੍ਰੈਡਿਟ ਅਤੇ ਕੁੱਝ ਹੋਰ ਕਰਜ਼ਿਆਂ ਤੇ ਵੀ ਤੁਰੰਤ ਕਈ ਅਸਰ ਨਹੀ ਪਵੇਗਾ ।

ਬੈਂਕ ਆਫ ਕੈਨੇਡਾ ਨੇ ਆਪਣੇ ਬਿਆਨ ਵਿੱਚ ਇਹ ਵੀ ਮੰਨਿਆ ਹੈ ਕਿ ਕੈਨੇਡਾਂ ਦੀ ਅਰਥਵਿਵਸਥਾ ਨੂੰ ਬਾਹਰੀ ਕਾਰਨਾਂ ਤੋਂ ਖਤਰਾ ਬਣਿਆ ਹੋਇਆ ਹੈ ਖਾਸਕਰ ਕੇ ਅਮਰੀਕਾ ਨਾਲ ਵਪਾਰੀ ਤਣਾਅ, ਟੈਰਿਫ ਅਤੇ ਛੂਸ਼ੰਅ ਸਮਝੋਤਾ ਦੇ ਭਵਿੱਖ ਨੂੰ ਲੈ ਕੇ ਅਨਿਸ਼ਚਿਤਤਾ ਕਾਰੋਬਾਰਾਂ ਲਈ ਚਿੰਤਾ ਦਾ ਵਿਸ਼ੇ ਹੈ

## PM ਮਾਰਕ ਕਾਰਨੀ...

ਉਪਲੱਬਧ ਹੋ ਸਕੇ। ਇਹ ਟੀਚਾ ਕੈਨੇਡਾ ਦੀ ਨਵੀਂ ਕੌਮੀ ਬਿਜਲੀ ਰਣਨੀਤੀ ਦਾ ਮਹੱਤਵਪੂਰਨ ਹਿੱਸਾ ਹੈ। ਪ੍ਰਧਾਨ ਮੰਤਰੀ ਨੇ ਅੰਤਰ-ਸੂਬਾਈ ਬਿਜਲੀ ਸੰਚਾਰ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਲਈ ਸੂਬਾਈ ਅਤੇ ਸੰਘੀ ਸਰਕਾਰਾਂ ਵਿਚਕਾਰ ਵਧੇਰੇ ਤਾਲਮੇਲ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਕਾਰਨੀ ਨੇ ਯੂਰਪ, ਏਸ਼ੀਆ ਅਤੇ ਮੱਧ ਪੂਰਬ ਵਿੱਚ ਪ੍ਰੀਮੀਅਰ ਵੱਲੋਂ ਕੀਤੀਆਂ ਵਪਾਰਕ ਯਾਤਰਾਵਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ "ਟੀਮ ਕੈਨੇਡਾ" ਦੀ ਸਾਂਝੀਆਂ ਕੋਸ਼ਿਸ਼ਾਂ ਦਾ ਸਪੱਸ਼ਟ ਉਦਾਹਰਨ ਹੈ, ਜਿਸ ਨਾਲ ਕੈਨੇਡਾ ਲਈ ਨਵੇਂ ਵਪਾਰਕ ਮੌਕੇ ਪੈਦਾ ਹੋ ਰਹੇ ਹਨ।

ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨੇ ਫਰਾਂਸ ਅਤੇ ਆਇਰਲੈਂਡ ਦੇ ਆਪਣੇ ਆਗਾਮੀ ਦੋ ਪੱਖੀ ਦੌਰਿਆਂ ਅਤੇ 2026 ਜੀ-7 ਆਗੂਆਂ ਦੇ ਸਿਖਰ ਸੰਮੇਲਨ ਵਿੱਚ ਸ਼ਮੂਲੀਅਤ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਦੌਰੇ ਵਪਾਰ, ਰੱਖਿਆ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਕੈਨੇਡਾ ਦੀਆਂ ਅੰਤਰਰਾਸ਼ਟਰੀ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਕੈਨੇਡੀਅਨ ਮਜ਼ਦੂਰਾਂ ਅਤੇ ਕਾਰੋਬਾਰਾਂ ਲਈ ਨਵੇਂ ਮੌਕੇ ਪੈਦਾ ਕਰਨਗੇ।

ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਉਹ ਅਗਲੇ ਮਹੀਨੇ ਪ੍ਰਿੰਸ ਐਡਵਰਡ ਆਈਸਲੈਂਡ ਦੇ ਸ਼ਹਿਰ ਸ਼ਾਰਲਟਟਾਊਨ ਵਿੱਚ ਹੋਣ ਵਾਲੀ ਪ੍ਰੀਮੀਅਰ ਨਾਲ ਸਿੱਧੀ ਮੁਲਾਕਾਤ ਦੌਰਾਨ ਇਨ੍ਹਾਂ ਤਰਜੀਹ ਨੂੰ ਹੋਰ ਅੱਗੇ ਵਧਾਉਣ ਲਈ ਉਤਸੁਕ ਹਨ।

## ਕਨੇਡਾ 'ਚ ਟੂਰਿਸਟ ਵੀਜ਼ਾ...

ਫਾਇਨੈਸਿੰਗ ਨਾਲ ਜੁੜੀਆਂ ਧੋਖਾਧੜੀਆਂ, ਰੀਟੇਲ ਚੋਰੀਆਂ, ਬੀਮਾ ਫਰਾਡ ਲਈ ਬਨਾਵਟੀ ਹਾਦਸੇ, ਵਾਹਨ ਚੋਰੀ ਕਰਕੇ ਵਿਦੇਸ਼ ਭੇਜਣ ਅਤੇ ਬਜ਼ੁਰਗਾਂ ਨੂੰ ਨਿਸ਼ਾਨਾ ਬਣਾਕੇ ਕੀਤੀਆਂ ਗਹਿਣਿਆਂ ਦੀਆਂ ਚੋਰੀਆਂ ਸ਼ਾਮਲ ਹਨ ।ਪੁਲਿਸ ਨੇ ਖਾਸ ਤੌਰ ਤੇ ਉਨ੍ਹਾਂ ਮਾਮਲਿਆਂ ਬਾਰੇ ਚਿੰਤਾ ਜਤਾਈ ਹੈ ਜਿਨ੍ਹਾਂ ਵਿੱਚ ਸ਼ੱਕੀ ਪਹਿਲਾਂ ਲੋਕਾਂ ਦਾ ਭਰੋਸਾ ਜਿੱਤਦੇ ਹਨ ਅਤੇ ਫਿਰ ਓਹਨਾਂ ਦੇ ਕੀਮਤੀ ਗਹਿਣੇ ਚੋਰੀ ਕਰ ਲੈਂਦੇ ਹਨ ।ਅਜਿਹੇ ਮਾਮਲਿਆਂ ਵਿੱਚ ਬਜ਼ੁਰਗ ਸਭ ਤੋਂ ਵੱਧ ਨਿਸ਼ਾਨਾ ਬਣੇ ਹਨ ।ਡਰਹਮ ਪੁਲਿਸ ਵਲੋ ਅਪਰਾਧੀਆਂ ਦੀਆਂ ਸਾਂਝੀਆਂ ਕੀਤੀਆਂ ਤਸਵੀਰਾਂ ਵਿੱਚ ਪੰਜਾਬੀ ਵੀ ਸ਼ਾਮਲ ਹਨ ।ਪ੍ਰੋਜੈਕਟ ਜੈਟਸੈਟ ਦੇ ਤਹਿਤ ਹੁਣ ਤੱਕ 46 ਲੋਕਾਂ ਨੂੰ ਗਿਰਫਤਾਰ ਕੀਤਾ ਜਾ ਚੁੱਕਾ ਹੈ ਅਤੇ 1,440 ਤੋਂ ਵੱਧ ਦੋਸ਼ ਲਗਾਏ ਗਏ ਹਨ।

ਇਸ ਦੇ ਬਾਵਜੂਦ 164 ਸ਼ੱਕੀ ਹਜੇ ਵੀ ਫਰਾਰ ਹਨ ਅਤੇ ਉਨ੍ਹਾਂ ਦੀ ਭਾਲ ਜਾਰੀ ਹੈ ।ਡਰਹਮ ਪੁਲਿਸ ਮੁਖੀ ਪੀਟਰ ਮੋਰੇਰਾ ਨੇ ਕਿਹਾ ਕਿ ਕ੍ਰਿਮਿਨਲ ਟੂਰਿਜ਼ਮ ਸਿਰਫ ਇੱਕ ਖੇਤਰ ਦੀ ਸਮੱਸਿਆ ਨਹੀ ਹੈ ਸਗੋਂ ਇਹ ਵਿਦੇਸ਼ ਭਰ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਐਜੰਸੀਆਂ ਲਈ ਚੁਣੌਤੀ ਬਣਦਾ ਜਾ ਰਿਹਾ ਹੈ । ਕ੍ਰਿਮਿਨਲ ਟੂਰਿਜ਼ਮ ਇੱਕ ਅੰਤਰਰਾਸ਼ਟਰੀ ਸਮੱਸਿਆ ਬਣਦੀ ਜਾ ਰਹੀ ਹੈ ਅਤੇ ਇਸ ਨਾਲ ਨਜਿੱਠਣ ਲਈ ਆਰਸੀਐਮਪੀ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਮਿਲਕੇ ਕੰਮ ਕੀਤਾ ਜਾ ਰਿਹਾ ਹੈ ।ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਤੁਰੰਤ ਅਧਿਕਾਰੀਆਂ ਤੱਕ ਪਹੁੰਚਾਈ ਜਾਵੇ, ਤਾਂ ਜੋ ਅਜਿਹੇ ਨੈਟਵਰਕਾਂ ਨੂੰ ਹੋਰ ਨੁਕਸਾਉਣ ਤੋਂ ਪਹਿਲਾ ਰੋਕਿਆ ਜਾ ਸਕੇ ।

# ਹਵਾਈ ਯਾਤਰੀਆਂ ਨੂੰ IATA ਦੀ ਸਖ਼ਤ ਸਲਾਹ

## 'ਬੈਗ ਨਹੀਂ, ਜਾਨ ਬਚਾਓ

ਗਲੋਬਲ ਏਅਰਲਾਈਨ ਸਮੂਹ IATA ਨੇ ਯਾਤਰੀਆਂ ਦੀ ਸੁਰੱਖਿਆ ਲਈ ਇੱਕ ਮਹੱਤਵਪੂਰਨ ਮੁਹਿੰਮ ਸ਼ੁਰੂ ਕੀਤੀ ਹੈ। ਇਸ ਮੁਹਿੰਮ ਦਾ ਉਦੇਸ਼ ਯਾਤਰੀਆਂ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ ਕਿ ਉਹ ਜਹਾਜ਼ ਤੋਂ ਉਤਰਦੇ ਸਮੇਂ ਆਪਣਾ ਹੈਂਡ ਬੈਗ ਆਪਣੇ ਨਾਲ ਨਾ ਲੈ ਜਾਣ। ਹਾਲ ਹੀ ਦੇ ਸਮੇਂ ਵਿੱਚ, ਅਜਿਹੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ ਜਿੱਥੇ ਯਾਤਰੀਆਂ ਨੇ ਆਪਣਾ ਸਮਾਨ ਲੈਣ ਜਾਂ ਨਿਕਾਸੀ ਦੌਰਾਨ ਫੋਟੋਆਂ ਖਿੱਚਣ ਲਈ ਰੁਕਣਾ ਸ਼ੁਰੂ ਕਰ ਦਿੱਤਾ ਹੈ। ਇਸ ਮੁਹਿੰਮ ਨੂੰ ਯੂਰਪੀਅਨ ਯੂਨੀਅਨ ਏਵੀਏਸ਼ਨ ਸੇਫਟੀ ਏਜੰਸੀ (EASA) ਅਤੇ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (FAA) ਵਰਗੇ ਰੈਗੂਲੇਟਰਾਂ ਦੁਆਰਾ ਸਮਰਥਨ ਪ੍ਰਾਪਤ ਹੈ। IATA ਦੇ ਅਨੁਸਾਰ, ਨਿਕਾਸੀ ਦੌਰਾਨ ਸਮਾਨ ਚੁੱਕਣ ਨਾਲ ਕਈ ਗੰਭੀਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ; ਇਹ ਕੈਬਿਨ ਦੇ ਅੰਦਰ ਗਤੀ ਨੂੰ ਹੌਲੀ ਕਰ ਦਿੰਦਾ ਹੈ ਅਤੇ ਗਲਿਆਰਿਆਂ ਨੂੰ ਰੋਕਦਾ ਹੈ। ਯਾਤਰੀਆਂ ਦੇ ਹੱਥ ਖਾਲੀ ਨਹੀਂ ਹਨ, ਜਿਸ ਕਾਰਨ ਦੂਜਿਆਂ ਨੂੰ ਸੱਟ ਲੱਗਣ ਦਾ ਖ਼ਤਰਾ ਵੱਧ ਜਾਂਦਾ ਹੈ। ਸਾਮਾਨ ਵੀ ਨਿਕਾਸੀ ਸਲਾਈਡ ਵਿੱਚ ਵਿਘਨ ਪਾ ਸਕਦਾ ਹੈ। ਇਹ ਐਮਰਜੈਂਸੀ ਐਗਜ਼ਿਟ ਰੂਟ ਦੀ ਰੋਸ਼ਨੀ ਵਿੱਚ ਵੀ ਰੁਕਾਵਟ ਪਾ ਸਕਦਾ ਹੈ। ਆਈਏਟੀਏ ਦੇ ਸੰਚਾਲਨ, ਸੁਰੱਖਿਆ ਦੇ ਸੀਨੀਅਰ ਉਪ ਪ੍ਰਧਾਨ ਨਿੱਕ ਕੈਰੀਨ ਨੇ ਇਸ ਮਾਮਲੇ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਮਾਨ ਇਕੱਠਾ ਕਰਨ ਵਿੱਚ ਕੁਝ ਵਾਧੂ ਸਕਿੰਟ ਵੀ ਬਿਤਾਉਣ ਨਾਲ ਜਾਨਾਂ ਨੂੰ ਖ਼ਤਰਾ ਹੋ ਸਕਦਾ ਹੈ। ਆਈਏਟੀਏ 370 ਤੋਂ ਵੱਧ ਏਅਰਲਾਈਨਾਂ ਦੀ ਨੁਮਾਇੰਦਗੀ ਕਰਦਾ ਹੈ, ਜੋ ਕਿ ਵਿਸ਼ਵਵਿਆਪੀ ਹਵਾਈ ਆਵਾਜਾਈ ਦਾ ਲਗਭਗ 85 ਪ੍ਰਤੀਸ਼ਤ ਹੈ।

**ਚੀਜ਼ਾਂ ਚੁੱਕਣਾ ਖ਼ਤਰਨਾਕ ਕਿਉਂ ਹੈ?**

ਜਹਾਜ਼ ਨੂੰ ਖਾਲੀ ਕਰਦੇ ਸਮੇਂ ਹੱਥ ਵਿੱਚ ਸਾਮਾਨ ਕੱਢਣ ਨਾਲ ਨਿਕਾਸੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ। ਇਹ ਐਮਰਜੈਂਸੀ ਨਿਕਾਸ ਦੇ ਰਸਤੇ ਰੋਕ ਸਕਦਾ ਹੈ। ਯਾਤਰੀਆਂ ਦੇ ਹੱਥ ਵਿਅਸਤ ਹੋ ਜਾਂਦੇ ਹਨ, ਜਿਸ ਨਾਲ ਉਹ ਆਪਣਾ ਜਾਂ ਦੂਜਿਆਂ ਦਾ ਸਮਰਥਨ ਨਹੀਂ ਕਰ ਸਕਦੇ। ਸਮਾਨ ਨਿਕਾਸੀ ਸਲਾਈਡ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia # M08006400 Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Gurpreet Singh
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
We specialize in Engine, Transmission, Differential Rebuilt & all kind of Electric work.
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਅਪਾਚੇ ਹੈਲੀਕਾਪਟਰ ਨੂੰ ਡੇਗੇ ਜਾਣ ਤੋਂ ਅਮਰੀਕਾ ਦੀ ਜਵਾਬੀ ਕਾਰਵਾਈ !

## ਇਰਾਨ 'ਤੇ ਕੀਤੇ ਤਾਬੜਤੋੜ ਹਮਲੇ



ਅਮਰੀਕਾ : ਪੱਛਮੀ ਏਸ਼ੀਆ ਵਿੱਚ ਤਣਾਅ ਇੱਕ ਵਾਰ ਫਿਰ ਖ਼ਤਰਨਾਕ ਪੱਧਰ 'ਤੇ ਪਹੁੰਚ ਗਿਆ ਹੈ। ਅਮਰੀਕਾ ਨੇ ਇਰਾਨ ਦੇ ਖ਼ਿਲਾਫ਼ ਹਮਲੇ ਸ਼ੁਰੂ ਕਰ ਦਿੱਤੇ ਹਨ। ਅਮਰੀਕੀ ਫੌਜ ਦੀ ਸੈਂਟਰਲ ਕਮਾਂਡ (CENTCOM) ਦੇ ਮੁਤਾਬਕ, ਹੋਰਮੁਜ਼ ਸਟ੍ਰੇਟ ਦੇ ਉੱਪਰ ਗਸ਼ਤ ਕਰ ਰਹੇ ਅਮਰੀਕੀ ਫੌਜ ਦੇ ਇੱਕ ਅਪਾਚੇ ਹੈਲੀਕਾਪਟਰ ਨੂੰ ਡੇਗੇ ਜਾਣ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ। ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਨੇ ਇਰਾਨ 'ਤੇ ਇੱਕ ਤੋਂ ਬਾਅਦ ਇੱਕ ਤਿੰਨ ਦੌਰ ਦੇ ਹਮਲੇ ਕੀਤੇ ਹਨ। ਅਮਰੀਕੀ ਸੈਂਟਰਲ ਕਮਾਂਡ ਦੇ ਮੁਤਾਬਕ, ਇਹ ਹਮਲਾ ਅਮਰੀਕੀ ਫੌਜ ਦੇ ਅਪਾਚੇ ਹੈਲੀਕਾਪਟਰ ਨੂੰ ਸੁੱਟੇ ਜਾਣ ਅਤੇ ਖੇਤਰ ਵਿੱਚ ਅਮਰੀਕੀ ਬਲਾਂ ਤੇ ਵਪਾਰਕ ਜਹਾਜ਼ਾਂ 'ਤੇ ਹੋਏ ਹਮਲਿਆਂ ਦੇ ਜਵਾਬ ਵਿੱਚ ਕੀਤਾ ਗਿਆ ਹੈ। ਸੈਂਟਕੌਮ ਅਨੁਸਾਰ, ਅਮਰੀਕੀ ਹਵਾਈ ਫੌਜ ਅਤੇ ਜਲ ਸੈਨਾ ਦੇ ਲੜਾਕੂ ਜਹਾਜ਼ਾਂ ਨੇ ਹੋਰਮੁਜ਼ ਸਟ੍ਰੇਟ ਦੇ ਨੇੜੇ ਇਰਾਨ ਦੇ ਏਅਰ ਡਿਫੈਂਸ ਸਿਸਟਮ, ਗਰਾਊਂਡ ਕੰਟਰੋਲ ਸਟੇਸ਼ਨ ਅਤੇ ਨਿਗਰਾਨੀ ਰਡਾਰ ਟਿਕਾਣਿਆਂ ਨੂੰ ਸਟੀਕ ਹਥਿਆਰਾਂ ਨਾਲ ਨਿਸ਼ਾਨਾ ਬਣਾਇਆ।

ਇਸ ਤੋਂ ਪਹਿਲਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਇਰਾਨ ਨੇ ਹੋਰਮੁਜ਼ ਸਟ੍ਰੇਟ ਵਿੱਚ ਗਸ਼ਤ ਕਰ ਰਹੇ ਅਮਰੀਕੀ ਫੌਜ ਦੇ ਇੱਕ ਅਤਿ-ਆਧੁਨਿਕ ਅਪਾਚੇ ਹੈਲੀਕਾਪਟਰ ਨੂੰ ਮਾਰ ਗਿਰਾਇਆ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਨੂੰ ਇਸ ਹਮਲੇ ਦਾ ਜਵਾਬ ਦੇਣਾ ਹੀ ਪਵੇਗਾ। ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਅਮਰੀਕੀ ਫੌਜ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਬੀਤੀ ਰਾਤ 'ਸਟ੍ਰੇਟ ਆਫ ਹੋਰਮੁਜ਼' ਦੇ ਉੱਪਰ ਨਿਯਮਤ ਗਸ਼ਤ ਦੌਰਾਨ ਇਰਾਨ ਨੇ ਅਮਰੀਕੀ ਅਪਾਚੇ ਹੈਲੀਕਾਪਟਰ ਨੂੰ ਨਿਸ਼ਾਨਾ ਬਣਾਇਆ। ਟਰੰਪ ਨੇ ਲਿਖਿਆ, 'ਇਰਾਨੀਆਂ ਨੇ ਸਾਡੇ ਅਤਿ-ਆਧੁਨਿਕ ਅਪਾਚੇ ਹੈਲੀਕਾਪਟਰਾਂ ਵਿੱਚੋਂ ਇੱਕ ਨੂੰ ਮਾਰ ਗਿਰਾਇਆ ਹੈ। ਹੈਲੀਕਾਪਟਰ ਵਿੱਚ ਸਵਾਰ ਦੋਵੇਂ ਪਾਇਲਟ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ। ਇਸ ਦੇ ਬਾਵਜੂਦ ਅਮਰੀਕਾ ਨੂੰ ਇਸ ਹਮਲੇ ਦਾ ਜਵਾਬ ਦੇਣਾ ਹੀ ਪਵੇਗਾ।' CENTCOM ਨੇ ਆਪਣੇ ਅਧਿਕਾਰਤ ਬਿਆਨ ਵਿੱਚ ਕਿਹਾ ਕਿ ਰਾਸ਼ਟਰਪਤੀ ਦੇ ਨਿਰਦੇਸ਼ਾਂ 'ਤੇ ਅਮਰੀਕੀ ਬਲਾਂ ਨੇ ਇਰਾਨ ਦੇ ਖ਼ਿਲਾਫ਼ ਆਤਮ-ਰੱਖਿਆਦੇ ਤਹਿਤ ਫੌਜੀ ਹਮਲੇ ਸ਼ੁਰੂ ਕੀਤੇ ਹਨ। ਅਮਰੀਕੀ ਫੌਜ ਨੇ ਇਸ ਨੂੰ 'ਇਰਾਨ ਦੀ ਬੇਲੋੜੀ ਹਮਲਾਵਰਤਾ ਦੇ ਖ਼ਿਲਾਫ਼ ਇੱਕ ਸੰਤੁਲਿਤ ਜਵਾਬ' ਦੱਸਿਆ ਹੈ।

# ਕਾਂਗੋ 'ਚ ਇਬੋਲਾ ਦੇ 550 ਮਾਮਲਿਆਂ 'ਚੋਂ 101 ਮਰੀਜ਼ਾਂ ਦੀ ਮੌਤ

## 19 ਮਰੀਜ਼ ਇਬੋਲਾ ਵਾਇਰਸ ਨੂੰ ਮਾਤ ਦੇ ਕੇ ਹੋਏ ਤੰਦਰੁਸਤ



ਬੂਨੀਆ : ਪੂਰਬੀ ਕਾਂਗੋ ਵਿੱਚ ਇਬੋਲਾ ਦੇ ਪ੍ਰਕੋਪ ਦਾ ਐਲਾਨ ਹੋਣ ਦੇ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਵਿੱਚ ਇਸ ਦੇ ਸੰਕਰਮਣ ਨਾਲ ਮਰਨ ਵਾਲਿਆਂ ਦੀ ਗਿਣਤੀ ਵਧ ਕੇ 100 ਤੋਂ ਜ਼ਿਆਦਾ ਹੋ ਗਈ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਹੁਣ ਤੱਕ ਇਬੋਲਾ ਵਾਇਰਸ ਦੇ ਸੰਕਰਮਣ ਦੇ ਕੁੱਲ 550 ਮਾਮਲਿਆਂ ਦੀ ਪੁਸ਼ਟੀ ਹੋਈ ਹੈ। ਇਨ੍ਹਾਂ ਵਿੱਚੋਂ 101 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 19 ਮਰੀਜ਼ਾਂ ਦੇ ਠੀਕ ਹੋਣ ਦੀ ਪੁਸ਼ਟੀ ਕੀਤੀ ਗਈ ਹੈ।

ਇਹ ਪ੍ਰਕੋਪ ਮੁੱਖ ਤੌਰ 'ਤੇ ਕਾਂਗੋ ਦੇ ਪੂਰਬੀ ਸੂਬੇ ਇਟੂਰੀ ਵਿੱਚ ਕੇਂਦਰਿਤ ਹੈ, ਜਿੱਥੇ ਕੁੱਲ ਮਾਮਲਿਆਂ ਦੇ 90 ਫੀਸਦੀ ਤੋਂ ਵੱਧ ਦਰਜ ਕੀਤੇ ਗਏ ਹਨ। ਕੁਝ ਮਾਮਲੇ ਨਾਰਥ ਕੀਵੂ ਅਤੇ ਸਾਊਥ ਕੀਵੂ ਸੂਬਿਆਂ ਵਿੱਚ ਵੀ ਸਾਹਮਣੇ ਆਏ ਹਨ ਅਤੇ ਇਹ ਸੰਕਰਮਣ ਸਰਹੱਦ ਪਾਰ ਕਰਕੇ ਯੂਗਾਂਡਾ ਤੱਕ ਫੈਲ ਚੁੱਕਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਸਲ ਮਾਮਲਿਆਂ ਦੀ ਗਿਣਤੀ ਇਸ ਤੋਂ ਵੱਧ ਹੋ ਸਕਦੀ ਹੈ, ਕਿਉਂਕਿ ਪ੍ਰਕੋਪ ਦੀ ਪਛਾਣ ਦੇਰੀ ਨਾਲ ਹੋਈ ਅਤੇ ਪ੍ਰਭਾਵਿਤ ਇਲਾਕਿਆਂ ਵਿੱਚ ਨਿਗਰਾਨੀ ਅਤੇ ਸਿਹਤ ਪ੍ਰਤੀਕਿਰਿਆ ਵਿੱਚ ਗੰਭੀਰ ਚੁਣੌਤੀਆਂ ਬਣੀਆਂ ਹੋਈਆਂ ਹਨ।

ਸਥਾਨਕ ਨਿਵਾਸੀਆਂ ਵੱਲੋਂ ਸਿਹਤ ਕਰਮਚਾਰੀਆਂ 'ਤੇ ਕੀਤੇ ਗਏ ਹਮਲਿਆਂ, ਭਾਈਚਾਰਿਆਂ ਵਿੱਚ ਫੈਲੇ ਸ਼ੱਕ ਅਤੇ ਹਥਿਆਰਬੰਦ ਸੰਘਰਸ਼ ਨੇ ਸੰਕਰਮਣ ਰੋਕੂ ਕੋਸ਼ਿਸ਼ਾਂ ਨੂੰ ਹੋਰ ਮੁਸ਼ਕਲ ਬਣਾ ਦਿੱਤਾ ਹੈ। ਅਧਿਕਾਰੀਆਂ ਅਨੁਸਾਰ ਇਹ ਨਵਾਂ ਪ੍ਰਕੋਪ ਦੁਰਲੱਭ 'ਬੁੰਦੀਬੁਗਯੋ ਵਾਇਰਸ ਸਟ੍ਰੇਨ' ਦੇ ਕਾਰਨ ਹੈ, ਜਿਸ ਦੇ ਲਈ ਅਜੇ ਤੱਕ ਕੋਈ ਪ੍ਰਵਾਨਿਤ ਟੀਕਾ ਜਾਂ ਇਲਾਜ ਉਪਲਬਧ ਨਹੀਂ ਹੈ। ਵਾਇਰਸ ਦਾ ਇਹ ਰੂਪ 'ਜ਼ੈਰੇ ਵਾਇਰਸ' ਤੋਂ ਵੱਖਰਾ ਹੈ, ਜੋ ਕਾਂਗੋ ਵਿੱਚ ਪਹਿਲਾਂ ਹੋਏ ਜ਼ਿਆਦਾਤਰ ਪ੍ਰਕੋਪਾਂ ਲਈ ਜ਼ਿੰਮੇਵਾਰ ਰਿਹਾ ਹੈ। ਸਿਹਤ ਅਧਿਕਾਰੀਆਂ ਨੇ ਕਿਹਾ ਕਿ ਜਾਂਚ ਸਮਰੱਥਾ ਵਧਣ ਅਤੇ ਪਹਿਲਾਂ ਤੋਂ ਇਕੱਠੇ ਕੀਤੇ ਨਮੂਨਿਆਂ ਦੀ ਜਾਂਚ ਸ਼ੁਰੂ ਹੋਣ ਕਾਰਨ ਮਾਮਲਿਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਦਰਜ ਕੀਤਾ ਗਿਆ ਹੈ।

ਵਿਸ਼ਵ ਸਿਹਤ ਸੰਗਠਨ (WHO) ਨੇ ਕਿਹਾ ਕਿ ਸੰਘਰਸ਼ ਦੇ ਕਾਰਨ ਰਾਹਤ ਕਾਰਜ ਪ੍ਰਭਾਵਿਤ ਹੋ ਰਹੇ ਹਨ, ਨਿਗਰਾਨੀ ਅਤੇ ਪ੍ਰਤੀਕਿਰਿਆ ਗਤੀਵਿਧੀਆਂ ਵਿੱਚ ਰੁਕਾਵਟ ਆ ਰਹੀ ਹੈ ਅਤੇ ਸੰਕਰਮਣ ਦੇ ਬੇਕਾਬੂ ਫੈਲਾਅ ਦਾ ਖ਼ਤਰਾ ਵੱਧ ਗਿਆ ਹੈ। ਡਬਲਯੂ.ਐਚ.ਓ. ਨੇ ਕਿਹਾ ਕਿ ਅਜਿਹੇ ਹਾਲਾਤ ਇਸ ਗੱਲ ਨੂੰ ਦਰਸਾਉਂਦੇ ਹਨ ਕਿ ਸਥਾਨਕ ਭਾਈਚਾਰਿਆਂ ਅਤੇ ਆਗੂਆਂ ਨਾਲ ਮਿਲ ਕੇ ਕੰਮ ਕਰਨਾ ਕਿੰਨਾ ਜ਼ਰੂਰੀ ਹੈ।

# ਹਵਾਈ ਸਫ਼ਰ ਹੋਵੇਗਾ ਮਹਿੰਗਾ !

## ਸਰਕਾਰ ਨੇ ਜੈੱਟ ਫਿਊਲ ਕੀਤਾ ਮਹਿੰਗਾ, ਰਾਹਤ ਲਈ ਵੀ ਦਿੱਤਾ ਇੱਕ ਵਿਕਲਪ

ਨਵੀਂ ਦਿੱਲੀ: ਕੇਂਦਰ ਸਰਕਾਰ ਵੱਲੋਂ ਲਿਆਂਦੀ ਗਈ ਨਵੀਂ ਪ੍ਰਾਈਸ ਸਟੇਬਲਾਈਜ਼ੇਸ਼ਨ ਸਕੀਮ ਤਹਿਤ ਹੁਣ ਘਰੇਲੂ ਏਅਰਲਾਈਨਾਂ ਨੂੰ ਏਵੀਏਸ਼ਨ ਟਰਬਾਈਨ ਫਿਊਲ (ATF) ਦੀ ਕੀਮਤ ਤਿੰਨ ਸਾਲ ਤੱਕ ਲਈ ਤੈਅ ਕਰਨ ਦਾ ਵਿਕਲਪ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਸਰਕਾਰੀ ਫਿਊਲ ਰਿਟੇਲਰਾਂ ਨੇ ਜੈੱਟ ਫਿਊਲ ਦੀਆਂ ਕੀਮਤਾਂ ਵਿੱਚ ਕਰੀਬ 10 ਫ਼ੀਸਦੀ ਵਾਧਾ ਵੀ ਕੀਤਾ ਹੈ।

**ਏਅਰਲਾਈਨਾਂ ਨੂੰ ਮਿਲੇਗਾ ਫਿਕਸ ਕੀਮਤ ਦਾ ਵਿਕਲਪ**

ਨਵੀਂ ਵਿਵਸਥਾ ਅਨੁਸਾਰ ਜਿਹੜੀਆਂ ਏਅਰਲਾਈਨਾਂ ਇਸ ਸਵੈਇੱਛੁਕ ਸਕੀਮ ਵਿੱਚ ਸ਼ਾਮਲ ਹੋਣਗੀਆਂ, ਉਨ੍ਹਾਂ ਨੂੰ ATF ਲਈ 115 ਰੁਪਏ ਪ੍ਰਤੀ ਲੀਟਰ ਦੀ ਤੈਅ ਕੀਮਤ ਅਦਾ ਕਰਨੀ ਪਵੇਗੀ। ਇਸ ਤੋਂ ਪਹਿਲਾਂ ਇਹ ਦਰ 104.927 ਰੁਪਏ ਪ੍ਰਤੀ ਲੀਟਰ ਸੀ। ਜੋ ਏਅਰਲਾਈਨਾਂ ਇਸ ਯੋਜਨਾ ਵਿੱਚ ਸ਼ਾਮਲ ਨਹੀਂ ਹੋਣਗੀਆਂ, ਉਹ ਮਾਰਕੀਟ ਨਾਲ ਜੁੜੀਆਂ ਕੀਮਤਾਂ 'ਤੇ ਹੀ ਫਿਊਲ ਖਰੀਦਦੀਆਂ ਰਹਿਣਗੀਆਂ। ਮੌਜੂਦਾ ਸਮੇਂ ਇਹ ਕੀਮਤ ਲਗਭਗ 142 ਰੁਪਏ ਪ੍ਰਤੀ ਲੀਟਰ ਦੱਸੀ ਜਾ ਰਹੀ ਹੈ, ਜੋ ਅੰਤਰਰਾਸ਼ਟਰੀ ਏਅਰਲਾਈਨਾਂ ਵੱਲੋਂ ਅਦਾ ਕੀਤੀ ਜਾਣ ਵਾਲੀ ਕੀਮਤ ਦੇ ਬਰਾਬਰ ਹੈ।

**ਕੀਮਤਾਂ ਦੇ ਉਤਾਰ-ਚੜ੍ਹਾਅ ਤੋਂ ਮਿਲੇਗੀ ਸੁਰੱਖਿਆ**

ਸੂਤਰਾਂ ਮੁਤਾਬਕ ਇਹ ਸਕੀਮ ਪੂਰੀ ਤਰ੍ਹਾਂ ਵਿਕਲਪਿਕ ਹੈ ਅਤੇ ਏਅਰਲਾਈਨਾਂ ਖੁਦ ਫ਼ੈਸਲਾ ਕਰਨਗੀਆਂ ਕਿ ਉਹ ਇਸ ਵਿੱਚ ਸ਼ਾਮਲ ਹੋਣਾ ਚਾਹੁੰਦੀਆਂ ਹਨ ਜਾਂ ਨਹੀਂ। ਇਸ ਯੋਜਨਾ ਦਾ ਹਿੱਸਾ ਬਣਨ ਵਾਲੀਆਂ ਏਅਰਲਾਈਨਾਂ ਨੂੰ ਲਾਕ-ਇਨ ਮਿਆਦ ਦੌਰਾਨ ਅੰਤਰਰਾਸ਼ਟਰੀ ਬੈਂਚਮਾਰਕ ਕੀਮਤਾਂ ਵਿੱਚ ਆਉਣ ਵਾਲੇ ਉਤਾਰ-ਚੜ੍ਹਾਅ ਦਾ ਅਸਰ ਨਹੀਂ ਝੱਲਣਾ ਪਵੇਗਾ।

ਦੂਜੇ ਪਾਸੇ, ਸਕੀਮ ਤੋਂ ਬਾਹਰ ਰਹਿਣ ਵਾਲੀਆਂ ਏਅਰਲਾਈਨਾਂ ਨੂੰ ਕੀਮਤਾਂ ਘਟਣ 'ਤੇ ਫਾਇਦਾ ਮਿਲ ਸਕਦਾ ਹੈ, ਪਰ ਕੀਮਤਾਂ ਵਧਣ ਦੀ ਸਥਿਤੀ ਵਿੱਚ ਵਾਧੂ ਬੋਝ ਵੀ ਉਨ੍ਹਾਂ ਨੂੰ ਹੀ ਝੱਲਣਾ ਪਵੇਗਾ।

**ਫਿਕਸ ਪ੍ਰਾਈਸਿੰਗ ਫਾਰਮੂਲਾ ਕੀ ਹੈ ?**

ਇਹ ਫਿਕਸ ਪ੍ਰਾਈਸਿੰਗ ਫਾਰਮੂਲਾ 86.32 ਰੁਪਏ ਪ੍ਰਤੀ ਲੀਟਰ ਦੇ 'ਫ੍ਰੀ-ਆਨ-ਬੋਰਡ' (FOB) ਬੈਂਚਮਾਰਕ 'ਤੇ ਆਧਾਰਿਤ ਹੈ। ਇਸ ਵਿੱਚ ਏਅਰਪੋਰਟ ਚਾਰਜ, ਤੇਲ ਕੰਪਨੀਆਂ ਦਾ ਮਾਰਜਿਨ ਅਤੇ ਲਾਗੂ ਟੈਕਸ ਵੀ ਸ਼ਾਮਲ ਹਨ।

# ਅਮਰੀਕਾ ਡਿਪੋਰਟ ਕਰ ਰਿਹਾ 19 ਪੰਜਾਬੀ ਨੌਜਵਾਨ

## * ਇੰਮੀਗ੍ਰੇਸ਼ਨ ਵਾਲਿਆਂ ਨੇ ਤਸਵੀਰਾਂ ਕੀਤੀਆਂ ਜਾਰੀ * 17 ਪ੍ਰਵਾਸੀਆਂ ਦੀ ਸਿਟੀਜ਼ਨਸ਼ਿਪ ਕੀਤੀ ਜਾ ਰਹੀ ਰੱਦ




ਨਿਊ ਯਾਰਕ : ਅਮਰੀਕਾ ਤੋਂ ਡਿਪੋਰਟ ਕੀਤੇ ਜਾ ਰਹੇ ਪੰਜਾਬੀ ਟਰੱਕ ਡਰਾਈਵਰਾਂ ਦੀਆਂ ਤਸਵੀਰਾਂ ਜਾਰੀ ਕਰਦਿਆਂ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਨੇ 17 ਯੂ.ਐਸ. ਸਿਟੀਜ਼ਨਜ਼ ਦੀ ਨਕੇਲ ਕਸ ਦਿਤੀ ਜਿਨ੍ਹਾਂ ਦੀ ਨਾਗਰਿਕਤਾ ਰੱਦ ਕੀਤੀ ਜਾ ਰਹੀ ਹੈ। ਜੀ ਹਾਂ, ਅਮਰੀਕਾ ਦੇ ਇਤਿਹਾਸ ਵਿਚ ਪਹਿਲੀ ਵਾਰ ਫ਼ਰੌਡ ਜਾਂ ਹੋਰ ਗੰਭੀਰ ਅਪਰਾਧਾਂ ਵਿਚ ਸ਼ਾਮਲ ਰਹੇ ਨਾਗਰਿਕਾਂ ਨੂੰ ਮੁਲਕ ਵਿਚੋਂ ਕੱਢਣ ਦੇ ਉਪਰਾਲੇ ਐਨੇ ਵੱਡੇ ਪੱਧਰ 'ਤੇ ਕੀਤੇ ਜਾ ਰਹੇ ਹਨ। 1990 ਤੋਂ 2017 ਦਰਮਿਆਨ ਨਿਆਂ ਵਿਭਾਗ ਨੇ ਸਿਰਫ਼ 11 ਅਮੈਰਿਕਨ ਨਾਗਰਿਕਾਂ ਵਿਰੁੱਧ ਕਾਰਵਾਈ ਦੀ ਗੁਜ਼ਾਰਿਸ਼ ਦਾਇਰ ਕੀਤੀ ਪਰ ਟਰੰਪ ਸਰਕਾਰ ਸੈਂਕੜਿਆਂ ਦੀ ਗਿਣਤੀ ਵਿਚ ਨਾਗਰਿਕਾਂ ਨੂੰ ਡਿਪੋਰਟ ਕਰਨ ਦਾ ਟੀਚਾ ਮਿੱਥ ਚੁੱਕੀ ਹੈ।

ਉਧਰ, ਪੰਜਾਬੀ ਟਰੱਕ ਡਰਾਈਵਰਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਬਾਰੇ ਵਿਸਤਾਰਤ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਅਤੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਦੀਆਂ ਤਸਵੀਰਾਂ ਜਾਰੀ ਕਰਦਿਆਂ ਦੱਸਿਆ ਗਿਆ ਹੈ ਕਿ ਵੱਡੀ ਗਿਣਤੀ ਵਿਚ ਨੌਜਵਾਨ ਇੰਮੀਗ੍ਰੇਸ਼ਨ ਵਾਲਿਆਂ ਦੀ ਹਿਰਾਸਤ ਵਿਚ ਪੁੱਜ ਚੁੱਕੇ ਹਨ। ਦੱਸ ਦੇਈਏ ਕਿ ਕਸਮਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵਾਲਿਆਂ ਨੇ ਪਿਛਲੇ ਮਹੀਨੇ ਐਰੀਜ਼ੋਨਾ ਸੂਬੇ ਦੇ ਯੂਮਾ ਸੈਕਟਰ ਵਿਚ 'ਅਪ੍ਰੇਸ਼ਨ ਚੈਕਮੇਟ' ਦੌਰਾਨ 36 ਜਣੇ ਟਰੱਕ ਡਰਾਈਵਰਾਂ ਨੂੰ ਕਾਬੂ ਕੀਤਾ ਜਿਨ੍ਹਾਂ ਵਿਚੋਂ 30 ਪੰਜਾਬੀ ਦੱਸ ਗਏ। ਕੈਲੇਫੋਰਨੀਆ, ਨਿਊ ਯਾਰਕ, ਵਾਸ਼ਿੰਗਟਨ ਅਤੇ ਵਰਜੀਨੀਆ ਰਾਜਾਂ ਤੋਂ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਹਾਸਲ ਕਰਨ ਵਾਲੇ ਇਨ੍ਹਾਂ ਡਰਾਈਵਰਾਂ ਕੋਲ ਭਾਵੇਂ ਕੰਮ ਕਰਨ ਦਾ ਅਧਿਕਾਰ ਮੌਜੂਦ ਹੈ ਪਰ ਬਾਇਡਨ ਸਰਕਾਰ ਵੇਲੇ ਜਾਰੀ ਇੰਮੀਗ੍ਰੇਸ਼ਨ ਦਸਤਾਵੇਜ਼ਾਂ ਨੂੰ ਟਰੰਪ ਸਰਕਾਰ ਸਿੱਧੇ ਤੌਰ 'ਤੇ ਰੱਦ ਕਰ ਰਹੀ ਹੈ। ਇਸੇ ਦੌਰਾਨ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਨੇ ਅਮਰੀਕਾ ਵਿਚ ਗੈਰਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਏ ਰੋਹਿਤ ਸਿੰਘ ਨੂੰ ਗ੍ਰਿਫ਼ਤਾਰ ਕਰਦਿਆਂ ਡਿਪੋਰਟ ਕਰਨ ਦਾ ਐਲਾਨ ਕੀਤਾ ਹੈ। ਰੋਹਿਤ ਸਿੰਘ ਵਿਰੁੱਧ ਟ੍ਰੈਫ਼ਿਕ ਨਿਯਮਾ ਦੀ ਲਗਾਤਾਰ ਉਲੰਘਣਾ ਕਰਨ, ਪੁਲਿਸ ਤੋਂ ਫ਼ਰਾਰ ਹੋਣ ਅਤੇ ਅਮਰੀਕਾ ਵਿਚ ਨਾਜਾਇਜ਼ ਤਰੀਕੇ ਨਾਲ ਦਾਖ਼ਲ ਹੋਣ ਦੇ ਦੋਸ਼ ਹਨ। ਡਿਪੋਰਟੇਸ਼ਨ ਪ੍ਰਕਿਰਿਆ ਮੁਕੰਮਲ ਹੋਣ ਤੱਕ ਰੋਹਿਤ ਸਿੰਘ ਨੂੰ ਡੈਲਨੀ ਹਾਲ ਇੰਮੀਗ੍ਰੇਸ਼ਨ ਹਿਰਾਸਤੀ ਕੇਂਦਰ ਵਿਚ ਰੱਖਿਆ ਗਿਆ ਹੈ। ਦੱਸ ਦੇਈਏ ਕਿ ਟਰੰਪ ਸਰਕਾਰ ਦੀ ਧੱਕੇਸ਼ਾਹੀ ਨੂੰ ਵੇਖਦਿਆਂ ਵੱਡੀ ਗਿਣਤੀ ਵਿਚ ਪ੍ਰਵਾਸੀਆਂ ਨੇ ਸਿਟੀਜ਼ਨਸ਼ਿਪ ਅਰਜ਼ੀਆਂ ਦਾਖ਼ਲ ਕਰਨ ਤੋਂ ਹੀ ਪਾਸਾ ਵੱਟ ਲਿਆ ਹੈ। ਟਰੰਪ ਸਰਕਾਰ ਵੱਲੋਂ 34 ਸਾਲ ਪੁਰਾਣਾ ਨਿਯਮ ਮੁੜ ਲਾਗੂ ਕਰ ਦਿਤਾ ਗਿਆ ਹੈ ਜਿਸ ਤਹਿਤ ਸਿਟੀਜ਼ਨਸ਼ਿਪ ਅਰਜ਼ੀਆਂ ਦੀ ਪ੍ਰੋਸੈਸਿੰਗ ਦੌਰਾਨ ਨਿਜੀ ਮਾਮਲਿਆਂ ਦੀ ਪੁਣ-ਛਾਣ ਆਰੰਭ ਦਿਤੀ ਗਈ ਹੈ ਜਿਸ ਦੇ ਸਿੱਟੇ ਵਜੋਂ ਸਿਟੀਜ਼ਨਸ਼ਿਪ ਅਰਜ਼ੀਆਂ ਦੀ ਗਿਣਤੀ 50 ਫ਼ੀ ਸਦੀ ਤੋਂ ਹੇਠਾਂ ਚੁੱਕੀ ਹੈ। ਦੂਜੇ ਪਾਸੇ, ਅਕਤੂਬਰ 2025 ਵਿਚ ਲਾਗੂ ਨਵਾਂ ਟੈਸਟ ਵੀ ਅਮਰੀਕਾ ਵਿਚ ਕਈ ਦਹਾਕਿਆਂ ਤੋਂ ਰਹਿ ਰਹੇ ਪ੍ਰਵਾਸੀਆਂ ਦੇ ਨਾਗਰਿਕ ਬਣਨ ਦੇ ਰਾਹ ਵਿਚ ਅੜਿੱਕਾ ਦੱਸਿਆ ਜਾ ਰਿਹਾ ਹੈ ਜਿਸ ਵਿਚ ਮੁਲਕ ਦੇ ਇਤਿਹਾਸ, ਸਰਕਾਰ ਅਤੇ ਸਿਆਸਤ ਬਾਰੇ ਬਹੁਤ ਕੁਝ ਪੁੱਛਿਆ ਜਾਂਦਾ ਹੈ।

ਅਮਰੀਕਾ ਦੀ ਨਾਗਰਿਕਤਾ ਹਾਸਲ ਕਰਨ ਲਈ ਬਿਨੈਕਾਰ ਨੂੰ ਪਹਿਲਾਂ ਹੀ ਕਈ ਸ਼ਰਤਾਂ ਦੀ ਪਾਲਣਾ ਕਰਨੀ ਪੈਂਦੀ ਹੈ ਜਿਨ੍ਹਾਂ ਮੁਤਾਬਕ ਗਰੀਨ ਕਾਰਡ ਹੋਲਡਰ ਨੇ ਘੱਟੋ ਘੱਟ ਪੰਜ ਸਾਲ ਅਮਰੀਕਾ ਵਿਚ ਗੁਜ਼ਾਰੇ ਹੋਣ ਅਤੇ ਇਨ੍ਹਾਂ ਵਿਚੋਂ ਢਾਈ ਸਾਲ ਦੀ ਲਗਾਤਾਰ ਮੌਜੂਦਗੀ ਲਾਜ਼ਮੀ ਹੈ। ਜਿਹੜੇ ਸੂਬੇ ਵਿਚ ਨਾਗਰਿਕਤਾ ਦੀ ਅਰਜ਼ੀ ਦਾਖਲ ਕੀਤੀ ਜਾ ਰਹੀ ਹੈ, ਉਥੇ ਤਿੰਨ ਮਹੀਨੇ ਪੁਰਾਣੀ ਰਿਹਾਇਸ਼ ਹੋਣੀ ਲਾਜ਼ਮੀ ਹੈ ਜਦਕਿ ਚੰਗਾ ਕਿਰਦਾਰ ਸਭ ਤੋਂ ਅਹਿਮ ਮੰਨਿਆ ਜਾਂਦਾ ਹੈ।

# USA ਦੇ ਮਿਊਜ਼ਿਕ ਫੈਸਟੀਵਲ 'ਚ ਅੰਨ੍ਹੇਵਾਹ ਫਾਇਰਿੰਗ

## 12 ਲੋਕਾਂ ਨੂੰ ਮਾਰੀ ਗੋਲੀ; ਇਜ਼ਰਾਈਲ ਵੀ ਸਬਮਸ਼ੀਨ ਗਨ ਦੇ ਹਮਲੇ ਨਾਲ ਦਹਿਲਿਆ !




ਵਾਸ਼ਿੰਗਟਨ/ਤੇਲ ਅਵੀਵ : ਅਮਰੀਕਾ ਅਤੇ ਇਜ਼ਰਾਈਲ ਵਰਗੇ ਸ਼ਕਤੀਸ਼ਾਲੀ ਦੇਸ਼ਾਂ ਵਿੱਚ ਗਨ ਕਲਚਰ (Gun Culture) ਅਤੇ ਅਚਾਨਕ ਹੋਣ ਵਾਲੀ ਹਿੰਸਾ ਨੇ ਦੁਨੀਆ ਭਰ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ, ਜਿੱਥੇ ਹਮਲਾਵਰਾਂ ਨੇ ਆਮ ਅਤੇ ਅਣਜਾਣ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਖ਼ੂਨੀ ਖੇਡ ਖੇਡੀ ਹੈ। ਪਹਿਲੀ ਸਨਸਨੀਖੇਜ਼ ਘਟਨਾ ਅਮਰੀਕਾ ਦੇ ਓਹੀਓ ਸੂਬੇ ਦੇ ਟੋਲੇਡੋ ਸ਼ਹਿਰ ਤੋਂ ਸਾਹਮਣੇ ਆਈ ਹੈ, ਜਿੱਥੇ ਸ਼ਨੀਵਾਰ ਦੀ ਸ਼ਾਮ ਇੱਕ ਬੇਹੱਦ ਮਕਬੂਲ ਸਾਲਾਨਾ ਸੰਗੀਤ ਸਮਾਰੋਹ ਯਾਨੀ ਓਲਡ ਵੈਸਟ ਐਂਡ ਫੈਸਟੀਵਲ (Old West End Festival) ਚੱਲ ਰਿਹਾ ਸੀ। ਲਾਈਵ ਮਿਊਜ਼ਿਕ ਦੇ ਦੌਰਾਨ ਸ਼ਾਮ ਲਗਭਗ 5:30 ਵਜੇ ਉੱਥੇ ਅਚਾਨਕ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ। ਟੋਲੇਡੋ ਦੇ ਡਿਪਟੀ ਪੁਲਿਸ ਚੀਫ਼ ਜੋਅ ਹੇਫਰਨਨ ਮੁਤਾਬਕ ਇਹ ਕੋਈ ਸਧਾਰਨ ਹਮਲਾ ਨਹੀਂ ਸੀ, ਬਲਕਿ ਉੱਥੇ ਘੱਟੋ-ਘੱਟ ਦੋ ਸ਼ੂਟਰਜ਼ (Shooters) ਮੌਜੂਦ ਸਨ ਜੋ ਸ਼ਾਇਦ ਇੱਕ-ਦੂਜੇ 'ਤੇ ਅੰਨ੍ਹੇਵਾਹ ਫਾਇਰਿੰਗ ਕਰ ਰਹੇ ਸਨ, ਜਿਸ ਦੀ ਲਪੇਟ ਵਿੱਚ ਉੱਥੇ ਮੌਜੂਦ ਬੇਗੁਨਾਹ ਲੋਕ ਆ ਗਏ। ਇਸ ਅਚਾਨਕ ਹੋਈ ਗੋਲੀਬਾਰੀ ਕਾਰਨ ਫੈਸਟੀਵਲ ਵਿੱਚ ਸ਼ਾਮਲ ਸੈਂਕੜੇ ਲੋਕਾਂ ਅੰਦਰ ਹੜਕੰਪ ਮੱਚ ਗਿਆ ਅਤੇ ਹਫੜਾ-ਦਫੜੀ ਦੇ ਮਾਹੌਲ ਵਿੱਚ ਲੋਕ ਆਪਣੀ ਜਾਨ ਬਚਾਉਣ ਲਈ ਇਧਰ-ਉਧਰ ਲੁਕਣ ਲਈ ਭੱਜੇ। ਪੁਲਿਸ ਨੇ ਐਕਸ (X) ਪਲੇਟਫਾਰਮ 'ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਸ਼ੂਟਆਊਟ (Shootout) ਵਿੱਚ 14 ਤੋਂ 61 ਸਾਲ ਦੀ ਉਮਰ ਦੇ ਘੱਟੋ-ਘੱਟ 12 ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੌਜਵਾਨ ਹਨ। ਜ਼ਖਮੀਆਂ ਨੂੰ ਤੁਰੰਤ ਨਜ਼ਦੀਕੀ ਮੈਡੀਕਲ ਸੈਂਟਰਾਂ (Medical Centers) ਵਿੱਚ ਭਰਤੀ ਕਰਵਾਇਆ ਗਿਆ ਹੈ, ਜਿੱਥੇ ਦੋ ਲੋਕਾਂ ਦੀ ਹਾਲਤ ਬੇਹੱਦ ਕ੍ਰਿਟੀਕਲ (Critical) ਯਾਨੀ ਗੰਭੀਰ ਬਣੀ ਹੋਈ ਹੈ। ਓਹੀਓ ਦੇ ਗਵਰਨਰ ਮਾਈਕ ਡਿਵਾਈਨ ਨੇ ਵੀ ਇਸ ਭਿਆਨਕ ਘਟਨਾ 'ਤੇ ਡੂੰਘੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ, ਜਦਕਿ ਪੁਲਿਸ ਦੀਆਂ ਸਪੈਸ਼ਲ ਟੀਮਾਂ ਫਰਾਰ ਹੋਏ ਸ਼ੱਕੀ ਹਮਲਾਵਰਾਂ ਦੀ ਤਲਾਸ਼ ਵਿੱਚ ਲਗਾਤਾਰ ਛਾਪੇਮਾਰੀ ਕਰ ਰਹੀਆਂ ਹਨ।

ਇਜ਼ਰਾਈਲੀ ਸੁਰੱਖਿਆ ਏਜੰਸੀਆਂ ਮੁਤਾਬਕ ਹਮਲਾ ਕਰਨ ਵਾਲੇ ਦੋਵੇਂ ਨੌਜਵਾਨ ਤਾਇਬੇ ਇਲਾਕੇ ਦੇ ਅਰਬ ਇਜ਼ਰਾਈਲੀ ਨਿਵਾਸੀ ਹਨ। ਇਸ ਹਮਲੇ ਤੋਂ ਬਾਅਦ ਪੂਰੇ ਇਜ਼ਰਾਈਲ ਵਿੱਚ ਹਾਈ ਅਲਰਟ (High Alert) ਜਾਰੀ ਕਰ ਦਿੱਤਾ ਗਿਆ ਹੈ ਅਤੇ ਇਜ਼ਰਾਈਲੀ ਫੌਜ ਦੇ ਚੀਫ਼ ਆਫ਼ ਜਨਰਲ ਸਟਾਫ਼ ਮੇਜਰ ਜਨਰਲ ਇਯਾਲ ਜ਼ਮੀਰ ਨੇ ਗਾਜ਼ਾ ਪੱਟੀ ਦੇ ਦੌਰੇ ਦੌਰਾਨ ਹੀ ਸੈਂਟਰਲ ਅਤੇ ਸਦਰਨ ਕਮਾਂਡ ਦੇ ਚੀਫਸ ਨਾਲ ਟੈਲੀਫੋਨ 'ਤੇ ਇੱਕ ਹਾਈ-ਲੈਵਲ ਮੀਟਿੰਗ ਕਰਕੇ ਸੁਰੱਖਿਆ ਸਥਿਤੀ ਦਾ ਜਾਇਜ਼ਾ ਲਿਆ। ਮੈਗੇਨ ਡੇਵਿਡ ਐਡੋਮ (MDA) ਦੀਆਂ ਐਂਬੂਲੈਂਸਾਂ ਨੇ ਸਾਰੇ ਜ਼ਖਮੀਆਂ ਨੂੰ ਮੀਰ ਅਤੇ ਬੇਲਿਨਸਨ ਹਸਪਤਾਲਾਂ ਵਿੱਚ ਸ਼ਿਫਟ ਕੀਤਾ ਹੈ, ਜਿੱਥੇ ਦੋ ਜ਼ਖਮੀਆਂ ਦੀ ਹਾਲਤ ਅਜੇ ਵੀ ਚਿੰਤਾਜਨਕ ਦੱਸੀ ਜਾ ਰਹੀ ਹੈ। ਦੋਵਾਂ ਦੇਸ਼ਾਂ ਵਿੱਚ ਵਾਪਰੀਆਂ ਇਨ੍ਹਾਂ ਤਾਜ਼ਾ ਘਟਨਾਵਾਂ ਨੇ ਜਨਤਕ ਥਾਵਾਂ ਯਾਨੀ ਪਬਲਿਕ ਪਲੇਸਿਜ਼ (Public Places) ਦੀ ਸੁਰੱਖਿਆ ਨੂੰ ਲੈ ਕੇ ਇੱਕ ਵਾਰ ਫਿਰ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।






# ਕੈਨੇਡਾ 'ਚ ਬੱਚਿਆਂ ਦੀ ਸੁਰੱਖਿਆ ਲਈ 'Safe Social Media Act' ਸੰਸਦ 'ਚ ਪੇਸ਼

ਕੈਨੇਡਾ ਸਰਕਾਰ ਨੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਨਲਾਈਨ ਖ਼ਤਰਿਆਂ ਤੋਂ ਬਚਾਉਣ ਲਈ ਨਵਾਂ ਕਾਨੂੰਨ ਪੇਸ਼ ਕੀਤਾ ਹੈ। 'ਸੇਫ਼ ਸੋਸ਼ਲ ਮੀਡੀਆ ਐਕਟ' (ਬਿੱਲ ਸੀ-34) ਤਹਿਤ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਖਾਤੇ ਬਣਾਉਣ 'ਤੇ ਪਾਬੰਦੀ ਲਗਾਉਣ ਦੀ ਤਜਵੀਜ਼ ਰੱਖੀ ਗਈ ਹੈ। ਇਸ ਦੇ ਨਾਲ ਹੀ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਅਤੇ ਏਆਈ ਆਧਾਰਿਤ ਚੈਟਬੋਟ ਸੇਵਾਵਾਂ ਨੂੰ ਉਪਭੋਗਤਾਵਾਂ, ਖ਼ਾਸ ਕਰਕੇ ਬੱਚਿਆਂ ਦੀ ਸੁਰੱਖਿਆ ਲਈ ਵਧੇਰੇ ਜਵਾਬਦੇਹ ਬਣਾਇਆ ਜਾਵੇਗਾ। ਕੈਨੇਡੀਅਨ ਮੰਤਰੀ ਮਾਰਕ ਮਿੱਲਰ ਵੱਲੋਂ ਸੰਸਦ ਵਿੱਚ ਪੇਸ਼ ਕੀਤੇ ਗਏ ਇਸ ਬਿੱਲ ਦਾ ਉਦੇਸ਼ ਸਾਈਬਰ ਬੁਲਿੰਗ, ਬੱਚਿਆਂ ਦੇ ਜਿਨਸੀ ਸ਼ੋਸ਼ਣ, ਖ਼ੁਦਕੁਸ਼ੀ ਨੂੰ ਉਤਸ਼ਾਹਿਤ ਕਰਨ ਵਾਲੀ ਸਮਗਰੀ ਅਤੇ ਹੋਰ ਹਾਨੀਕਾਰਕ ਡਿਜੀਟਲ ਪ੍ਰਭਾਵਾਂ ਤੋਂ ਬੱਚਿਆਂ ਦੀ ਰੱਖਿਆ ਕਰਨਾ ਹੈ। ਸਰਕਾਰ ਦਾ ਕਹਿਣਾ ਹੈ ਕਿ ਡਿਜੀਟਲ ਤਕਨਾਲੋਜੀ ਦੀ ਵਧਦੀ ਵਰਤੋਂ ਦੇ ਮੱਦੇਨਜ਼ਰ ਬੱਚਿਆਂ ਲਈ ਸੁਰੱਖਿਅਤ ਆਨਲਾਈਨ ਮਾਹੌਲ ਯਕੀਨੀ ਬਣਾਉਣਾ ਸਮੇਂ ਦੀ ਲੋੜ ਹੈ।

ਕੰਪਨੀਆਂ ਲਈ ਨਵੇਂ ਨਿਯਮ ਅਤੇ ਸਰਵੇਖਣ ਦੇ ਅੰਕੜੇਪ੍ਰਸਤਾਵਿਤ ਕਾਨੂੰਨ ਅਨੁਸਾਰ ਸੋਸ਼ਲ ਮੀਡੀਆ ਕੰਪਨੀਆਂ ਨੂੰ ਆਪਣੇ ਪਲੇਟਫ਼ਾਰਮਾਂ ਦੀ ਡਿਜ਼ਾਈਨ ਅਤੇ ਸੰਚਾਲਨ ਦੌਰਾਨ ਬੱਚਿਆਂ ਦੀ ਸੁਰੱਖਿਆ ਨੂੰ ਪਹਿਲ ਦੇਣੀ ਪਵੇਗੀ। ਉਨ੍ਹਾਂ ਨੂੰ ਸੰਭਾਵਿਤ ਖ਼ਤਰਿਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਘਟਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣੇ ਹੋਣਗੇ। ਹਾਲਾਂਕਿ, ਜਿਹੜੀਆਂ ਸੇਵਾਵਾਂ ਬੱਚਿਆਂ ਦੀ ਸੁਰੱਖਿਆ ਲਈ ਲੋੜੀਂਦੇ ਮਾਪਦੰਡ ਪੂਰੇ ਕਰਨਗੀਆਂ, ਉਨ੍ਹਾਂ ਨੂੰ ਨਿਯਮਕ ਸੰਸਥਾ ਵੱਲੋਂ ਛੋਟ ਦਿੱਤੀ ਜਾ ਸਕੇਗੀ।

ਬਿੱਲ ਤਹਿਤ ਇੱਕ ਨਵਾਂ 'ਡਿਜੀਟਲ ਸੇਫ਼ਟੀ ਐਕਟ' ਵੀ ਲਾਗੂ ਕਰਨ ਦੀ ਤਜਵੀਜ਼ ਹੈ। ਇਸ ਅਧੀਨ ਸੋਸ਼ਲ ਮੀਡੀਆ ਅਤੇ ਏਆਈ ਚੈਟਬੋਟ ਸੇਵਾਵਾਂ ਨੂੰ ਆਪਣੇ ਪਲੇਟਫ਼ਾਰਮਾਂ ਨਾਲ ਜੁੜੇ ਜੋਖ਼ਮ ਦਾ ਮੁਲਾਂਕਣ ਕਰਨਾ, ਹਾਨੀਕਾਰਕ ਸਮਗਰੀ ਦੀ ਪਛਾਣ ਅਤੇ ਰੋਕਥਾਮ ਲਈ ਯੋਜਨਾਵਾਂ ਬਣਾਉਣੀਆਂ ਅਤੇ ਏਆਈ ਰਾਹੀਂ ਤਿਆਰ ਕੀਤੀ ਸਮਗਰੀ ਨੂੰ ਸਪਸ਼ਟ ਤੌਰ 'ਤੇ ਲੇਬਲ ਕਰਨਾ ਲਾਜ਼ਮੀ ਹੋਵੇਗਾ।

ਐਂਗਸ ਰੀਡ ਦੇ ਮਾਰਚ ਦੇ ਇੱਕ ਸਰਵੇਖਣ ਵਿੱਚ ਪਾਇਆ ਗਿਆ ਕਿ ਤਿੰਨ ਚੌਥਾਈ ਕੈਨੇਡੀਅਨ ਨੌਜਵਾਨਾਂ ਦੇ ਸੋਸ਼ਲ ਮੀਡੀਆ ਪਾਬੰਦੀ ਦਾ ਸਮਰਥਨ ਕਰਦੇ ਹਨ, ਅਤੇ ਸਸਕੈਚਵਨ, ਮੈਨੀਟੋਬਾ ਅਤੇ ਨਿਊ ਬਰੰਜ਼ਵਿਕ ਸਮੇਤ ਪ੍ਰਾਂਤਾਂ ਦੇ ਪ੍ਰੀਮੀਅਰ ਪਹਿਲਾਂ ਇਸ ਕਿਸਮ ਦੇ ਕਾਨੂੰਨ ਦੇ ਹੱਕ ਵਿੱਚ ਬੋਲ ਚੁੱਕੇ ਹਨ। ਪ੍ਰਮੁੱਖ ਕੈਨੇਡੀਅਨ ਖੋਜਕਾਰਾਂ ਨੇ ਪਾਇਆ ਹੈ ਕਿ ਸੋਸ਼ਲ ਮੀਡੀਆ ਨੌਜਵਾਨਾਂ ਦੀ ਮਾਨਸਿਕ ਸਿਹਤ 'ਤੇ ਨਕਾਰਾਤਮਿਕ ਪ੍ਰਭਾਵ ਪਾਉਂਦਾ ਹੈ, ਨਸ਼ਾ ਕਰਨ ਵਾਲੇ ਵਿਵਹਾਰਾਂ ਦਾ ਕਾਰਨ ਬਣ ਸਕਦਾ ਹੈ ਅਤੇ ਜਬਰਨ ਵਸੂਲੀ ਅਤੇ ਸਾਈਬਰ ਧੱਕੇਸ਼ਾਹੀ ਵਰਗੇ ਹੋਰ ਮੁੱਦਿਆਂ ਦਾ ਕਾਰਨ ਬਣ ਸਕਦਾ ਹੈ।

ਹਾਨੀਕਾਰਕ ਸਮਗਰੀ ਦੀ ਰੋਕਥਾਮ ਅਤੇ ਸ਼ਿਕਾਇਤ ਪ੍ਰਣਾਲੀਕਾਨੂੰਨ ਵਿੱਚ ਹਾਨੀਕਾਰਕ ਸਮਗਰੀ ਦੀਆਂ ਕਈ ਸ਼੍ਰੇਣੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਜਿਨ੍ਹਾਂ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਸਬੰਧਿਤ ਸਮਗਰੀ, ਖ਼ੁਦਕੁਸ਼ੀ ਜਾਂ ਖ਼ੁਦਕੁਸ਼ੀ ਨੂੰ ਉਤਸ਼ਾਹਿਤ ਕਰਨ ਵਾਲੀ ਸਮਗਰੀ, ਸਾਈਬਰ ਬੁਲਿੰਗ, ਨਫ਼ਰਤ ਫੈਲਾਉਣ ਵਾਲੀ ਸਮਗਰੀ, ਹਿੰਸਾ ਲਈ ਉਕਸਾਉਣ ਵਾਲੀ ਸਮਗਰੀ ਅਤੇ ਬਿਨਾਂ ਸਹਿਮਤੀ ਸਾਂਝੀ ਕੀਤੀ ਗਈ ਨਿੱਜੀ ਜਾਂ ਅੰਤਰੰਗ ਸਮਗਰੀ ਸ਼ਾਮਲ ਹੈ।

ਪ੍ਰਸਤਾਵਿਤ ਕਾਨੂੰਨ ਅਨੁਸਾਰ ਉਪਭੋਗਤਾਵਾਂ ਲਈ ਸ਼ਿਕਾਇਤ ਦਰਜ ਕਰਨ, ਹਾਨੀਕਾਰਕ ਸਮਗਰੀ ਦੀ ਰਿਪੋਰਟ ਕਰਨ ਅਤੇ ਹੋਰ ਯੂਜ਼ਰਾਂ ਨੂੰ ਬਲਾਕ ਕਰਨ ਵਰਗੀਆਂ ਸੁਵਿਧਾਵਾਂ ਵੀ ਲਾਜ਼ਮੀ ਬਣਾਈਆਂ ਜਾਣਗੀਆਂ। ਇਸ ਤੋਂ ਇਲਾਵਾ, ਕੰਪਨੀਆਂ ਨੂੰ 'ਡਿਜੀਟਲ ਸੇਫ਼ਟੀ ਪਲਾਨ' ਜਾਰੀ ਕਰਨਾ ਪਵੇਗਾ, ਜਿਸ ਵਿੱਚ ਜੋਖ਼ਮ ਦੀ ਪਛਾਣ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਅਪਣਾਏ ਗਏ ਉਪਾਵਾਂ ਦਾ ਵੇਰਵਾ ਦਿੱਤਾ ਜਾਵੇਗਾ।










# ਕੈਨੇਡਾ 'ਚ ਜ਼ਿੰਦਗੀ ਲਈ ਜੂਝ ਰਿਹਾ 25 ਸਾਲਾ ਪੰਜਾਬੀ ਨੌਜਵਾਨ

## ਦੋਸਤਾਂ ਨੇ ਮਦਦ ਲਈ ਹੱਥ ਜੋੜ ਕੀਤੀ ਅਪੀਲ



ਬਰੈਂਪਟਨ: ਕੈਨੇਡਾ ਦੇ ਬਰੈਂਪਟਨ ਵਿੱਚ ਰਹਿੰਦੇ 25 ਸਾਲਾ ਪੰਜਾਬੀ ਨੌਜਵਾਨ ਸਹਿਜਪ੍ਰੀਤ ਸਿੰਘ ਇਸ ਸਮੇਂ ਹਸਪਤਾਲ ਵਿੱਚ ਜ਼ਿੰਦਗੀ ਲਈ ਸੰਘਰਸ਼ ਕਰ ਰਿਹਾ ਹੈ। ਉਸ ਦੀ ਗੰਭੀਰ ਸਿਹਤ ਸਥਿਤੀ ਨੂੰ ਦੇਖਦੇ ਹੋਏ ਉਸ ਦੇ ਦੋਸਤਾਂ ਅਤੇ ਨਜ਼ਦੀਕੀਆਂ ਵੱਲੋਂ GoFundMe ਰਾਹੀਂ ਮਦਦ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਸਹਿਜਪ੍ਰੀਤ ਸਿੰਘ ਗੰਭੀਰ ਪੀਲੀਆ ਅਤੇ ਲਿਵਰ ਦੀ ਬਿਮਾਰੀ ਨਾਲ ਪੀੜਤ ਹੈ। ਡਾਕਟਰਾਂ ਨੇ ਦੱਸਿਆ ਹੈ ਕਿ ਉਸ ਦੀ ਹਾਲਤ ਬਹੁਤ ਨਾਜ਼ੁਕ ਹੈ ਅਤੇ ਉਸ ਨੂੰ ਤੁਰੰਤ ਲਿਵਰ ਟ੍ਰਾਂਸਪਲਾਂਟ ਦੀ ਲੋੜ ਹੈ। ਇਸ ਦੇ ਨਾਲ ਹੀ ਉਸ ਨੂੰ ਸਾਹ ਲੈਣ ਵਿੱਚ ਵੀ ਕਾਫ਼ੀ ਮੁਸ਼ਕਲ ਆ ਰਹੀ ਹੈ ਅਤੇ ਉਹ ਲਗਾਤਾਰ ਡਾਕਟਰੀ ਨਿਗਰਾਨੀ ਹੇਠ ਹੈ।

ਇਸ ਅਚਾਨਕ ਆਈ ਮੈਡੀਕਲ ਐਮਰਜੈਂਸੀ ਨੇ ਸਹਿਜਪ੍ਰੀਤ ਅਤੇ ਉਸ ਦੇ ਪਰਿਵਾਰ ਨੂੰ ਵੱਡੀ ਮੁਸ਼ਕਲ ਵਿੱਚ ਪਾ ਦਿੱਤਾ ਹੈ। ਇਲਾਜ, ਦਵਾਈਆਂ, ਟ੍ਰਾਂਸਪਲਾਂਟ ਅਤੇ ਹੋਰ ਜ਼ਰੂਰੀ ਖਰਚਿਆਂ ਨੂੰ ਪੂਰਾ ਕਰਨ ਲਈ ਉਸ ਦੇ ਦੋਸਤਾਂ ਵੱਲੋਂ GoFundMe ਪੇਜ ਦੀ ਸ਼ੁਰੂਆਤ ਕੀਤੀ ਹੈ। ਇਸ 'ਤੇ 50 ਹਜ਼ਾਰ ਡਾਲਰ ਇਕੱਠੇ ਕਰਨ ਦਾ ਟੀਚਾ ਰੱਖਿਆ ਗਿਆ ਹੈ। ਮੁਹਿੰਮ ਨਾਲ ਜੁੜੇ ਲੋਕਾਂ ਨੇ ਕਿਹਾ ਹੈ ਕਿ ਤੁਹਾਡਾ ਹਰ ਛੋਟਾ ਜਾਂ ਵੱਡਾ ਯੋਗਦਾਨ ਸਹਿਜਪ੍ਰੀਤ ਦੇ ਇਲਾਜ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਜੇਕਰ ਕੋਈ ਆਰਥਿਕ ਸਹਾਇਤਾ ਨਹੀਂ ਕਰ ਸਕਦਾ ਤਾਂ ਇਸ ਮੁਹਿੰਮ ਨੂੰ ਵੱਧ ਤੋਂ ਵੱਧ ਸਾਂਝਾ ਕਰੇ ਤਾਂ ਜੋ ਲੋੜੀਂਦੀ ਮਦਦ ਇਕੱਠੀ ਕੀਤੀ ਜਾ ਸਕੇ। ਫਿਲਹਾਲ ਸਹਿਜਪ੍ਰੀਤ ਸਿੰਘ ਮਿਸੀਸਾਗਾ ਦੇ ਹਸਪਤਾਲ 2200 Eglinton Ave W, Mississauga, ON L5M 2N1 ਵਿੱਚ ਇਲਾਜ ਅਧੀਨ ਹੈ ਅਤੇ ਉਸ ਦੇ ਦੋਸਤਾਂ ਨੂੰ ਉਮੀਦ ਹੈ ਕਿ ਭਾਈਚਾਰੇ ਦੇ ਸਹਿਯੋਗ ਅਤੇ ਅਰਦਾਸਾਂ ਨਾਲ ਉਸ ਨੂੰ ਇਹ ਮੁਸ਼ਕਲ ਸਮਾਂ ਪਾਰ ਕਰਨ ਵਿੱਚ ਮਦਦ ਮਿਲੇਗੀ।

# ਲਾਪਤਾ ਕੁੜੀਆਂ ਦੇ ਮਾਮਲੇ ਵਿੱਚ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਲੁਧਿਆਣਾ ਪੁਲਿਸ ਦੀ ਰਿਪੋਰਟ ਤੋਂ ਨਾਖੁਸ਼



ਲੁਧਿਆਣਾ: ਲੁਧਿਆਣਾ ਤੋਂ ਇੱਕ ਮਹੀਨੇ ਵਿਚ ਲਗਭਗ ਇੱਕ ਦਰਜਨ ਕੁੜੀਆਂ ਦੇ ਅਚਾਨਕ ਲਾਪਤਾ ਹੋਣ ਦਾ ਮਾਮਲਾ ਲਗਾਤਾਰ ਗਰਮਾਉਂਦਾ ਰਿਹਾ ਹੈ। ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਨੋਟਿਸ ਉੱਤੇ ਲੁਧਿਆਣਾ ਪੁਲਿਸ ਵਲੋਂ ਭੇਜੀ ਗਈ ਰਿਪੋਰਟ ਤੋਂ ਕਮਿਸ਼ਨ ਦੀ ਚੇਅਰਪਰਸਨ ਰਾਜਲਾਲੀ ਗਿੱਲ ਅਸੰਤੁਸ਼ਟ ਹੈ। ਪੁਲਿਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲਾਪਤਾ ਕੁੜੀਆਂ ਆਪਣੇ ਆਪ ਘਰ ਛੱਡ ਗਈਆਂ ਸਨ। ਰਿਪੋਰਟ ਅਨੁਸਾਰ, ਚਾਰ ਕੁੜੀਆਂ ਨੂੰ ਉਨ੍ਹਾਂ ਦੇ ਮਾਪਿਆਂ ਨੂੰ ਸੌਂਪ ਦਿਤਾ ਗਿਆ ਹੈ, ਜਦੋਂ ਕਿ ਤਿੰਨ ਦਾ ਪਤਾ ਲਗਾ ਲਿਆ ਗਿਆ ਹੈ। ਬਾਕੀ ਮਾਮਲਿਆਂ ਵਿਚ, ਜ਼ਿਆਦਾਤਰ ਕੁੜੀਆਂ ਦੂਜੇ ਰਾਜਾਂ ਦੀਆਂ ਦੱਸੀਆਂ ਜਾ ਰਹੀਆਂ ਹਨ। ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੇ ਇਸ ਰਿਪੋਰਟ 'ਤੇ ਅਸੰਤੁਸ਼ਟੀ ਪ੍ਰਗਟ ਕੀਤੀ। ਉਨ੍ਹਾਂ ਨੇ ਪੁਲਿਸ ਅਧਿਕਾਰੀਆਂ ਨੂੰ ਸਖ਼ਤ ਚੇਤਾਵਨੀ ਦਿਤੀ ਕਿ ਇਹ ਨਾਬਾਲਗ ਕੁੜੀਆਂ ਦੀ ਸੁਰੱਖਿਆ ਨਾਲ ਜੁੜਿਆ ਗੰਭੀਰ ਤੇ ਸੰਵੇਦਨਸ਼ੀਲ ਮਾਮਲਾ ਹੈ। ਉਨ੍ਹਾਂ ਨੂੰ ਇਸ ਨੂੰ ਇਕ ਆਮ ਘਟਨਾ ਵਾਂਗ ਹਲਕੇ ਵਿਚ ਲੈਣ ਦੀ ਗ਼ਲਤੀ ਨਹੀਂ ਕਰਨੀ ਚਾਹੀਦੀ। ਚੇਅਰਪਰਸਨ ਨੇ ਕਿਹਾ ਕਿ ਪੁਲਿਸ ਵਲੋਂ ਪੇਸ਼ ਕੀਤੀ ਗਈ ਰਿਪੋਰਟ ਵਿਚ ਕਈ ਮਹੱਤਵਪੂਰਨ ਵੇਰਵੇ ਗ਼ਾਇਬ ਹਨ। ਰਿਪੋਰਟ ਮਾਮਲਿਆਂ ਦੀ ਮੌਜੂਦਾ ਸਥਿਤੀ ਦੀ ਸਪਸ਼ਟ ਤਸਵੀਰ ਪ੍ਰਦਾਨ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਕਮਿਸ਼ਨ ਹਰੇਕ ਪ੍ਰਭਾਵਿਤ ਪਰਿਵਾਰ ਲਈ ਨਿਆਂ ਯਕੀਨੀ ਬਣਾਉਣ ਅਤੇ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਮਾਮਲੇ ਇਕ ਨਿਆਂਪੂਰਨ ਸਿੱਟੇ 'ਤੇ ਪਹੁੰਚਣ। ਲੁਧਿਆਣਾ ਪੁਲਿਸ ਵਲੋਂ ਜਾਰੀ ਇੱਕ ਵੀਡੀਓ ਵਿਚ, ਏਡੀਸੀਪੀ ਆਰ.ਐਸ. ਭੁੱਲਰ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਮਾਮਲੇ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ, ਜਿਸ ਕਾਰਨ ਲੋਕਾਂ ਵਿਚ ਭੰਬਲਭੂਸਾ ਪੈਦਾ ਹੋ ਗਿਆ। ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਵੀ ਆਪਣੇ ਫੇਸਬੁੱਕ ਪੇਜ 'ਤੇ ਵੀਡੀਓ ਸਾਂਝੀ ਕੀਤੀ। ਪੁਲਿਸ ਰਿਪੋਰਟ ਵਿਚ ਦਲੀਲ ਦਿਤੀ ਗਈ ਹੈ ਕਿ ਲੁਧਿਆਣਾ ਤੋਂ ਲਾਪਤਾ ਹੋਈਆਂ ਜ਼ਿਆਦਾਤਰ ਕੁੜੀਆਂ ਉਨ੍ਹਾਂ ਪਰਿਵਾਰਾਂ ਦੀਆਂ ਹਨ ਜੋ ਦੂਜੇ ਰਾਜਾਂ ਤੋਂ ਪਰਵਾਸ ਕਰਕੇ ਆਏ ਹਨ। ਸ਼ੁਰੂਆਤੀ ਜਾਂਚ ਵਿਚ ਇਕ ਪੈਟਰਨ ਸਾਹਮਣੇ ਆਇਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਕੁੜੀਆਂ ਕਿਸੇ ਅਗਵਾ ਕਰਨ ਵਾਲੇ ਗਿਰੋਹ ਦਾ ਸ਼ਿਕਾਰ ਨਹੀਂ ਸਨ ਸਗੋਂ ਆਪਣੇ ਆਪ ਘਰ ਛੱਡ ਕੇ ਗਈਆਂ ਸਨ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਚਾਰ ਕੁੜੀਆਂ ਨੂੰ ਸੁਰੱਖਿਅਤ ਲੱਭ ਲਿਆ ਗਿਆ ਹੈ ਅਤੇ ਉਨ੍ਹਾਂ ਦੇ ਮਾਪਿਆਂ ਕੋਲ ਵਾਪਸ ਭੇਜ ਦਿੱਤਾ ਗਿਆ ਹੈ, ਜਦੋਂ ਕਿ ਤਿੰਨ ਹੋਰਾਂ ਦਾ ਪਤਾ ਲਗਾ ਲਿਆ ਗਿਆ ਹੈ। ਰਾਜਲਾਲੀ ਗਿੱਲ ਨੇ "ਇੱਛਾ ਨਾਲ ਜਾਣ ਵਾਲੀ" ਪੁਲਿਸ ਦੀ ਦਲੀਲ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਪੀੜਤ ਮਾਪੇ ਅਜੇ ਵੀ ਆਪਣੀਆਂ ਧੀਆਂ ਦੀ ਭਾਲ ਕਰ ਰਹੇ ਹਨ, ਤਾਂ ਪੁਲਿਸ ਅਜਿਹੇ ਅਧੂਰੇ ਸਪੱਸ਼ਟੀਕਰਨ ਨਹੀਂ ਦੇ ਸਕਦੀ। ਕਮਿਸ਼ਨ ਨੇ ਲੁਧਿਆਣਾ ਪੁਲਿਸ ਨੂੰ ਸਾਰੇ ਮਾਮਲਿਆਂ ਲਈ ਵਿਸਥਾਰਿਤ ਕੇਸ-ਦਰ-ਕੇਸ ਰਿਪੋਰਟਾਂ ਮੁੜ ਜਮ੍ਹਾਂ ਕਰਾਉਣ ਦੇ ਨਿਰਦੇਸ਼ ਦਿਤੇ ਹਨ। ਪੁਲਿਸ ਨੇ ਇਸ ਲਈ ਤਿੰਨ ਤੋਂ ਚਾਰ ਦਿਨਾਂ ਦਾ ਸਮਾਂ ਮੰਗਿਆ ਹੈ।

## ਦੁਬਈ ਤੋਂ ਆਈ ਮੰਦਭਾਗੀ ਖ਼ਬਰ

# ਵੱਡੇ ਹਾਦਸੇ 'ਚ 7 ਭਾਰਤੀ ਮਜ਼ਦੂਰਾਂ ਦੀ ਮੌਤ



ਦੁਬਈ : ਸੰਯੁਕਤ ਅਰਬ ਅਮੀਰਾਤ ਦੇ ਦੁਬਈ ਸ਼ਹਿਰ ਵਿੱਚ ਦਰਦਨਾਕ ਸੜਕ ਹਾਦਸਾ ਵਾਪਰਿਆ ਹੈ। ਇਥੇ ਇੱਕ ਮਿੰਨੀ ਬੱਸ ਅਤੇ ਟਰੱਕ ਵਿਚਕਾਰ ਟੱਕਰ ਹੋ ਗਈ। ਇਸ ਹਾਦਸੇ ਵਿੱਚ 7 ਭਾਰਤੀ ਮਜ਼ਦੂਰਾਂ ਦੀ ਮੌਤ ਹੋ ਗਈ ਜਦਕਿ ਨੌਂ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।

ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਇੱਕ ਵਿਅਸਤ ਸੜਕ ਦੇ ਵਿਚਕਾਰ ਤਕਨੀਕੀ ਖ਼ਰਾਬੀ ਕਾਰਨ ਰੁਕੇ ਹੋਏ ਟਰੱਕ ਵਿੱਚ ਪਿੱਛੇ ਤੋਂ ਆ ਰਹੀ ਤੇਜ਼ ਰਫ਼ਤਾਰ ਮਿੰਨੀ ਬੱਸ ਦੀ ਜ਼ੋਰਦਾਰ ਟੱਕਰ ਹੋ ਗਈ। ਇਸ ਹਾਦਸੇ ਦੀ ਪੁਸ਼ਟੀ ਖ਼ੁਦ ਦੁਬਈ ਪੁਲਿਸ ਅਤੇ ਭਾਰਤੀ ਦੂਤਾਵਾਸ ਨੇ ਕੀਤੀ ਹੈ।

ਦੁਬਈ ਵਿੱਚ ਮੌਜੂਦ ਭਾਰਤੀ ਦੂਤਾਵਾਸ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਦੂਤਾਵਾਸ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਯ' 'ਤੇ ਇੱਕ ਪੋਸਟ ਸਾਂਝੀ ਕਰਦਿਆਂ ਕਿਹਾ, "ਦੁਬਈ ਵਿੱਚ ਹੋਏ ਇਸ ਦਰਦਨਾਕ ਸੜਕ ਹਾਦਸੇ ਨਾਲ ਸਾਨੂੰ ਗਹਿਰਾ ਦੁੱਖ ਪਹੁੰਚਿਆ ਹੈ, ਜਿਸ ਵਿੱਚ ਕਈ ਭਾਰਤੀ ਮਜ਼ਦੂਰਾਂ ਨੇ ਆਪਣੀ ਜਾਨ ਗੁਆ ਦਿੱਤੀ।" ਦੂਤਾਵਾਸ ਨੇ ਅੱਗੇ ਦੱਸਿਆ ਕਿ ਉਹ ਸਥਾਨਕ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿੱਚ ਹਨ ਅਤੇ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਸਹਾਇਤਾ ਅਤੇ ਸਹਿਯੋਗ ਦੇਣ ਲਈ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਹਨ।

ਦੁਬਈ ਪੁਲਿਸ ਦੇ ਟ੍ਰੈਫਿਕ ਵਿਭਾਗ ਦੇਡਾਇਰੈਕਟਰ ਜਨਰਲ, ਬ੍ਰਿਗੇਡੀਅਰ ਜੁਮਾ ਸਾਲੇਮ ਬਿਨ ਸੁਵੈਦਾਨ ਨੇ ਹਾਦਸੇ ਦੀ ਮੁਢਲੀ ਜਾਂਚ ਦੇ ਹਵਾਲੇ ਨਾਲ ਦੱਸਿਆ ਕਿ ਇਹ ਦੁਰਘਟਨਾ 'ਅਮੀਰਾਤ ਰੋਡ' 'ਤੇ ਵਾਪਰੀ। ਦਰਅਸਲ, ਇੱਕ ਵੱਡੇ ਟਰੱਕ ਵਿੱਚ ਅਚਾਨਕ ਕੋਈ ਤਕਨੀਕੀ ਖ਼ਰਾਬੀ ਆ ਗਈ ਸੀ, ਜਿਸ ਕਾਰਨ ਚਾਲਕ ਨੂੰ ਉਸ ਨੂੰ ਸੜਕ ਦੇ ਵਿਚਕਾਰ ਹੀ ਰੋਕਣਾ ਪਿਆ।

ਇਸੇ ਦੌਰਾਨ ਪਿੱਛੇ ਤੋਂ ਆ ਰਹੀ ਮਜ਼ਦੂਰਾਂ ਨਾਲ ਭਰੀ ਮਿੰਨੀ ਬੱਸ ਦੇ ਡਰਾਈਵਰ ਨੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਸੁਰੱਖਿਅਤ ਦੂਰੀ ਬਣਾ ਕੇ ਰੱਖੀ, ਜਿਸ ਕਾਰਨ ਬੱਸ ਸਿੱਧੀ ਟਰੱਕ ਦੇ ਪਿਛਲੇ ਹਿੱਸੇ ਵਿੱਚ ਜਾ ਵੜੀ। ਇਸ ਦੁਰਘਟਨਾ ਵਿੱਚ 7 ਲੋਕਾਂ ਦੀ ਮੌਤ ਹੋ ਗਈ ਅਤੇ 9 ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਪੰਜ ਗੰਭੀਰ ਰੂਪ ਵਿੱਚ ਜ਼ਖ਼ਮੀ ਅਤੇ ਚਾਰ ਮਾਮੂਲੀ ਰੂਪ ਵਿੱਚ ਜ਼ਖ਼ਮੀ ਹਨ। ਸਾਰੇ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ।

# ਨਾਇਬ ਸੈਣੀ ਨੂੰ ਰਾਜਾ ਵੜਿੰਗ ਦੇ ਤਿੱਖੇ ਸਵਾਲ

## ਚੰਡੀਗੜ੍ਹ ਅਤੇ SYL ਮੁੱਦੇ 'ਤੇ ਮੰਗਿਆ ਜਵਾਬ



ਚੰਡੀਗੜ੍ਹ: ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀਆਂ ਪੰਜਾਬ ਵਿੱਚ ਵਧ ਰਹੀਆਂ ਸਿਆਸੀ ਗਤੀਵਿਧੀਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਪੰਜਾਬ ਨਾਲ ਜੁੜੇ ਕਈ ਅਹਿਮ ਮੁੱਦਿਆਂ 'ਤੇ ਸੈਣੀ ਤੋਂ ਸਪੱਸ਼ਟ ਸਟੈਂਡ ਦੀ ਮੰਗ ਕੀਤੀ ਹੈ।

ਵੜਿੰਗ ਨੇ ਪੁੱਛਿਆ ਕਿ ਚੰਡੀਗੜ੍ਹ ਨੂੰ ਪੰਜਾਬ ਨੂੰ ਸੌਂਪਣ, ਸਤਲੁਜ-ਯਮੁਨਾ ਲਿੰਕ (SYL) ਨਹਿਰ ਅਤੇ ਹਰਿਆਣਾ ਦੇ ਪੰਜਾਬੀ ਭਾਸ਼ਾ ਵਾਲੇ ਖੇਤਰਾਂ ਬਾਰੇ ਹਰਿਆਣਾ ਸਰਕਾਰ ਦਾ ਕੀ ਰੁਖ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਵਿਚਕਾਰ ਵਿਵਾਦ ਨਾਲ ਜੁੜੇ ਮੁੱਦਿਆਂ 'ਤੇ ਲੋਕ ਨਾਇਬ ਸੈਣੀ ਦਾ ਸਟੈਂਡ ਜਾਣਨਾ ਚਾਹੁੰਦੇ ਹਨ।

**ਵਾਧੂ ਪਾਣੀ ਅਤੇ ਚੰਡੀਗੜ੍ਹ ਦੇ ਮੁੱਦੇ 'ਤੇ ਸਵਾਲ**

ਕਾਂਗਰਸ ਪ੍ਰਧਾਨ ਨੇ ਕਿਹਾ ਕਿ ਹਰਿਆਣਾ ਵੱਲੋਂ ਪੰਜਾਬ ਤੋਂ ਵਾਧੂ ਪਾਣੀ ਦੀ ਮੰਗ ਕੀਤੀ ਜਾਂਦੀ ਰਹੀ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਨਾਇਬ ਸੈਣੀ ਪੰਜਾਬ ਤੋਂ ਵਾਧੂ ਪਾਣੀ ਦੀ ਮੰਗ ਛੱਡਣਗੇ ਅਤੇ ਕੀ ਉਹ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਨ ਦੇ ਹੱਕ ਵਿੱਚ ਹਨ? ਉਨ੍ਹਾਂ ਕਿਹਾ ਕਿ ਇਹ ਉਹ ਮੁੱਦੇ ਹਨ ਜਿਨ੍ਹਾਂ 'ਤੇ ਪੰਜਾਬ ਦੇ ਲੋਕ ਸਪੱਸ਼ਟ ਜਵਾਬ ਚਾਹੁੰਦੇ ਹਨ। ਇਸ ਦੇ ਨਾਲ ਹੀ ਰਾਜਾ ਵੜਿੰਗ ਨੇ ਬੀਤੇ ਦਿਨੀਂ ਹੋਈ ਭਾਜਪਾ ਦੀ ਧੂਰੀ ਰੈਲੀ 'ਤੇ ਵੀ ਚੁਟਕੀ ਲਈ। ਇਸ ਰੈਲੀ ਵਿੱਚ ਪੰਜਾਬ ਭਾਜਪਾ ਦੇ ਆਗੂ ਕੇਵਲ ਢਿੱਲੋਂ ਅਤੇ ਨਾਇਬ ਸੈਣੀ ਸਮੇਤ ਹੋਰ ਸੀਨੀਅਰ ਆਗੂ ਸ਼ਾਮਲ ਹੋਏ ਸਨ। ਉਨ੍ਹਾਂ ਤੰਜ ਕਰਦਿਆਂ ਕਿਹਾ ਕਿ ਨਾਇਬ ਸੈਣੀ ਧੂਰੀ ਵਿੱਚ ਖਾਲੀ ਕੁਰਸੀਆਂ ਨੂੰ ਸੰਬੋਧਨ ਕਰਕੇ ਵਾਪਸ ਚਲੇ ਗਏ।

**ਕਾਂਗਰਸ ਇਕਜੁੱਟ ਹੋ ਕੇ ਕਰੇਗੀ ਦੌਰੇ**

ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਕਾਂਗਰਸ ਪੂਰੀ ਤਰ੍ਹਾਂ ਇਕਜੁੱਟ ਹੈ ਅਤੇ ਜਲਦ ਹੀ ਸੂਬੇ ਭਰ ਵਿੱਚ ਵੱਡੇ ਆਗੂ ਇਕੱਠੇ ਦੌਰੇ ਕਰਨਗੇ। ਉਨ੍ਹਾਂ ਦੱਸਿਆ ਕਿ ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਰਾਣਾ ਗੁਰਜੀਤ ਸਿੰਘ ਅਤੇ ਹੋਰ ਆਗੂ ਇੱਕੋ ਗੱਡੀ ਵਿੱਚ ਸਫ਼ਰ ਕਰਦੇ ਹੋਏ ਲੋਕਾਂ ਨਾਲ ਰਾਬਤਾ ਕਰਨਗੇ ਅਤੇ ਉਨ੍ਹਾਂ ਦੇ ਮੁੱਦੇ ਸੁਣਨਗੇ। ਆਪਣੀ ਵਫ਼ਾਦਾਰੀ ਦਾ ਜ਼ਿਕਰ ਕਰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਬਹੁਤ ਕੁਝ ਦਿੱਤਾ ਹੈ। ਉਹ ਸੰਸਦ ਮੈਂਬਰ, ਵਿਧਾਇਕ, ਮੰਤਰੀ ਅਤੇ ਪ੍ਰਦੇਸ਼ ਪ੍ਰਧਾਨ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜੇਕਰ ਭਵਿੱਖ ਵਿੱਚ ਉਨ੍ਹਾਂ ਕੋਲੋਂ ਪ੍ਰਧਾਨਗੀ ਦੀ ਜ਼ਿੰਮੇਵਾਰੀ ਵਾਪਸ ਲੈ ਲਈ ਜਾਵੇ ਜਾਂ ਉਨ੍ਹਾਂ ਨੂੰ ਚੋਣ ਟਿਕਟ ਵੀ ਨਾ ਮਿਲੇ, ਤਾਂ ਵੀ ਉਹ ਕਾਂਗਰਸ ਦਾ ਝੰਡਾ ਚੁੱਕ ਕੇ ਪਾਰਟੀ ਨਾਲ ਡਟੇ ਰਹਿਣਗੇ। ਵੜਿੰਗ ਨੇ ਕਿਹਾ ਕਿ ਕਾਂਗਰਸ ਵਿੱਚ ਛੋਟੇ-ਮੋਟੇ ਮਤਭੇਦ ਹੋ ਸਕਦੇ ਹਨ, ਪਰ ਪਾਰਟੀ ਦਾ ਟੀਚਾ ਪੰਜਾਬ ਵਿੱਚ ਮੁੜ ਸਰਕਾਰ ਬਣਾਉਣਾ ਹੈ।

# ਗੁਰੂਘਰਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲਾ ਨੌਜਵਾਨ ਨਿਹੰਗਾਂ ਦੇ ਹੱਥੀਂ ਚੜ੍ਹਿਆ



ਨਵੀਂ ਦਿੱਲੀ: ਗੁਰੂਘਰਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਅਤੇ ਭੱਦੀ ਸ਼ਬਦਾਵਲੀ ਵਰਤਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਇੱਕ ਨੌਜਵਾਨ ਨੂੰ ਨਿਹੰਗ ਸਿੰਘਾਂ ਵੱਲੋਂ ਦਿੱਲੀ ਵਿੱਚ ਲੱਭ ਲਿਆ ਗਿਆ। ਇਸ ਤੋਂ ਬਾਅਦ ਉਸ ਨੂੰ ਦਿੱਲੀ ਦੇ ਨਰੇਲਾ ਸਥਿਤ ਗੁਰਦੁਆਰੇ ਵਿੱਚ ਲਿਜਾਇਆ ਗਿਆ, ਜਿੱਥੇ ਉਸ ਨੇ ਸੰਗਤ ਦੇ ਸਾਹਮਣੇ ਆਪਣੀ ਗਲਤੀ ਮੰਨਦੇ ਹੋਏ ਮੁਆਫ਼ੀ ਮੰਗੀ।

ਨੌਜਵਾਨ ਨੇ ਕਿਹਾ ਕਿ ਉਸ ਦੇ ਮਨ ਵਿੱਚ ਕਿਸੇ ਵੀ ਧਰਮ ਪ੍ਰਤੀ ਕੋਈ ਨਫ਼ਰਤ ਨਹੀਂ ਹੈ। ਉਸ ਨੇ ਮੰਨਿਆ ਕਿ ਉਸ ਤੋਂ ਗਲਤੀ ਹੋਈ ਹੈ ਅਤੇ ਉਹ ਆਪਣੇ ਬਿਆਨਾਂ ਲਈ ਮੁਆਫ ਮੰਗਦਾ ਹੈ। ਉਸ ਨੇ ਇਹ ਵੀ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਅਜਿਹੀ ਗਲਤੀ ਦੁਬਾਰਾ ਨਹੀਂ ਕਰੇਗਾ। ਮੁਆਫ਼ੀ ਮੰਗਣ ਦੌਰਾਨ ਉਸ ਨੇ ਗੁਰਦੁਆਰੇ ਵਿੱਚ ਮੱਥਾ ਵੀ ਟੇਕਿਆ।

**ਕਾਲਜ ਦੇ ਵਿਵਾਦ ਤੋਂ ਸ਼ੁਰੂ ਹੋਇਆ ਮਾਮਲਾ**

ਨਿਹੰਗ ਸਿੰਘ ਜਸਵਿੰਦਰ ਸਿੰਘ ਦੇ ਅਨੁਸਾਰ ਇਹ ਨੌਜਵਾਨ ਨੋਇਡਾ ਦੇ ਇੱਕ ਕਾਲਜ ਵਿੱਚ ਪੜ੍ਹਦਾ ਹੈ। ਉਨ੍ਹਾਂ ਦੱਸਿਆ ਕਿ ਉਸ ਦਾ ਆਪਣੀ ਕਲਾਸ ਵਿੱਚ ਪੜ੍ਹਦੇ ਇੱਕ ਸਿੱਖ ਵਿਦਿਆਰਥੀ ਨਾਲ ਕਾਫ਼ੀ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ।

ਦਾਅਵਾ ਕੀਤਾ ਗਿਆ ਕਿ ਪਹਿਲੇ ਸਮੈਸਟਰ ਤੋਂ ਹੀ ਨੌਜਵਾਨ ਸਿੱਖ ਵਿਦਿਆਰਥੀ ਨੂੰ ਤੰਗ ਕਰਦਾ ਸੀ ਅਤੇ ਉਸ ਨੂੰ ਵੱਖ-ਵੱਖ ਨਾਵਾਂ ਨਾਲ ਚਿੜਾਉਂਦਾ ਸੀ। ਸਮੇਂ ਦੇ ਨਾਲ ਇਹ ਵਿਵਾਦ ਹੋਰ ਵਧਦਾ ਗਿਆ ਅਤੇ ਮਾਮਲਾ ਸੋਸ਼ਲ ਮੀਡੀਆ ਤੱਕ ਪਹੁੰਚ ਗਿਆ।

**ਇੰਸਟਾਗ੍ਰਾਮ ਵੀਡੀਓ ਤੋਂ ਬਾਅਦ ਵਧਿਆ ਵਿਵਾਦ**

ਕਰੀਬ ਛੇ ਦਿਨ ਪਹਿਲਾਂ ਨੌਜਵਾਨ ਨੇ ਇੰਸਟਾਗ੍ਰਾਮ 'ਤੇ ਇੱਕ ਵੀਡੀਓ ਅਪਲੋਡ ਕੀਤੀ ਸੀ। ਦੱਸਿਆ ਗਿਆ ਕਿ ਉਸ ਵੀਡੀਓ ਵਿੱਚ ਉਸ ਨੇ ਸਿੱਖ ਵਿਦਿਆਰਥੀ ਬਾਰੇ ਅਪਮਾਨਜਨਕ ਟਿੱਪਣੀਆਂ ਕੀਤੀਆਂ ਅਤੇ ਗੁਰਦੁਆਰੇ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਵੀ ਦਿੱਤੀ। ਇਹ ਵੀਡੀਓ ਨਿਹੰਗ ਸਿੰਘਾਂ ਤੱਕ ਪਹੁੰਚ ਗਈ। ਇਸ ਤੋਂ ਬਾਅਦ ਨਿਹੰਗ ਜਸਵਿੰਦਰ ਸਿੰਘ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਵੀਡੀਓ ਸਾਂਝੀ ਕਰਦਿਆਂ ਨੌਜਵਾਨ ਬਾਰੇ ਜਾਣਕਾਰੀ ਮੰਗੀ। ਕੁਝ ਸਮੇਂ ਬਾਅਦ ਨਿਹੰਗ ਉਸ ਤੱਕ ਪਹੁੰਚ ਗਏ ਅਤੇ ਉਸ ਨੂੰ ਨਰੇਲਾ ਦੇ ਗੁਰਦੁਆਰੇ ਲੈ ਕੇ ਆਏ। ਉੱਥੇ ਨੌਜਵਾਨ ਨੇ ਸਪੱਸ਼ਟ ਕੀਤਾ ਕਿ ਉਸ ਦੇ ਮਨ ਵਿੱਚ ਕਿਸੇ ਵੀ ਧਰਮ ਪ੍ਰਤੀ ਕੋਈ ਦੁਸ਼ਮਣੀ ਨਹੀਂ ਹੈ ਅਤੇ ਜੋ ਕੁਝ ਉਸ ਨੇ ਕਿਹਾ ਸੀ, ਉਹ ਗਲਤ ਸੀ। ਉਸ ਨੇ ਸੰਗਤ ਤੋਂ ਮੁਆਫ਼ੀ ਮੰਗਦਿਆਂ ਆਪਣੇ ਸ਼ਬਦਾਂ ਲਈ ਪਛਤਾਵਾ ਵੀ ਜਤਾਇਆ।

# ਸਰਬਜੀਤ ਸਿੰਘ ਸਮਾਣਾ ਬਣੇ ਮੁਹਾਲੀ ਦੇ ਨਵੇਂ ਮੇਅਰ



ਮੁਹਾਲੀ : ਮੁਹਾਲੀ ਨਗਰ ਨਿਗਮ ਦੇ ਨਵੇਂ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਲਈ ਅੱਜ ਕਾਰਵਾਈ ਮੁਕੰਮਲ ਕਰ ਲਈ ਗਈ ਹੈ। ਇਸ ਦੌਰਾਨ ਵਿਧਾਇਕ ਕੁਲਵੰਤ ਸਿੰਘ ਦੇ ਸਪੁੱਤਰ ਸਰਬਜੀਤ ਸਿੰਘ ਸਮਾਣਾ ਨੂੰ ਨਗਰ ਨਿਗਮ ਮੁਹਾਲੀ ਦਾ ਨਵਾਂ ਮੇਅਰ ਚੁਣ ਲਿਆ ਗਿਆ ਹੈ। ਇਸ ਦੇ ਨਾਲ ਹੀ ਆਰ ਪੀ ਸ਼ਰਮਾ ਨੂੰ ਸੀਨੀਅਰ ਡਿਪਟੀ ਮੇਅਰ ਅਤੇ ਹਰਪਾਲ ਸਿੰਘ ਚੰਨਾ ਨੂੰ ਡਿਪਟੀ ਮੇਅਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਮੁਹਾਲੀ ਹਲਕੇ ਦੇ ਵਿਧਾਇਕ ਕੁਲਵੰਤ ਸਿੰਘ ਦੇ ਸਪੁੱਤਰ ਸਰਬਜੀਤ ਸਿੰਘ ਦਾ ਮੁਹਾਲੀ ਦਾ ਮੇਅਰ ਬਣਨਾ ਤੈਅ ਮੰਨਿਆ ਜਾ ਰਿਹਾ ਸੀ। ਕੱਲ੍ਹ ਸ਼ਾਮ ਪਾਰਟੀ ਹਾਈਕਮਾਂਡ ਵੱਲੋਂ ਉਨ੍ਹਾਂ ਦੇ ਨਾਂ 'ਤੇ ਮੋਹਰ ਲਗਾ ਦਿੱਤੀ ਗਈ ਸੀ। ਇਸ ਚੋਣ ਪ੍ਰਕਿਰਿਆ ਨੂੰ ਸਿਰੇ ਚਾੜ੍ਹਨ ਲਈ ਨਿਗਮ ਦਫ਼ਤਰ ਵਿਖੇ ਇੱਕ ਵਿਸ਼ੇਸ਼ ਮੀਟਿੰਗ ਸੱਦੀ ਗਈ ਸੀ, ਜਿਸ ਵਿੱਚ ਸੂਬੇ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਉਚੇਚੇ ਤੌਰ 'ਤੇ ਪਹੁੰਚੇ। ਇਸ ਅਹਿਮ ਮੀਟਿੰਗ ਵਿੱਚ ਨਿਗਮ ਦੇ ਸਾਰੇ ਕੌਂਸਲਰਾਂ ਨੇ ਆਪਣੀ ਹਾਜ਼ਰੀ ਦਰਜ ਕਰਵਾਈ। ਹਾਲਾਂਕਿ ਮੀਡੀਆ ਕਰਮੀਆਂ ਨੂੰ ਮੀਟਿੰਗ ਹਾਲ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸਾਰੇ ਕੌਂਸਲਰਾਂ ਦੇ ਮੋਬਾਈਲ ਫੋਨ ਨਿਗਮ ਇਮਾਰਤ ਦੇ ਗੇਟ ਦੇ ਬਾਹਰ ਰੱਖੇ ਗਏ ਸਨ। ਉਨ੍ਹਾਂ ਨੂੰ ਆਪਣੀ ਐਂਟਰੀ ਦਰਜ ਕਰਨ ਤੋਂ ਬਾਅਦ ਹੀ ਘਰ ਦੇ ਅੰਦਰ ਜਾਣ ਦਿੱਤਾ ਗਿਆ। ਇਸ ਮੌਕੇ ਅਮਨ ਅਰੋੜਾ ਨੇ ਕਿਹਾ ਹੈ ਕਿ ਹੁਣ ਮੋਹਾਲੀ ਸ਼ਹਿਰ ਦਾ ਵਿਕਾਸ ਹੋਵੇਗਾ। ਉਨ੍ਹਾਂ ਨੇ ਕਿਹਾ ਹੈ ਕਿ ਆਪ ਨੂੰ ਮੋਹਾਲੀ ਤੋਂ 27 ਕੌਂਸਲਰ ਮਿਲੇ ਸਨ ਉਧਰ ਕਾਂਗਰਸ ਨੂੰ 12 ਤੇ ਅਕਾਲੀ ਦਲ ਨੂੰ 4 , ਬੀਜੇਪੀ ਨੂੰ 3 ਅਤੇ ਆਜ਼ਾਦ 4 ਮਿਲੇ ਸਨ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fire TV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਭਾਜਪਾ ਦੀ ਧੂਰੀ ਰੈਲੀ 'ਤੇ ਹਰਪਾਲ ਚੀਮਾ ਦਾ ਤੰਜ:

## CM ਨਾਇਬ ਸੈਣੀ ਜਨਤਾ ਨੂੰ ਨਹੀਂ, ਖਾਲੀ ਕੁਰਸੀਆਂ ਨੂੰ ਭਾਸ਼ਣ ਦੇ ਕੇ ਪਰਤੇ





ਚੰਡੀਗੜ੍ਹ: ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਦੀ ਧੂਰੀ ਜਨਸਭਾ ਨੂੰ ਲੈ ਕੇ ਭਾਜਪਾ ‘ਤੇ ਤਿੱਖਾ ਹਮਲਾ ਬੋਲਿਆ ਹੈ। ਚੀਮਾ ਨੇ ਕਿਹਾ ਕਿ ਧੂਰੀ ਦੀ ਜਨਸਭਾ ਵਿੱਚ ਪੰਜਾਬ ਦੀ ਜਨਤਾ ਨੇ ਭਾਜਪਾ ਨੂੰ ਉਸ ਦਾ ਅਸਲੀ ਆਈਨਾ ਦਿਖਾ ਦਿੱਤਾ ਹੈ। ਹਰਿਆਣਾ ਦੇ ਮੁੱਖ ਮੰਤਰੀ ਪੰਜਾਬ ਵਿੱਚ ਜਨਸਭਾ ਕਰਨ ਪਹੁੰਚੇ ਤਾਂ ਜ਼ਰੂਰ, ਪਰ ਉਨ੍ਹਾਂ ਨੂੰ ਉੱਥੇ ਜਨਤਾ ਦੀ ਥਾਂ ਸਿਰਫ਼ ਤੇ ਸਿਰਫ਼ ਖਾਲੀ ਕੁਰਸੀਆਂ ਦੀਆਂ ਕਤਾਰਾਂ ਮਿਲੀਆਂ।

ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਸੈਣੀ ਉਨ੍ਹਾਂ ਹੀ ਖਾਲੀ ਕੁਰਸੀਆਂ ਨੂੰ ਸੰਬੋਧਨ ਕਰਕੇ ਵਾਪਸ ਪਰਤ ਗਏ, ਜੋ ਇਹ ਸਾਫ਼ ਕਰਦਾ ਹੈ ਕਿ ਪੰਜਾਬ ਦੇ ਲੋਕਾਂ ਦੇ ਦਿਲਾਂ ਵਿੱਚ ਭਾਜਪਾ ਲਈ ਕੋਈ ਥਾਂ ਨਹੀਂ ਬਚੀ ਹੈ। ਭਾਜਪਾ ਦੇ ਆਗੂ ਪੰਜਾਬ ਵਿੱਚ ਜਿੰਨੇ ਮਰਜ਼ੀ ਚੱਕਰ ਕੱਟ ਲੈਣ, ਪਰ ਪੰਜਾਬ ਦੇ ਜਾਗਰੂਕ ਲੋਕ ਉਨ੍ਹਾਂ ਨੂੰ ਕਦੇ ਮੂੰਹ ਨਹੀਂ ਲਗਾਉਣ ਵਾਲੇ। ਚੀਮਾ ਨੇ ਭਾਜਪਾ ਦੇ ਜਨ-ਵਿਰੋਧੀ ਚਿਹਰੇ ਨੂੰ ਬੇਨਕਾਬ ਕਰਦਿਆਂ ਕਿਹਾ ਕਿ ਪੰਜਾਬ ਦਾ ਬੱਚਾ-ਬੱਚਾ ਜਾਣਦਾ ਹੈ ਕਿ ਭਾਰਤੀ ਜਨਤਾ ਪਾਰਟੀ ਉਹੀ ਕਰੂਰ ਪਾਰਟੀ ਹੈ, ਜਿਸ ਨੇ ਆਪਣੇ ਹੰਕਾਰ ਵਿੱਚ ਪੰਜਾਬ ਦੇ 750 ਤੋਂ ਵੱਧ ਅੰਨਦਾਤਿਆਂ ਦੀ ਜਾਨ ਲਈ ਹੈ। ਇਹ ਉਹੀ ਸਾਡੇ ਵੀਰ ਕਿਸਾਨ ਸਨ, ਜਿਨ੍ਹਾਂ ਨੇ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਆਪਣੀ ਸ਼ਹਾਦਤ ਦੇ ਦਿੱਤੀ। ਪੰਜਾਬ ਦੇ ਲੋਕ ਆਪਣੇ ਉਨ੍ਹਾਂ ਸ਼ਹੀਦ ਕਿਸਾਨ ਭਰਾਵਾਂ ਦੀ ਕੁਰਬਾਨੀ ਨੂੰ ਕਦੇ ਨਹੀਂ ਭੁੱਲ ਸਕਦੇ ਅਤੇ ਨਾ ਹੀ ਕਿਸਾਨਾਂ ‘ਤੇ ਅੱਤਿਆਚਾਰ ਕਰਨ ਵਾਲੀ ਭਾਜਪਾ ਨੂੰ ਕਦੇ ਮੁਆਫ਼ ਕਰ ਸਕਦੇ ਹਨ।

ਕੇਂਦਰੀ ਲੀਡਰਸ਼ਿਪ ਅਤੇ ਭਾਜਪਾ ਦੀਆਂ ਨੀਤੀਆਂ ‘ਤੇ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਸਿਰਫ਼ ਕਿਸਾਨ ਵਿਰੋਧੀ ਹੀ ਨਹੀਂ, ਸਗੋਂ ਪੰਜਾਬ ਵਿਰੋਧੀ ਵੀ ਹੈ। ਇਹ ਉਹੀ ਪਾਰਟੀ ਹੈ ਜੋ ਹਮੇਸ਼ਾ ਤੋਂ ਸਾਡੇ ਪਾਣੀਆਂ ‘ਤੇ ਡਾਕਾ ਮਾਰਨਾ ਚਾਹੁੰਦੀ ਹੈ ਅਤੇ ਪੰਜਾਬ ਦੇ ਅਧਿਕਾਰਾਂ ਨੂੰ ਖੋਹਣ ਦੀ ਤਾਕ ਵਿੱਚ ਰਹਿੰਦੀ ਹੈ। ਇਨ੍ਹਾਂ ਨੇ ਨਾ ਸਿਰਫ਼ ਪੰਜਾਬ ਨਾਲ ਮਤਰੇਆ ਸਲੂਕ ਕੀਤਾ, ਸਗੋਂ ਆਪਣੀਆਂ ਗਲਤ ਨੀਤੀਆਂ ਨਾਲ ਪੂਰੇ ਦੇਸ਼ ਦੀ ਆਰਥਿਕਤਾ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਪੰਜਾਬ ਦੇ ਲੋਕਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੂੰ ਇਹ ਕਰਾਰਾ ਸੁਨੇਹਾ ਦੇ ਦਿੱਤਾ ਹੈ ਕਿ ਪੰਜਾਬ ਦੀ ਧਰਤੀ ‘ਤੇ ਨਫ਼ਰਤ ਅਤੇ ਦਮਨ ਦੀ ਰਾਜਨੀਤੀ ਲਈ ਕੋਈ ਥਾਂ ਨਹੀਂ ਹੈ।

# ਚੰਡੀਗੜ੍ਹ ਦੇ ਵਿਰਾਸਤੀ ਫਰਨੀਚਰ ਦੀ ਅਮਰੀਕਾ 'ਚ ਨਿਲਾਮੀ ਕਰੋੜਾਂ ‘ਚ ਵਿਕਿਆ MLA ਹੋਸਟਲ ਦਾ ਸਮਾਨ, ਜਾਂਚ ਦੇ ਹੁਕਮ



ਚੰਡੀਗੜ੍ਹ: ਚੰਡੀਗੜ੍ਹ ਸਥਿਤ ਪੰਜਾਬ ਐਮਐਲਏ ਹੋਸਟਲ ਨਾਲ ਸਬੰਧਤ ਵਿਰਾਸਤੀ ਫਰਨੀਚਰ ਦੀ ਅਮਰੀਕਾ ਵਿੱਚ ਹੋਈ ਨਿਲਾਮੀ ਤੋਂ ਬਾਅਦ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਇਸ ਮਾਮਲੇ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਹਨ। ਜਾਣਕਾਰੀ ਮੁਤਾਬਕ ਸ਼ਿਕਾਗੋ ਵਿੱਚ ਹੋਈ ਨਿਲਾਮੀ ਦੌਰਾਨ ਇਹ ਵਿਰਾਸਤੀ ਫਰਨੀਚਰ 72,720 ਅਮਰੀਕੀ ਡਾਲਰ ਵਿੱਚ ਵੇਚਿਆ ਗਿਆ, ਜੋ ਭਾਰਤੀ ਮੁਦਰਾ ਅਨੁਸਾਰ ਲਗਭਗ 59 ਲੱਖ ਰੁਪਏ ਦੇ ਬਰਾਬਰ ਹੈ।

ਨਿਲਾਮ ਕੀਤੀਆਂ ਗਈਆਂ ਵਸਤੂਆਂ ਵਿੱਚ ਦੋ ਵਿਰਾਸਤੀ ਕੁਰਸੀਆਂ ਅਤੇ ਚਾਰ ਸਟੂਲ ਸ਼ਾਮਲ ਸਨ। ਇਸ ਮਾਮਲੇ ਨੂੰ ਲੈ ਕੇ ਚੰਡੀਗੜ੍ਹ ਦੇ ਵਿਰਾਸਤੀ ਸੁਰੱਖਿਆ ਸੈੱਲ ਨਾਲ ਜੁੜੇ ਅਜੈ ਜੱਗਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿਧਾਨ ਸਭਾ ਸਪੀਕਰ ਕੋਲ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਤੋਂ ਬਾਅਦ ਜਾਂਚ ਸ਼ੁਰੂ ਕਰਨ ਦਾ ਫ਼ੈਸਲਾ ਲਿਆ ਗਿਆ।

**ਕੁਰਸੀਆਂ ਅਤੇ ਸਟੂਲ ਕਰੋੜਾਂ ਦੇ ਮੁੱਲ ‘ਤੇ ਵਿਕੇ**

ਅਜੈ ਜੱਗਾ ਅਨੁਸਾਰ, ਐਮਐਲਏ ਹੋਸਟਲ ਨਾਲ ਸਬੰਧਤ ਦੋ ਕੁਰਸੀਆਂ ਕਰੀਬ 42 ਲੱਖ ਰੁਪਏ ਅਤੇ ਇੱਕ ਸਟੂਲ ਲਗਭਗ 17 ਲੱਖ ਰੁਪਏ ਵਿੱਚ ਨਿਲਾਮ ਹੋਇਆ। ਉਨ੍ਹਾਂ ਦੋਸ਼ ਲਗਾਇਆ ਕਿ ਗ੍ਰਹਿ ਮੰਤਰਾਲੇ ਦੇ ਸਖ਼ਤ ਨਿਰਦੇਸ਼ਾਂ ਦੇ ਬਾਵਜੂਦ ਚੰਡੀਗੜ੍ਹ ਦੀਆਂ ਵਿਰਾਸਤੀ ਵਸਤੂਆਂ ਲਗਾਤਾਰ ਵਿਦੇਸ਼ਾਂ ਵਿੱਚ ਨਿਲਾਮ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਨਿਲਾਮੀ ਨੂੰ ਰੋਕਣ ਲਈ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇੱਕ ਵਿਸ਼ੇਸ਼ ਵਿਰਾਸਤੀ ਕਮੇਟੀ ਵੀ ਬਣਾਈ ਗਈ ਸੀ। ਇਸ ਕਮੇਟੀ ਨੇ ਕੇਂਦਰ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਕਈ ਵਾਰ ਪੱਤਰ ਲਿਖੇ, ਪਰ ਇਸ ਦੇ ਬਾਵਜੂਦ ਵਿਦੇਸ਼ਾਂ ਵਿੱਚ ਇਹ ਨਿਲਾਮੀਆਂ ਜਾਰੀ ਹਨ।

**ਵਿਰਾਸਤ ਦੀ ਸੁਰੱਖਿਆ ‘ਤੇ ਮੁੜ ਉੱਠੇ ਸਵਾਲ**

ਇਹ ਨਿਲਾਮੀ ਅਮਰੀਕਾ ਦੇ ਨਿਲਾਮੀ ਘਰ ਰਾਈਟ ਵੱਲੋਂ ਕਰਵਾਈ ਗਈ ਸੀ ਅਤੇ ਸਬੰਧਤ ਜਾਣਕਾਰੀ ਨਿਲਾਮੀ ਘਰ ਦੀ ਵੈੱਬਸਾਈਟ ‘ਤੇ ਵੀ ਉਪਲਬਧ ਸੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਕਿਹਾ ਹੈ ਕਿ ਪੂਰੇ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

ਇਹ ਫਰਨੀਚਰ ਚੰਡੀਗੜ੍ਹ ਦੇ ਕੈਪੀਟਲ ਪ੍ਰੋਜੈਕਟ ਨਾਲ ਸਬੰਧਤ ਦੱਸਿਆ ਜਾ ਰਿਹਾ ਹੈ। ਇਸ ਘਟਨਾ ਤੋਂ ਬਾਅਦ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਦੀਆਂ ਵਿਧਾਨ ਸਭਾਵਾਂ ਅਤੇ ਵਿਧਾਇਕ ਨਿਵਾਸਾਂ ਵਿੱਚ ਮੌਜੂਦ ਵਿਰਾਸਤੀ ਫਰਨੀਚਰ ਦੀ ਸੁਰੱਖਿਆ ਨੂੰ ਲੈ ਕੇ ਇੱਕ ਵਾਰ ਫਿਰ ਚਰਚਾ ਸ਼ੁਰੂ ਹੋ ਗਈ ਹੈ।

ਅਜੈ ਜੱਗਾ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ 12 ਹਜ਼ਾਰ ਤੋਂ ਵੱਧ ਵਿਰਾਸਤੀ ਫਰਨੀਚਰ ਵਸਤੂਆਂ ਨੂੰ ਵਿਸ਼ੇਸ਼ ਤੌਰ ‘ਤੇ ਟੈਗ ਕੀਤਾ ਗਿਆ ਹੈ ਤਾਂ ਜੋ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

**10 ਸਾਲਾਂ ਵਿੱਚ 500 ਕਰੋੜ ਤੋਂ ਵੱਧ ਦੀ ਨਿਲਾਮੀ**

ਵਿਰਾਸਤੀ ਸੁਰੱਖਿਆ ਸੈੱਲ ਦੇ ਅਨੁਸਾਰ, ਪਿਛਲੇ ਇੱਕ ਦਹਾਕੇ ਦੌਰਾਨ ਚੰਡੀਗੜ੍ਹ ਨਾਲ ਸਬੰਧਤ 500 ਕਰੋੜ ਰੁਪਏ ਤੋਂ ਵੱਧ ਮੁੱਲ ਦੀਆਂ ਵਿਰਾਸਤੀ ਵਸਤੂਆਂ ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਨਿਲਾਮ ਕੀਤੀਆਂ ਜਾ ਚੁੱਕੀਆਂ ਹਨ। ਦਾਅਵਾ ਕੀਤਾ ਗਿਆ ਹੈ ਕਿ ਇਹ ਫਰਨੀਚਰ ਕਈ ਸਾਲ ਪਹਿਲਾਂ ਗੁਪਤ ਤਰੀਕੇ ਨਾਲ ਚੰਡੀਗੜ੍ਹ ਤੋਂ ਬਾਹਰ ਲਿਜਾਇਆ ਗਿਆ ਸੀ। ਇਹ ਵਿਰਾਸਤੀ ਫਰਨੀਚਰ ਮਸ਼ਹੂਰ ਆਰਕੀਟੈਕਟ Le Corbusier ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਡਿਜ਼ਾਈਨ ਕੀਤਾ ਗਿਆ ਸੀ। ਇਸ ਨਾਲ ਜੁੜੀਆਂ ਕਈ ਵਸਤੂਆਂ ਪੰਜਾਬ ਅਤੇ ਹਰਿਆਣਾ ਵਿਧਾਨ ਸਭਾ, ਹਾਈ ਕੋਰਟ, ਪੰਜਾਬ ਯੂਨੀਵਰਸਿਟੀ, ਪੰਜਾਬ ਇੰਜੀਨੀਅਰਿੰਗ ਕਾਲਜ ਅਤੇ ਹੋਰ ਵਿਦਿਅਕ ਸੰਸਥਾਵਾਂ ਨਾਲ ਸਬੰਧਤ ਰਹੀਆਂ ਹਨ।



















PUNJABSTAR.COM
ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਉਚੇਰੀ ਸਿੱਖਿਆ ਵਿੱਚ ਆ ਰਿਹਾ ਨਿਘਾਰ !



ਬੁੱਧ ਸਿੰਘ ਨੀਲੋਂ
94643 70823

ਜਦੋਂ ਦੀ ਕੇਂਦਰ ਵਿੱਚ ਮੋਦੀ ਸਰਕਾਰ ਨੇ ਸੱਤਾ ਸੰਭਾਲੀ ਹੈ, ਉਸਨੇ ਦੇਸ਼ ਦੇ ਆਮ ਲੋਕਾਂ ਨੂੰ ਆਰਥਿਕ ਤੇ ਬੌਧਿਕ ਵਿਹੂਣੇ ਕਰਨ ਦਾ ਫੈਸਲਾ ਕਰ ਲਿਆ ਸੀ, ਇਸ ਤੋਂ ਪਹਿਲਾਂ ਦੀਆਂ ਸਰਕਾਰਾਂ ਨੇ ਐਨੀ ਹਨੇਰ ਗਰਦੀ ਨਹੀਂ ਸੀ ਫ਼ੈਲਾਈ ਜਿੰਨੀਂ ਮੌਜੂਦਾ ਕੇਂਦਰ ਸਰਕਾਰ ਨੇ ਮਚਾਈ ਹੈ। ਹੁਣ ਭਾਵੇਂ ਇਸ ਦੇ ਸੱਤਾ ਵਿੱਚ ਆਉਣ ਦੇ ਪੋਲ ਖੁੱਲ੍ਹ ਰਹੇ ਹਨ। ਪਿਛਲੇ ਸਮਿਆਂ ਵਿੱਚ ਕਾਂਗਰਸ ਦੀ ਸਰਕਾਰ ਨੇ ਅੱਠਵੀਂ ਜਮਾਤ ਤੱਕ ਫੇਲ੍ਹ ਨਾ ਕਰਨ ਦੀ ਨੀਤੀ ਲਿਆਂਦੀ ਗਈ ਸੀ ਜਿਸਨੇ ਚੰਗਾ ਹਨੇਰਾ ਪੈਦਾ ਕੀਤਾ। ਹੁਣ ਮੌਜੂਦਾ ਸਰਕਾਰ ਨੇ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਮਤਿਹਾਨ ਕਿਤਾਬਾਂ ਖੋਲ੍ਹ ਕੇ ਪੇਪਰ ਕਰਨ ਦਾ ਐਲਾਨ ਕਰ ਦਿੱਤਾ ਹੈ। ਭਾਜਪਾ ਸਰਕਾਰ ਦੀ ਮਨੋ ਕਾਮਨਾਵਾਂ ਨੂੰ ਪੂਰਾ ਕਰਨ ਲਈ ਸਾਡੀਆਂ ਬਹੁਗਿਣਤੀ ਸਿੱਖਿਆ ਸੰਸਥਾਵਾਂ ਭੂਮਿਕਾ ਨਿਭਾਉਣਗੀਆਂ। ਇਹਨਾਂ ਸਕੂਲਾਂ ਵਿੱਚ ਪੜ੍ਹ ਕੇ ਉਚੇਰੀ ਸਿੱਖਿਆ ਤੱਕ ਪਹੁੰਚਣ ਵਾਲਿਆਂ ਦੀ ਹਾਲਤ ਕੀ ਹੋਵੇਗੀ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ।

ਵਿੱਦਿਅਕ ਖੇਤਰ ਵਿਚ ਉੱਚ ਸਿੱਖਿਆ ਦੀਆਂ ਡਿਗਰੀਆਂ ਵਿਚੋਂ ਐਮਫਿਲ., ਪੀਐਚ.ਡੀ.ਅਤੇ ਡੀ.ਲਿੱਟ ਦੀ ਡਿਗਰੀ ਹੈ। ਇਹ ਡਿਗਰੀਆਂ ਤਾਂ ਨੌਕਰੀ ਤੇ ਛੋਕਰੀ ਹਾਸਲ ਕਰਨ ਦੇ ਲਈ ਹਨ ਜੇ ਮਨੁੱਖ ਨੇ ਗਿਆਨ ਹਾਸਲ ਕਰਨਾ ਹੋਵੇ ਤਾਂ ਉਸ ਲਈ ਸਾਰੀ ਉਮਰ ਵੀ ਘੱਟ ਹੈ। ਜੇ ਉਹ ਚਾਹੇ ਵੀ ਤਾਂ ਇੱਕ ਹੀ ਵਿਸ਼ੇ ਉੱਪਰ ਮੁਕੰਮਲ ਜਾਣਕਾਰੀ ਹਾਸਲ ਨਹੀਂ ਕਰ ਸਕਦਾ ਕਿਉਂਕਿ ਹਰ ਵਿਸ਼ੇ ਦੀ ਆਪਣੀ ਦੁਨੀਆਂ ਹੈ। ਉਸ ਦੁਨੀਆਂ ਨੂੰ ਜਾਨਣ ਲਈ ਬਹੁਤ ਸਾਰੀਆਂ ਪੁਸਤਕਾਂ ਦੇ ਵਿੱਚੀਂ ਲੰਘ ਕੇ ਕੋਈ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਸਾਡੀਆਂ ਯੂਨੀਵਰਸਿਟੀਆਂ ਵਿਚ ਹਰ ਵਿਸ਼ੇ ਉੱਪਰ ਇਸ ਤਰ੍ਹਾਂ ਦੀਆਂ ਡਿਗਰੀਆਂ ਪ੍ਰਾਪਤ ਕਰਨ ਲਈ ਪ੍ਰਬੰਧ ਹਨ ਪਰ ਅਸੀਂ ਇਥੇ ਪੰਜਾਬੀ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਨਾਲ ਸਬੰਧਤ ਕਰਵਾਈ ਜਾ ਰਹੀ 'ਖੋਜ' ਤੱਕ ਸੀਮਤ ਰਹਾਂਗੇ ਕਿਉਂਕਿ ਅੱਜ ਇਹ ਬਹੁਤ ਹੀ ਗੰਭੀਰ ਵਿਸ਼ਾ ਬਣ ਗਿਆ ਹੈ।


ਜਿਸ 'ਤੇ ਕਲਮ ਚੁੱਕਦਿਆਂ ਹਰ ਕੋਈ ਡਰਦਾ ਹੈ। ਉਹ ਇਸ ਲਈ ਕਿ ਯੂਨੀਵਰਸਿਟੀਆਂ ਵਿਚ ਬੈਠੇ '' ਵਿਦਵਾਨ '' ਉਹਨਾਂ ਵੱਲ ਪਿੱਠ ਨਾ ਮੋੜ ਲੈਣ ਪਰ ਹਨੇਰ ਗਰਦੀ ਫੈਲਾਉਣ ਵਿਚ ਜਿਹੜੀ ਭੂਮਿਕਾ ਇਹਨਾਂ ਯੂਨੀਵਰਸਟੀਆਂ ਵਿਚ ਇਹਨਾਂ ਦੇ ਵਿਭਾਗ ਨਾਲ ਸੰਬੰਧਤ ਕੁਰਸੀਆਂ ਉੱਪਰ ਬੈਠੇ ਸਾਡੇ ਵਿਦਵਾਨ ਨਿਭਾ ਰਹੇ ਹਨ, ਇਹਨਾਂ ਵਾਰੇ ਦੱਸਣ ਲੱਗਿਆ, ਜਿੱਥੇ ਡਰ ਲੱਗਦਾ ਹੈ ਤੇ ਕਲਮ ਕੰਬਦੀ ਹੈ। ਜਦੋਂ ਅਸੀ ਇਹਨਾਂ ਡਿਗਰੀਆਂ ਲਈ ਪੇਸ਼ ਕੀਤੇ ਖੋਜ ਨਿਬੰਧ ਤੇ ਖੋਜ ਪ੍ਰਬੰਧ ਨੂੰ ਅਪਣੀ ਤੀਸਰੀ ਅੱਖ ਨਾਲ ਵਾਚਦੇ ਹਾਂ ਤਾਂ ਆਪ ਮੁਹਾਰੇ ਇਹ ਗੱਲ ਸਾਹਮਣੇ ਆਉਂਦੀ ਹੈ।

'' ਤੂੰ ਇੱਕ ਨੂੰ ਰੋਨੀ ਏ ਇੱਥੇ ਤਾਂ ਆਵਾ ਹੀ ਊਤਿਆ ਪਿਆ ਹੈ। ''

ਇਹ ਵਿਭਾਗ ਡਿਗਰੀਆਂ ਰਾਹੀ ਸਾਡੇ ਸਮਾਜ ਦੇ ਵਿਚ ਅਜਿਹੇ ਪੜ੍ਹੇ ਲਿਖੇ ਅਨਪੜ੍ਹਾਂ ਦਾ ਵੱਗ ਇੱਕਠਾ ਕਰ ਰਹੇ ਹਨ, ਜਿਹੜੇ ਹੱਥਾਂ ਵਿਚ ਡਿਗਰੀਆਂ ਤਾਂ ਚੁੱਕੀ ਫਿਰਦੇ ਹਨ,ਪ੍ਰੰਤੂ ਉਹਨਾਂ ਕੋਲ ਗਿਆਨ ਵਰਗਾ ਖਜ਼ਾਨਾ ਨਹੀਂ ਹੁੰਦਾ ਉਹ ਇਹਨਾਂ ਡਿਗਰੀਆਂ ਦੇ ਸਹਾਰੇ ਅਤੇ ਅਪਣੇ ਨਿਗਰਾਨਾਂ ਦੀ ਕ੍ਰਿਪਾ ਦ੍ਰਿਸ਼ਟੀ ਦੇ ਨਾਲ ਨੌਕਰੀਆਂ ਪਾਪ੍ਰਤ ਕਰ ਲੈਂਦੇ ਹਨ ਤੇ ਜਦੋਂ ਉਹ ਕਲਾਸ ਵਿਚ ਜਾ ਕੇ ਵਿਦਿਆਰਥੀਆਂ ਨੂੰ ਸੋਨੀਆਂ ਗਾਇਡ ਵਿੱਚੋਂ ਸਵਾਲਾਂ ਦੇ ਜੁਆਬ ਦੱਸਦੇ ਹਨ ਜਾਂ ਫਿਰ ਬਣੇ ਬਣਾਏ ਨੋਟਿਸਾਂ ਤੋਂ ਲਿਖਵਾ ਕੇ ਘਰਾਂ ਨੂੰ ਪਰਤ ਜਾਂਦੇ ਹਨ। ਉਨ੍ਹਾਂ ਲਈ ਵਿਦਿਆਰਥੀਆਂ ਨੂੰ ਪੜ੍ਹਾਉਣਾ ਜਾਂ ਕੁਝ ਸਿਖਾਉਣਾ ਨਹੀ ਹੁੰਦਾ ਸਗੋਂ ਅਪਣੀ ਤਨਖਾਹ ਹਾਸਲ ਕਰਨ ਲਈ ਇੱਕ ਜ਼ਾਬਤਾ ਪੂਰਾ ਕਰਨਾ ਹੁੰਦਾ ਹੈ।

ਕਈ ਵਰ੍ਹੇ ਪਹਿਲਾਂ 2002 ਵਿੱਚ ਡਾਕਟਰ ਸੁਤਿੰਦਰ ਸਿੰਘ ਨੂਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਖੋਜ ਕਾਰਜ ਉਪਰ ਬੋਲਦਿਆਂ ਆਖਿਆ ਸੀ "ਪੰਜਾਬ, ਪੰਜਾਬੀ, ਜੰਮੂ, ਕੁਰੂਕਸ਼ੇਤਰ, ਦਿੱਲੀ ਤੇ ਅੰਮ੍ਰਿਸਰ ਯੂਨੀਵਰਸਿਟੀਆਂ ਵਿਚ ਦੋ ਹਜ਼ਾਰ ਦੇ ਕਰੀਬ ਖੋਜਾਰਥੀ ਪੀਐਚ. ਡੀ. ਡਿਗਰੀ ਹਾਸਲ ਕਰ ਚੁੱਕੇ ਹਨ। ਇਹਨਾਂ ਵਿਚੋਂ ਦੋ ਸੌ ਖੋਜ ਕਾਰਜ ਹੈ ਬਾਕੀ ਬੋਗਸ ਹੈ.।" ਪਰ ਉਹਨਾਂ ਆਪ ਵੀ ਇਹੋ ਕੁੱਝ ਕੀਤਾ ਤੇ ਕਰਵਾਇਆ ਸੀ। ਸਤਿੰਦਰ ਨੂਰ ਦੇ ਵੱਡੇ ਨੂਰ ਦਾ ਹੁਣ ਵੀ ਚਾਨਣਾ ਪੈ ਰਿਹਾ ਹੈ।

ਮੇਰੀ ਖੋਜ ਅਨੁਸਾਰ ਐਮ.ਫਿਲ ਕਰਨ ਵਾਲਿਆਂ ਦੀ ਗਿਣਤੀ ਕਈ ਹਜ਼ਾਰਾਂ ਤੋਂ ਉੱਤੇ ਲੰਘ ਗਈ ਹੈ। ਇੰਨ੍ਹਾਂ ਪੀਐਚ. ਡੀ. ਕਰ ਚੁੱਕੇ ਅਖੌਤੀ ' ਡਾਕਟਰੇਟ ਆਫ਼ ਫ਼ਿਲਾਸਫੀ ' ਵਿਦਵਾਨਾਂ ਵਿਚੋਂ ਕੋਈ ਸਵਾ ਕੁ ਸੌ ਵਿਦਵਾਨ ਹਨ, ਜਿਹੜੇ ਸਰਗਰਮ ਰੂਪ ਵਿਚ ਆਪਣੀ ਭੂਮਿਕਾ ਨਿਭਾਅ ਰਹੇ ਹਨ। ਜਦਕਿ ਬਾਕੀ ਦੇ 'ਵਿਦਵਾਨ ਡਾਕਟਰ ' ਆਪਣੀ ਡਿਗਰੀ ਨੂੰ ਨੌਕਰੀ ਵੱਟੇ ਪਾ ਕੇ ਸਿਰਫ਼ ਤੇ ਸਿਫ਼ਰ ਤਨਖ਼ਾਹ ਲੈ ਰਹੇ ਹਨ ਤੇ ਬੱਚੇ ਪਾਲ ਰਹੇ ਹਨ। ਇਨ੍ਹਾਂ ਸਵਾ ਸੌ ਵਿਚੋਂ ਮਸਾਂ 30 ਦੇ ਕਰੀਬ ਵਿਦਵਾਨ ਹਨ, ਜਿਹੜੇ ਖੋਜ ਤੇ ਅਲੋਚਨਾ ਵਿਚ ਪੂਰੀ ਸੁਹਿਰਦਾ ਨਾਲ ਕੰਮ ਕਰ ਰਹੇ ਹਨ ਤੇ ਕਰਵਾ ਰਹੇ ਹਨ। ਬਾਕੀ ਦੇ ' ਵਿਦਵਾਨ ' ਰੀਵਿਊਕਾਰੀ ਤੋਂ ਵਧੇਰੇ ਕੁਝ ਵੀ ਨੀ ਕਰ ਰਹੇ।



ਇਕ ਖੋਜ ਅਨੁਸਾਰ 1980 ਤੱਕ ਦੇ ਖੋਜਾਰਥੀਆਂ ਜਿਨਾਂ ਨੇ ਪੀਐਚ. ਡੀ. ਦੀ ਡਿਗਰੀ ਹਾਸਲ ਕਰਨ ਲਈ ਆਪਣਾ ਖੋਜ ਕਾਰਜ ਅਜਿਹਾ ਕੀਤਾ ਹੈ ਕਿ ਉਨਾਂ ਦੁਆਰਾ ਕੀਤੀ ਗਈ ਖੋਜ ਅੱਜ ਦੇ ਖੋਜਾਰਥੀਆਂ ਲਈ ਮਾਰਗ ਦਰਸ਼ਨ ਦਾ ਰੂਪ ਹੀ ਨਹੀਂ ਸਗੋਂ ਉਹਨਾਂ ਲਈ ਡਿਗਰੀ ਹਾਸਲ ਕਰਨ ਲਈ ਬੜਾ ਹੀ ' ਕੰਮ ' ਆਉਂਦੀ ਹੈ। ਇਹ ਖੋਜ ਕਿਵੇਂ ਕੰਮ ਆਉਂਦੀ ਹੈ, ਇਹ ਆਪਾਂ ਫੇਰ ਤੁਹਾਨੂੰ ਦੱਸਾਂਗੇ ਪਰ ਇਥੇ ਇਕ ਗੱਲ ਯਾਦ ਆ ਗਈ ਕਹਿੰਦੇ ਨੇ ਜੇ ਗਧੇ ਨੂੰ ਖੂਹ ਵਿਚ ਸੁੱਟਣਾ ਹੋਵੇ ਤਾਂ ਉਹਨੂੰ ਕੰਨੋਂ ਫੜਕੇ ਮੂਹਰੇ ਨੂੰ ਖਿੱਚਣਾ ਪੈਂਦਾ। ਚਲੋ ਆਪਾਂ ਕੀ ਲੈਣਾ ਗਧਿਆਂ ਤੋਂ ? ਆਪਾਂ ਤਾਂ ਗੱਲ ਕਰਦੇ ਹਾਂ, ਡਾਕਟਰਾਂ ਵਿਦਵਾਨਾਂ ਦੀ ਜਿਹੜੇ ਇਹ ਡਿਗਰੀ ਹਾਸਲ ਕਰਨ ਕੀ ਕੀ ਪਾਪੜ ਵੇਲਦੇ ਹਨ। ਫੇਰ ਅੱਗੇ ਉਹ ਕੀ ਕਰਦੇ ਹਨ। ਅਜੇ ਤੁਸੀਂ ਇਹਦੇ ਨਾਲ ਹੀ ਕੰਮ ਸਾਰੋ, ਬਾਕੀ ਕਦੇ ਫੇਰ।

ਯੂਨੀਵਰਸਿਟੀਆਂ ਦੇ ਨਿਯਮਾਂ ਅਨੁਸਾਰ ਪੀਐਚ. ਡੀ ਕਰਨ ਦੇ ਲਈ ਖੋਜਾਰਥੀ ਨੂੰ ਆਪਣਾ ਨਿਗਰਾਨ ਲੱਭਣ ਲਈ ਯੂਨੀਵਰਸਿਟੀਆਂ ਵਿਚ ਗੇੜੇ ਮਾਰਨੇ ਪੈਂਦੇ ਹਨ। ਉਸਦੇ ਗੇੜੇ ਏਨੇ ਮਰਵਾਏ ਜਾਂਦੇ ਹਨ ਕਿ ਕਈ ਵਾਰ ਤਾਂ ਖੋਜਾਰਥੀ ਥੱਕ ਹਾਰ ਕੇ ਘਰ ਹੀ ਬੈਠ ਜਾਂਦਾ ਹੈ। ਫੇਰ ਉਸਨੂੰ ਕਈ ਵਾਰ ਸਿਫਾਰਸ਼ਾਂ ਵੀ ਕਰਵਾਉਣੀਆਂ ਪੈਂਦੀਆਂ ਨੇ ਗਾਈਡ ਨਾਲ ਰਿਸ਼ਤੇਦਾਰੀਆਂ ਕੱਢੀਆਂ ਪੈਂਦੀਆਂ ਨੇ, ਮਿੰਨਤਾਂ ਤਰਲੇ ਕਰਨੇ ਪੈਂਦੇ ਨੇ ਤਾਂ ਕਿਤੇ ਜਾ ਕੇ ਗਾਈਡ ਦੇ ਮਨ 'ਚ ਮਿਹਰ ਪੈਂਦੀ ਹੈ ।

ਫੇਰ ਉਸਨੂੰ ਦਾਖਲਾ ਲੈਣ ਤੇ ਅਪਣੇ ਵਿਸ਼ੇ ਦੀ ਚੋਣ ਕਰਨੀ ਪੈਂਦੀ ਹੈ। ਵਿਸ਼ੇ ਦੀ ਚੋਣ ਤੋਂ ਬਾਅਦ ਫੇਰ ਸਾਰੀਆਂ ਯੂਨੀਵਰਸਿਟੀਆਂ ਵਿਚੋਂ ਇਹ ਖੋਜ ਕੀਤੀ ਜਾਂਦੀ ਹੈ ਕਿ ਜਿਹੜਾ ਖੋਜਾਰਥੀ ਜਿਸ ਵਿਸ਼ੇ ਉਪਰ ਕੰਮ ਕਰਨਾ ਚਾਹੁੰਦਾ ਹੈ ਕੀ ਇਸ ਵਿਸ਼ੇ ਉਪਰ ਪਹਿਲਾਂ ਤਾਂ ਨਹੀਂ ਖੋਜ ਹੋ ਚੁਕੀ ? ਇਸ ਦਾ ਪਤਾ ਖੋਜਾਰਥੀ ਨੂੰ ਖੁਦ ਹੀ ਕਰਨਾ ਪੈਂਦਾ ਹੈ। ਜਦਕਿ ਇਹ ਕੰਮ ਯੂਨੀਵਰਸਿਟੀਆਂ ਦਾ ਹੁੰਦਾ ਕਿ ਉਹ ਆਪਸ 'ਚ ਰਾਬਤਾ ਰੱਖਣ ਤੇ ਖੋਜ ਲਈ ਇਕ ਦੂਜੀ ਨੂੰ ਜਾਣਕਾਰੀ ਦੇਣ ਤੇ ਹਰ ਨਵੇਂ ਵਿਸ਼ੇ 'ਤੇ ਖੋਜ ਕਰਵਾਉਣ ਤਾਂ ਕਿਤੇ ਦੁਹਰਾਉ ਨਾ ਹੋਵੇ ਪਰ ਉਹ ਇਹ ਸਭ ਕੁਝ ਖੋਜਾਰਥੀ ਨੂੰ ਆਪ ਕਰਨੀ ਪੈਂਦੀ ਹੈ।

ਜਿਹੜੇ ਤਾਂ ਸਿਰੜੀ ਖੋਜਾਰਥੀ ਹੁੰਦੇ ਹਨ, ਉਹ ਤਾਂ ਸਿਰ ਮੱਥੇ ਹੁਕਮ ਮੰਨਦੇ ਹਨ। ਜਿਹੜੇ ਖੋਜਾਰਥੀ ਖੋਜ ਕਰਨ ਦੀ ਬਜਾਏ ਡਿਗਰੀ ਲੈਣ ਤੱਕ ਹੀ ਮਹਿਦੂਦ ਹੁੰਦੇ ਹਨ ਉਹ ਸਾਰਾ ਕੁਝ ਜੈਕ ਤੇ ਚੈਕ ਨਾਲ ਹਾਸਲ ਕਰ ਲੈਂਦੇ ਹਨ ।

ਕੁੜੀਆਂ ਲਈ ਇਸ ਮਾਰਗ ਨੂੰ ਥੋੜ੍ਹਾ ਜਿਹਾ ਇਸ ਲਈ ਮੁਸ਼ਕਿਲ ਬਣਾ ਕੇ ਵਿਖਾਇਆ ਜਾਂਦਾ ਹੈ ਕਿ ਉਹ ਉਨ੍ਹਾਂ ਦੀਆਂ ਮਨੋਕਾਮਨਾਵਾਂ ਨੂੰ ਪੂਰੀਆਂ ਕਰ ਸਕਣ। ਇਸੇ ਲਈ ਉਨ੍ਹਾਂ ਦੇ ਵੱਧ ਤੋਂ ਵੱਧ ਚੱਕਰ ਯੂਨੀਵਰਸਿਟੀਆਂ ਦੇ ਲਵਾਏ ਜਾਂਦੇ ਹਨ ਤਾਂ ਕਿ ਉਹ ਭੱਜ ਨੱਠ ਕੇ ਉਹਨਾਂ ਦੀ ਛੱਤਰ ਛਾਇਆ ਹੇਠ ਆ ਜਾਣ।

ਅਜੋਕੇ ਸਮੇਂ ਦੀਆਂ ਕੁੜੀਆਂ ਲਈ ਨੈਤਿਕ ਕਦਰਾਂ ਕੀਮਤਾਂ ਦੀ ਕੋਈ ਵੁਕਤ ਨਹੀਂ। ਉਹਨਾਂ ਨੂੰ ਤਾਂ ਆਪਣੇ ਨਾਂ ਦੇ ਨਾਲ 'ਡਾਕਟਰ ' ਲੱਗਿਆ ਵੇਖਣ ਲਈ ਹਰ ਪੁਲ ਦੇ ਹੇਠ ਦੀ ਲੰਘਣ ਲਈ ਖੁੱਦ ਉਤਾਵਲੀਆਂ ਹੁੰਦੀਆਂ ਹਨ ਜਾਂ ਫਿਰ ਉਹਨਾਂ ਨੂੰ ਇਸ ਹੱਦ ਤੱਕ ਪਹੁੰਚਾ ਦਿੱਤਾ ਜਾਂਦਾ ਹੈ, ਜਿਹੜੀਆਂ 'ਚ ਅਣਖ਼ ਇੱਜ਼ਤ ਦੀ ਕੋਈ ਚਿਣਗ ਹੁੰਦੀ ਹੈ ਉਹ ਤਾਂ ਆਪ ਹੀ ਆਪਣੀ ਅੱਗ ਵਿਚ ਸੜਕੇ ਬੁਝ ਜਾਂਦੀਆਂ ਹਨ। ਇਹ ਸਭ ਕੁੱਝ ਕਿਸੇ ਇਕ ਯੂਨੀਵਰਸਿਟੀ ਵਿਚ ਨਹੀਂ ਹੁੰਦਾ, ਸਗੋਂ ਇਹ ਲਗਪਗ ਸਭ ਯੂਨੀਵਰਸਿਟੀਆਂ ਵਿਚ ਹੋ ਰਿਹਾ ਹੈ ਪਰ ਇਸ ਡਿੱਗ ਰਹੀ ਨੈਤਿਕਤਾ ਬਾਰੇ ਕਿਤੇ ਕਿਤੇ ਕੋਈ ਅਣਖ਼ ਦੀ ਕੋਈ ਲਾਟ ਉਠਦੀ ਹੈ। ਜਿਵੇਂ ਪਿਛਲੇ ਸਮੇਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਉਠੀ ਸੀ ।

ਇਹ ਤਾਂ ਸਿਰਫ਼ ਇਕ ਹੀ ਲਾਟ ਸੀ ਪਰ ਅਜਿਹੀਆਂ ਬਹੁਤ ਸਾਰੀਆਂ ਲਾਟਾਂ ਹਨ, ਜਿਹੜੀਆਂ ਆਪਣੇ ਨਿਗਰਾਨਾਂ ਦੀਆਂ ਕੋਠੀਆਂ ਦੇ ਬੈੱਡ ਰੂਮਾਂ ਜਾਂ ਫਿਰ ਹੋਰ ਸੁਰੱਖਿਅਤ ਥਾਵਾਂ ਉਪਰ ਜਗਦੀਆਂ ਹਨ। ਉਨਾਂ 'ਲਾਟਾਂ' ਦੇ ਸਨਾਂਪਿਜ਼, ਖੋਜ ਪੱਤਰ, ਥੀਸਿਸ ਨਿਗਰਾਨ ਖੁਦ ਲਿਖਣ ਤੇ ਫੇਰ ਬਾਈਵਾ ਕਰਵਾਉਣ ਤੱਕ ਹਰ ਤਰ੍ਹਾਂ ਦਾ 'ਪਰ ਉਪਕਾਰ ' ਕਰਨ ਤੱਕ ਜਾਂਦੇ ਹਨ। ਜਿਹਨਾਂ ਨੇ ਇਹ ਪਰ ਉਪਕਾਰ ਕੀਤਾ, ਇਹਦੇ ਬਾਰੇ ਕਦੇ ਜਰੂਰ ਗੱਲ ਕਰਾਂਗੇ।

ਇਸ ਸੱਚ ਦਾ ਦੂਸਰਾ ਪਾਸਾ ਇਹ ਵੀ ਹੈ ਕਿ ਜੇ ਤੁਸੀਂ ਕਿਸੇ ਨਿਗਰਾਨ ਲਈ 'ਲਾਟ' ਬਣ ਰੌਸ਼ਨੀ ਲਹੀਂ ਦੇ ਸਕਦੇ ਤਾਂ ਫਿਰ ਤੁਸੀਂ ' ਮਾਇਆ ' ਦੇ ਰਾਹੀਂ ਇਹ ਕੰਮ ਕਰਵਾ ਸਕਦੇ ਹੋ। ਫੇਰ ਤੁਹਾਡੇ ਦੁਆਰਾ ਕੀਤਾ ਗਿਆ ਕੰਮ 'ਮਹਾਨ' ਖੋਜ ਬਣ ਜਾਦਾ ਹੈ। ਉਹ ਇਸ ਲਈ ਕਿ ਤੁਹਾਡੇ ਹੁਸਨ ਦੀ ਜਾਂ ਫਿਰ ਮਾਇਆ ਦੀ 'ਰੌਸ਼ਨੀ' ਨੇ ਸਾਡੀਆਂ ਯੂਨੀਵਰਸਿਟੀਆਂ ਵਿਚ ਬੈਠੇ 'ਵਿਦਵਾਨਾਂ' ਦੇ ਹਨੇਰੇ ਘਰਾਂ ਅੰਦਰ ਚਾਨਣ ਕੀਤਾ ਹੁੰਦਾ ਹੈ।

ਹੁੰਦਾ ਉਹੀ ਕੁੱਝ ਹੈ ਜੋ ਨਿਗਰਾਨ ਚਾਹੁੰਦਾ ਹੈ। ਜਦੋਂ ਨਿਗਰਾਨ ਦੇ ਇਸ਼ਾਰਿਆਂ ਉਪਰ ਖੋਜਾਰਥੀ ਨੱਚਦਾ ਹੈ, ਫੇਰ ਉਸ ਦੇ ਪੇਸ਼ ਕੀਤੇ ਥੀਸਿਸ ਉਪਰ ਸਾਡੇ ਪ੍ਰੀਖਿਅਕ ਵੀ ਅੱਖਾਂ ਮੀਟ ਕੇ 'ਮਹਾਨ ਖੋਜ' ਦਾ ਤਸਦੀਕ ਸ਼ੁਦਾ ਸਰਟੀਫ਼ਕੇਟ ਯੂਨੀਵਰਸਿਟੀ ਨੂੰ ਭੇਜ ਦੇਂਦੇ ਹਨ। ਕਿਉਕਿ ਇਹ ਸਭ 'ਕਾਰੋਬਾਰ' ਸਾਰਾ ਰਲ ਮਿਲ ਕੇ ਹੀ ਚੱਲਦਾ ਹੈ। ਥੀਸਿਸ ਵਿਚ ਜੋ ਕੁਝ ਵੀ ਲਿਖਿਆ ਹੁੰਦਾ ਹੈ ਉਹ ਸਾਰਾ ਇਧਰ ਉਧਰ ਤੋਂ ਚੁੱਕ ਕੇ ਤਿਆਰ ਕੀਤਾ ਹੁੰਦਾ ਹੈ। ਜੇਕਰ ਤੁਸੀਂ ਪ੍ਰੀਖਿਅਕ ਨੂੰ ਦਿੱਤੇ ਥੀਸਿਸ ਉਪਰ ਪੰਛੀ ਜਿਹੀ ਝਾਤ ਮਾਰੋ ਤਾਂ ਤੁਹਾਨੂੰ ਕੋਈ ਵੀ ਪੰਨਾ ਅਜਿਹਾ ਨਜ਼ਰ ਨਹੀਂ ਆਵੇਗਾ ਜਿਥੇ ਉਨਾਂ ਨੇ ਕੋਈ ਨਿਸ਼ਾਨੀ ਲਾਈ ਹੋਵੇ।

ਭਾਵੇਂ ਉਹਨਾਂ ਲਈ ਨਿਸ਼ਾਨੀ ਲਾਉਣੀ ਔਖੀ ਨਹੀਂ ਹੁੰਦੀ, ਔਖ ਉਹਨਾਂ ਲਈ ਇਹ ਹੁੰਦੀ ਹੈ ਕਿ ਉਹ ਥੀਸਿਸ ਉਨ੍ਹਾਂ ਵਰਗੇ 'ਮਹਾਨ ਵਿਦਵਾਨ' ਦੇ ਨਿਗਰਾਨੀ ਹੇਠ ਹੋਇਆ ਹੁੰਦਾ ਹੈ ਫ਼ੇਰ ਕੱਲ ਨੂੰ ਇਹੋ ਜਿਹਾ 'ਮਹਾਨ ਕੰਮ' ਉਨ੍ਹਾਂ ਨੇ ਵੀ ਕਰਵਾਉਣਾ ਹੁੰਦਾ ਹੈ।

ਜਿਵੇਂ ਕਿ ਕਹਿੰਦੇ ਹੁੰਦੇ ਨੇ 'ਚੋਰ ਚੋਰ ਮਸੇਰੇ ਭਾਈ ' ਤੇ ਈਸਬਗੋਲ ਕੁਝ ਨਾ ਬੋਲ । ਇਕੋ ਵਿਸ਼ੇ 'ਤੇ ਖੋਜ ਕਰਨੀ ਕਿੰਨੀ ਕੁ ਜਾਇਜ਼ ਹੈ? ਇਹ ਤਾਂ ਯੂਨੀਵਰਸਿਟੀਆਂ ਦੇ ਇਹ 'ਮਹਾਨ ਵਿਦਵਾਨ ' ਹੀ ਦੱਸ ਸਕਦੇ ਹਨ ਕਿ ਇਸ 'ਕਾਰੋਬਾਰ' 'ਚ ਕੀ ਕੀ ਹੁੰਦਾ ਹੈ ?

ਪੀਐਚ ਡੀ ਦੇ ਕਿੰਨੇ ਹੀ ਅਜਿਹੇ 'ਮਹਾਨ ਥੀਸਿਸ ' ਹਨ, ਜਿੰਨਾਂ ਦਾ ਵਿਸ਼ਾ ਇਕੋ ਹੀ ਹੈ ਜਾਂ ਫਿਰ ਉਸ ਵਿਚ ਸ਼ਬਦਾਂ ਦੀ ਹੇਰ ਫੇਰ ਹੈ। ਇਹੀ ਹੇਰ ਫੇਰ ਉਨਾਂ ਅਧਿਆਏ ਵੰਡ ਵਿਚ ਕੀਤੀ ਹੈ ।

ਇਹ ਸ਼ਬਦਾਂ ਦੀ ਚਰਸ ਖੇਡ 'ਚ ਕਿਵੇਂ ਸਿਧਾਂਤਕ ਅਧਿਆਏ ਨੂੰ ਅੱਗੇ ਪਿੱਛੇ ਕਰ ਕੇ ਆਪਣੇ ਥੀਸਿਸ ਵਿਚ ਚੇਪਿਆ ਜਾਂਦਾ ਹੈ, ਇਸ ਬਾਰੇ ਕਦੇ ਫਿਰ ਪਰਦੇ ਚਾਕ ਕਰਾਂਗੇ, ਅਜੇ ਤਾਂ ਆਪਾਂ ਇਹਨਾਂ ਯੂਨੀਵਰਸਿਟੀਆਂ ਵਿਚ ਬੈਠੇ ਇਨ੍ਹਾਂ 'ਮਹਾਨ ਵਿਦਵਾਨਾਂ' ਵਲੋਂ ਫੈਲਾਏ ਜਾ ਰਹੇ, ਹਨੇਰ ਬਾਰੇ ਹੀ ਥੋੜ੍ਹੀ ਜਿਹੀ ਤੁਹਾਨੂੰ ਜਾਣਕਾਰੀ ਦਿੱਤੀ ਹੈ ।

ਦੁੱਖ ਦੀ ਗੱਲ ਤਾਂ ਇਹ ਹੈ ਕਿ ਯੂਨੀਵਰਸਿਟੀਆਂ ਵਿਚ ਆਏ ਸਾਲ ਅਜਿਹੇ ਥੀਸਿਸ ਪੇਸ਼ ਕਰ ਰਹੀਆਂ ਨੇ ਜੇ ਇੰਨਾਂ ਦੀ ਕਿਸੇ ਨਿਰਪੱਖ ਏਜੰਸੀ ਤੋਂ ਜਾਚ ਕਰਵਾਈ ਜਾਵੇ ਤਾਂ ਬਹੁਤ ਕੁਝ ਅਜਿਹਾ ਸਾਹਮਣੇ ਆਵੇਗਾ ਜਿਸ ਵਾਰੇ ਅਸੀਂ ਸੋਚ ਵੀ ਨਹੀਂ ਸਕਦੇ ।

ਇਕ ਗੱਲ ਤਾਂ ਇਹ ਹੋਵੇਗੀ ਕਿ ਬਹੁਤ ਸਾਰੇ 'ਮਹਾਨ ਵਿਦਵਾਨਾਂ ' ਦੀ ਰੋਜ਼ੀ ਰੋਟੀ ਤਾਂ ਜਾਵੇਗੀ ਤੇ ਨਾਲ ਹੀ ਉਨਾਂ ਦੇ ਨਾਂਅ ਦੇ ਨਾਲ ਲੱਗਿਆ 'ਡਾਕਟਰ ' ਸ਼ਬਦ ਵੀ ਉਨ੍ਹਾਂ ਨੂੰ ਬਿੱਛੂ ਵਾਂਗ ਲੱਗੇਗਾ ਪਰ ਇੰਨ੍ਹਾਂ ਦੀ ਪੜਤਾਲ ਕੌਣ ਕਰਵਾਏਗਾ ਤੇ ਕਰੇਗਾ ? ਪਰ ਹੁਣ ਦੇ ਕੇਂਦਰੀ ਮੰਤਰੀ ਵਲੋਂ ਪੀਐਚ. ਡੀ.ਦੇ ਥੀਸਿਸਾਂ ਦੀ ਪੜਤਾਲ ਕਰਨ ਦਾ ਹੁਕਮ ਹੋਇਆ ਹੈ. ਦੇਖੋ ਊਠ ਕਿਸ ਕਰਵਟ ਬੈਠਦਾ ਹੈ ? ਇਹ ਸੱਚ ਹੈ ਕਿ ਇਸ ਹਮਾਮ ਵਿਚ ਸਭ ਨੰਗੇ ਹਨ। ਇਹ ਨੈਤਿਕਤਾ ਪੱਖੋਂ ਨੰਗੇ 'ਮਹਾਨ ਵਿਦਵਾਨ' ਦਿਨੋਂ ਦਿਨ ਹਨੇਰ ਫੈਲਾਅ ਰਹੇ ਹਨ ਤੇ ਉਹ ਅਜਿਹੇ 'ਡਾਕਟਰ' ਸਿੱਖਿਆ ਵਰਗੇ ਖੇਤਰ ਵਿਚ ਭੇਜ ਰਹੇ ਹਨ, ਜਿਹੜੇ ਅੱਗੇ ਹਨੇਰ ਫੈਲਾਉਣ ਵਿਚ ਆਪਣੀ ਕਿਵੇਂ ਭੂਮਿਕਾ ਨਿਭਾਅ ਰਹੇ ਹਨ ਤੇ ਕਿਵੇਂ ਸਿਲੇਬਸ 'ਚ ਆਪਣੀਆਂ ਕਿਤਾਬਾਂ ਲਵਾਉਂਦੇ ਹਨ ਤੇ ਉਨ੍ਹਾਂ ਦਾ ਪ੍ਰਕਾਸ਼ਕਾਂ ਦੇ ਨਾਲ ਕਿਵੇਂ ਗੰਢਤੁਪ ਹੈ ਇਸ ਬਾਰੇ ਕਦੇ ਫੇਰ ਸਹੀ। ਇਹ ਅਖੌਤੀ ਵਿਦਵਾਨ ਕੀ ਕੀ ਕਰਦੇ ਹਨ ਇਸ ਦਾ ਅੰਦਰਲਾ ਸੱਚ ਹੁਣ ਸਾਹਮਣੇ ਆਉਣ ਲੱਗ ਪਿਆ ਹੈ। ਭਾਵੇਂ ਸਾਰੇ ਹੀ ਨਿਗਰਾਨ ਤੇ ਖੋਜਾਰਥੀ ਗ਼ਲਤ ਨਹੀਂ ਪਰ ਜੋ ਕੁੱਝ ਹੋ ਰਿਹਾ ਹੈ ਉਹ ਗ਼ਲਤ ਹੈ। ਹੁਣ ਤੱਕ ਢਕੀ ਰਿੱਝਦੀ ਰਹੀ ਹੈ। ਕਈ ਮਹਾਨ ਵਿਦਵਾਨਾਂ ਨੇ ਕਈਆਂ ਨੂੰ ਨਾ ਤਾਂ ਪੀਐਚ. ਡੀ ਕਰਵਾਈ ਤੇ ਨਾ ਹੀ ਉਹਨਾਂ ਦਾ ਕਿੱਧਰੇ ਵਿਆਹ ਹੋਣ ਦਿੱਤਾ। ਬਹੁਤ ਨੇ ਵਿਚਕਾਰ ਹੀ ਖੋਜ ਦਾ ਕੰਮ ਛੱਡਿਆ। ਇਸ ਦੇ ਵਿਚ ਕਈ ਵਿਦਵਾਨ ਤਾਂ ਬਹੁਤ ਹੀ ਮਸ਼ਹੂਰ ਹੋਏ , ਕਦੇ ਉਹਨਾਂ ਦੇ ਨਾਂ ਵੀ ਆ ਜਾਣਗੇ ਸਾਹਮਣੇ ਪਰ ਕੁੱਝ ਵਿਦਵਾਨ ਹਨ ਜੋ ਖੋਜ ਕਾਰਜ ਦੇ ਲਈ ਸੁਹਿਰਦ ਹਨ ਤੇ ਉਹ ਚੁਪਚਾਪ ਕੰਮ ਕਰਵਾ ਰਹੇ ਹਨ ਪਰ ਉਹਨਾਂ ਦਾ ਕੋਈ ਨਾ ਨੀ ਲੈਂਦਾ । ਇਹ ਸਿਲਸਿਲਾ ਕੌਣ ਰੋਕੇਗਾ, ਨਿੱਜੀ ਯੂਨੀਵਰਸਿਟੀਆਂ ਨੇ ਤਾਂ ਠੇਕਾ ਕਰ ਲਿਆ ਹੈ, ਮਾਇਆ ਦੇਵੋ ਤੇ ਡਿਗਰੀ ਲਵੋ। ਜਦੋਂ ਨੌਜਵਾਨ ਪੀੜ੍ਹੀ ਬੌਧਿਕ ਵਿਹੂਣੀ ਹੋਵੇਗੀ ਤਾਂ ਉਸਨੂੰ ਗ਼ੁਲਾਮ ਬਣਾਉਣਾ ਸੌਖਾ ਹੈ। ਕੀ ਮੌਜੂਦਾ ਸਰਕਾਰ ਨੌਜਵਾਨਾਂ ਨੂੰ ਆਰਥਿਕ ਤੇ ਬੌਧਿਕ ਵਿਹੂਣੇ ਬਣਾਉਣ ਲਈ ਜਿਸ ਰਸਤੇ ਤੁਰੀ ਜਾਂਦੀ ਹੈ, ਇਸ ਨੂੰ ਰੋਕਣ ਤੇ ਟੋਕਣ ਲਈ ਕੋਈ ਧਿਰ ਉਠੇਗੀ??

CANADIAN TRUCK TRAINING CENTRE





ਤਸੱਲੀਬਕਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ
Approved private career college,
Training Classes for Air Brakes,
Dangerous Goods & Log Book
7270 Torbram Road, Unit 2 & 3
Mississauga (Torbram & Drew)
905-673-7200
416-294-1662

# ਭਲਾਈ ਬੋਰਡ : ਪੰਜਾਬ 'ਚ ਚੇਅਰਮੈਨਾਂ ਦੀ ਫ਼ੌਜ



ਚਰਨਜੀਤ ਭੁੱਲਰ

ਚੰਡੀਗੜ੍ਹ : ਪੰਜਾਬ ਸਰਕਾਰ ਵੱਲੋਂ ਸੂਬੇ ’ਚ ਚੇਅਰਮੈਨਾਂ ਦੀ ਫ਼ੌਜ ਖੜ੍ਹੀ ਕੀਤੀ ਜਾਵੇਗੀ। ਸੂਬੇ ਭਰ ’ਚ ਕਰੀਬ ਤਿੰਨ ਹਜ਼ਾਰ ਨਵੇਂ ਚੇਅਰਮੈਨ ਬਣਾਏ ਜਾਣਗੇ। ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੂਬਾ ਸਰਕਾਰ ਨੇ ਪਹਿਲਾਂ ਸਟੇਟ ਪੱਧਰੀ 21 ਭਲਾਈ ਬੋਰਡਾਂ ਦਾ ਗਠਨ ਕੀਤਾ ਅਤੇ ਹੁਣ ਹਰ ਜ਼ਿਲ੍ਹੇ ਤੇ ਹਰ ਵਿਧਾਨ ਸਭਾ ਹਲਕੇ ’ਚ ਭਲਾਈ ਬੋਰਡ ਬਣਨਗੇ। ਇਨ੍ਹਾਂ ਚੇਅਰਮੈਨਾਂ ਨੂੰ ਨਾ ਤਨਖ਼ਾਹ ਮਿਲੇਗੀ ਅਤੇ ਨਾ ਹੀ ਕੋਈ ਭੱਤਾ। ਨਾ ਕੋਈ ਦਫ਼ਤਰ ਮਿਲੇਗਾ ਅਤੇ ਇੱਥੋਂ ਤੱਕ ਕਿ ਉਨ੍ਹਾਂ ਦਾ ਕਾਰਜਕਾਲ ਵੀ ਪੱਕਾ ਨਹੀਂ ਹੋਵੇਗਾ।ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ’ਚ 21 ਭਲਾਈ ਬੋਰਡ ਬਣਨਗੇ। ਹਰ ਬੋਰਡ ਦਾ ਇੱਕ ਚੇਅਰਮੈਨ, ਇੱਕ ਸੀਨੀਅਰ ਵਾਈਸ ਚੇਅਰਮੈਨ, ਇੱਕ ਵਾਈਸ ਚੇਅਰਮੈਨ ਅਤੇ 10 ਮੈਂਬਰ ਹੋਣਗੇ। ਇੱਕ ਬੋਰਡ 13 ਮੈਂਬਰੀ (ਸਮੇਤ ਅਹੁਦੇਦਾਰ) ਹੋਵੇਗਾ। ਇਸ ਹਿਸਾਬ ਨਾਲ ਸੂਬੇ ਦੇ 117 ਹਲਕਿਆਂ ਦੇ ਇੱਕ-ਇੱਕ ਬੋਰਡ ਦੇ ਕੁੱਲ ਮੈਂਬਰ ਸਮੇਤ ਚੇਅਰਮੈਨ ਆਦਿ 1521 ਹੋ ਜਾਣਗੇ।

ਇਸੇ ਤਰ੍ਹਾਂ ਹਰ ਜ਼ਿਲ੍ਹੇ ’ਚ 21 ਬੋਰਡਾਂ ਦਾ ਗਠਨ ਹੋਵੇਗਾ ਅਤੇ ਇਨ੍ਹਾਂ ਜ਼ਿਲ੍ਹਾ ਪੱਧਰੀ ਬੋਰਡਾਂ ਦੇ ਕੁੱਲ ਮੈਂਬਰ (ਚੇਅਰਮੈਨ ਆਦਿ ਸਮੇਤ) ਸਮੁੱਚੇ ਪੰਜਾਬ ਵਿੱਚ 299 ਹੋ ਜਾਣਗੇ। ਹਰ ਜ਼ਿਲ੍ਹੇ ਅਤੇ ਹਰ ਅਸੈਂਬਲੀ ਹਲਕੇ ’ਚ 21 ਬੋਰਡਾਂ ਦੇ ਗਠਨ ਹੋਣ ’ਤੇ ਕੁੱਲ ਮੈਂਬਰ (ਸਮੇਤ ਚੇਅਰਮੈਨ) 38,220 ਹੋ ਜਾਣਗੇ, ਜਿਨ੍ਹਾਂ ’ਚ ਚੇਅਰਮੈਨਾਂ ਦੀ ਗਿਣਤੀ 2940 ਹੋਵੇਗੀ। ਜੇਕਰ ਚੇਅਰਮੈਨਾਂ ਤੋਂ ਇਲਾਵਾ ਸੀਨੀਅਰ ਵਾਈਸ ਚੇਅਰਮੈਨ ਅਤੇ ਸੀਨੀਅਰ ਚੇਅਰਮੈਨਾਂ ਦਾ ਅੰਕੜਾ ਵੀ ਇਕੱਠਾ ਕਰ ਲਈਏ ਤਾਂ ਇਹ ਪ੍ਰਮੁੱਖ ਅਹੁਦੇਦਾਰ 8820 ਹੋ ਜਾਣਗੇ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਬੋਰਡਾਂ ਦੇ ਅਹੁਦੇਦਾਰ ਅਤੇ ਮੈਂਬਰ ਨਾਮਜ਼ਦ ਕੀਤੇ ਜਾਣਗੇ। ਇਹ ਅਹੁਦੇ ਸਵੈ ਇੱਛੁਕ ਹੋਣਗੇ ਅਤੇ ਅਹੁਦੇਦਾਰ ਸਰਕਾਰ ਦੀ ਮਰਜ਼ੀ ਤੱਕ ਅਹੁਦੇ ’ਤੇ ਰਹਿ ਸਕਣਗੇ। ਪੰਜਾਬ ਸਰਕਾਰ ਇਨ੍ਹਾਂ ਅਹੁਦੇਦਾਰਾਂ ਨੂੰ ਬਿਨਾਂ ਕੋਈ ਨੋਟਿਸ ਦੇ ਕਦੋਂ ਮਰਜ਼ੀ ਹਟਾ ਸਕੇਗੀ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਇਹ ਭਲਾਈ ਬੋਰਡ ਆਪੋ ਆਪਣੇ ਭਾਈਚਾਰੇ ਦੀ ਭਲਾਈ ਦੇ ਪ੍ਰਸਤਾਵ ਸਰਕਾਰ ਨੂੰ ਦੇਣਗੇ ਅਤੇ ਭਲਾਈ ਸਕੀਮਾਂ ਦੇ ਅਸਰ ਬਾਰੇ ਵੀ ਫੀਡਬੈਕ ਸਰਕਾਰ ਨੂੰ ਦੇਣਗੇ।




ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ ਸੂਬਾ ਪੱਧਰੀ 21 ਭਲਾਈ ਬੋਰਡ ਬਣਾਏ ਸਨ, ਜਿਨ੍ਹਾਂ ਦੇ ਅਹੁਦੇਦਾਰਾਂ ਦਾ ਮੈਂਬਰਾਂ ਦਾ ਅੰਕੜਾ ਵੀ 273 ਬਣਦਾ ਹੈ। ਜ਼ਿਲ੍ਹਾ ਪੱਧਰ ’ਤੇ ਇਨ੍ਹਾਂ ਬੋਰਡਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਨਿਯੁਕਤੀ ਡਿਪਟੀ ਕਮਿਸ਼ਨਰਾਂ ਵੱਲੋਂ ਕੀਤੀ ਜਾਵੇਗੀ। ਜਿਨ੍ਹਾਂ ਵਰਗਾਂ ਅਤੇ ਭਾਈਚਾਰੇ ਦੀ ਭਲਾਈ ਲਈ ਬੋਰਡ ਬਣਾਏ ਜਾ ਰਹੇ ਹਨ, ਉਨ੍ਹਾਂ ’ਚ ਰਾਏ ਸਿੱਖ ,ਰਾਜਪੂਤ, ਬੈਰਾਗੀ, ਬ੍ਰਾਹਮਣ, ਵਿਮੁਕਤ ਜਾਤੀ, ਪਰਜਾਪਤ ਸਮਾਜ, ਸੈਣੀ ਭਾਈਚਾਰਾ, ਰਾਮਗੜ੍ਹੀਆ ਬਰਾਦਰੀ, ਸਵਰਨਕਾਰ, ਮਸੀਹ, ਮੁਸਲਿਮ ਵਿਕਾਸ ਬੋਰਡ, ਸੂਫ਼ੀ ਸੰਤ ਸਮਾਜ, ਕਨੌਜੀਆ, ਅਗਰਵਾਲ ਭਾਈਚਾਰਾ, ਕੰਬੋਜ ਭਾਈਚਾਰਾ, ਖੱਤਰੀ ਅਰੋੜਾ, ਬਾਜ਼ੀਗਰ ਟੱਪਰੀਵਾਸ ਅਤੇ ਗੁੱਜਰ ਆਦਿ ਸ਼ਾਮਲ ਹਨ।ਪੰਜਾਬ ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਇਨ੍ਹਾਂ ਭਲਾਈ ਬੋਰਡਾਂ ਦੇ ਅਹੁਦੇਦਾਰਾਂ ਨੂੰ ਸਰਕਾਰੀ ਖ਼ਜ਼ਾਨੇ ਚੋਂ ਕੋਈ ਤਨਖ਼ਾਹ ਜਾਂ ਭੱਤਾ ਨਹੀਂ ਮਿਲੇਗਾ। ਇਨ੍ਹਾਂ ਬੋਰਡਾਂ ਦਾ ਕੋਈ ਦਫ਼ਤਰ ਵੀ ਨਹੀਂ ਹੋਵੇਗਾ ਅਤੇ ਨਾ ਹੀ ਵੱਖਰਾ ਕੋਈ ਸਟਾਫ਼ ਮਿਲੇਗਾ। ਇਸ ਤੋਂ ਸਾਫ਼ ਹੈ ਕਿ ਪ੍ਰਮੁੱਖ ਹਸਤੀਆਂ ਨੂੰ ਸਿਰਫ਼ ਚੇਅਰਮੈਨੀ ਦੀ ਫੀਤੀ ਹੀ ਮਿਲੇਗੀ।

UNIVERSAL MORTGAGES



CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਬਾਰੀ ਕੋਲ ਬੈਠੀ...



ਬਾਰੀ ਕੋਲ ਬੈਠੀ ਮਾਂ ਨੂੰ ਵੇਖ ਸਾਨੂੰ ਪਤਾ ਲੱਗ ਜਾਇਆ ਕਰਦਾ ਕੇ ਬਨੇਰੇ ਤੇ ਕਾਂ ਬੋਲਦਾ ਹੋਣਾ ਤੇ ਜਾਂ ਫੇਰ ਰੋਟੀ ਪਕਾਉਂਦੀ ਹੱਥੋਂ ਪੇੜਾ ਭੁੜਕਿਆ ਹੋਣਾ..ਨਾਨਕਿਆਂ ਤੋਂ ਕਿਸੇ ਪ੍ਰਾਹੁਣੇ ਨੂੰ ਉਡੀਕਦੀ ਹੋਣੀ..!

ਮਾਮੇ ਦੀ ਲੱਤ ਵਿਚ ਨੁਕਸ ਸੀ..!

ਉਸਤੋਂ ਸਾਈਕਲ ਨਹੀਂ ਚੱਲਦਾ ਹੁੰਦਾ..ਹਮੇਸ਼ਾਂ ਟਾਂਗੇ ਤੇ ਹੀ ਆਉਂਦਾ..ਫੇਰ ਹੇਠਾਂ ਉੱਤਰ ਪੈਦਲ ਤੁਰੇ ਆਉਂਦੇ ਨੂੰ ਵੇਖ ਹੈਰਾਨ ਹੋ ਜਾਇਆ ਕਰਦੇ..ਐਸਾ ਅਟੱਲ ਵਿਸ਼ਵਾਸ਼ ਕੇ ਮਾਂ ਨੇ ਆਟਾ ਵੀ ਵਾਧੂ ਗੁੰਨ੍ਹ ਲਿਆ ਹੁੰਦਾ..ਮੰਜੀ ਬਿਸਤਰਾ ਵੀ ਤਿਆਰ ਕਰ ਦੇਣਾ ਅਤੇ ਫੇਰ ਤੁਰੇ ਆਉਂਦੇ ਨੂੰ ਵੇਖ ਖੁਸ਼ੀ ਸਾਂਭੀ ਨਾ ਜਾਂਦੀ..ਰੱਬ ਦੇ ਰੇਡੀਓ..!

ਕਦੀ ਕਦਾਈਂ ਮਾਂ ਦੀ ਬਾਪੂ ਹੁਰਾਂ ਨਾਲ ਲੜਾਈ ਹੋ ਜਾਂਦੀ..ਬਹੁਤੇ ਵਾਰ ਖਰਚੇ ਤੋਂ ਹੁੰਦੀ..ਕਦੀ ਘੱਟ ਦਾਜ ਦਾ ਮੇਹਣਾ ਵੱਜਦਾ ਤਾਂ ਬੜਾ ਗੁੱਸਾ ਕਰਦੀ..ਫੇਰ ਬਾਰੀ ਕੋਲ ਆ ਕੇ ਬੈਠ ਜਾਇਆ ਕਰਦੀ..!

ਸਾਥੋਂ ਕਾਪੀ ਦਾ ਵਰਕਾ ਮੰਗਦੀ..ਕਿੰਨੀ ਦੇਰ ਕੁਝ ਲਿਖਦੀ ਰਹਿੰਦੀ..ਫੇਰ ਵਰਕੇ ਦੀਆਂ ਤੈਹਾਂ ਬਣਾ ਕੇ ਸੌਣ ਵੇਲੇ ਆਪਣੇ ਸਿਰਹਾਣੇ ਰੱਖ ਲੈਂਦੀ..ਸਾਨੂੰ ਪਤਾ ਹੁੰਦਾ ਅੰਦਰ ਕੀ ਲਿਖਿਆ ਹੋ ਸਕਦਾ ਏ..ਭਰਾ ਨੂੰ ਸ਼ਿਕਾਇਤਾਂ ਲਿਖਿਆ ਹੁੰਦੀਆਂ..!

ਵੱਜਦੇ ਮੇਹਣਿਆਂ ਦਾ ਵਿਸਥਾਰ ਅਤੇ ਆਪਣੇ ਅੰਦਰ ਦੇ ਕਿੰਨੇ ਸਾਰੇ ਡਰ ਅਤੇ ਵਲਵਲੇ ਲਿਖੇ ਹੁੰਦੇ..ਫੇਰ ਸੁਵੇਰੇ ਉੱਠਦੀ..ਚੁੱਲ੍ਹਾ ਚੌਂਕਾ ਕਰਦੀ..ਸਾਰਾ ਕੁਝ ਫੇਰ ਤੋਂ ਆਮ ਜਿਹਾ ਹੋਣ ਲੱਗਦਾ..!

ਫੇਰ ਉਹ ਸਿਰਹਾਣੇ ਹੇਠੋਂ ਓਹੀ ਚਿੱਠੀ ਕੱਢਦੀ ਤੇ ਫੇਰ ਓਹਲੇ ਜਿਹੇ ਨਾਲ ਟੋਟੇ-ਟੋਟੇ ਕਰ ਚਾਹ ਦੀ ਪਤੀਲੀ ਹੇਠ ਬਲਦੀ ਅੱਗ ਵਿਚ ਸਿੱਟ ਦੀਆ ਕਰਦੀ..ਇੰਝ ਲੱਗਦਾ ਉਸਦੇ ਅੰਦਰ ਦੇ ਵਲਵਲੇ ਅਤੇ ਮਨ ਦਾ ਗੁੱਸਾ ਧੂੰਆਂ ਬਣ ਉੱਪਰ ਨੂੰ ਉੱਡ ਗਏ ਹੋਵਣ..!

ਨਾਨੀ ਅਕਸਰ ਆਖਿਆ ਕਰਦੀ..ਵਕਤ ਗੁੱਸੇ ਦੇ ਉਬਾਲ ਤੇ ਪਾਣੀ ਦਾ ਕੰਮ ਕਰਿਆ ਕਰਦਾ ਏ..!

ਫੇਰ ਜਿਸ ਦਿਨ ਸ਼ਹਿਰ ਗਏ ਮਾਮੇ ਦੇ ਮੁੰਡੇ ਨੂੰ ਚੁੱਕ ਲਿਆ ਗਿਆ ਤਾਂ ਮਾਮਾ ਵੀ ਨਾਲ ਹੀ ਸੀ..ਮਾਂ ਜਾਣਦੀ ਸੀ ਕੇ ਉਸ ਕੋਲੋਂ ਮਾਰ ਸਹੀ ਨਹੀਂ ਜਾਣੀ..!

ਆਂਦਰਾਂ ਨੂੰ ਸੇਕ ਲੱਗਾ..ਸਿੱਧੀ ਥਾਣੇ ਜਾ ਆਪਣੀਆਂ ਵੰਗਾਂ ਟੇਬਲ ਤੇ ਢੇਰੀ ਕਰ ਦਿੱਤੀਆਂ..!

ਉਹ ਅੱਗੋਂ ਆਖਣ ਲੱਗਾ ਕੇ ਇਨੇ ਕੂ ਨਾਲ ਤੇ ਗੱਲ ਨੀਂ ਬੰਨਣੀ..ਹੋਰ ਚਾਹੀਦੇ ਨੇ..ਉੱਪਰ ਤੱਕ ਭੇਜਣੇ ਪੈਣੇ ਨੇ..ਅੱਗੋਂ ਆਖਣ ਲੱਗੀ ਉਡੀਕ ਲਿਓ..ਉਸ ਨੂੰ ਕੁਝ ਨਾ ਆਖਿਓ..ਫੇਰ ਪੈਲੀ ਬੈ ਕਰਕੇ ਪੈਸੇ ਚੁੱਕੇ ਪਰ ਓਹਨਾ ਵੇਲਿਆਂ ਵੇਲੇ ਜਿਉਂਦਾ ਲੱਖ ਦਾ ਤੇ ਮਰਿਆ ਡੇਢ ਦਾ ਹੁੰਦਾ ਸੀ..!

ਗੇਟੋਂ ਬਾਹਰ ਹੀ ਪਤਾ ਲੱਗ ਗਿਆ ਕੇ ਮੁਕਾ ਦਿੱਤੇ ਨੇ..ਇੱਕੋ ਵੇਲੇ..ਇੱਕਠੇ ਹੀ..ਸੰਤਰੀ ਕੋਲ ਕੱਪੜਿਆਂ ਦੀ ਗਠੜੀ ਸੀ..!

ਰੋਂਦੀ ਕੁਰਲਾਉਂਦੀ ਨੂੰ ਪਿੰਡ ਲੈ ਆਏ..ਇਸ ਸਦਮੇਂ ਤੋਂ ਉਭਰੀ ਵੀ ਨਹੀਂ ਸੀ ਕੇ ਮੇਰਾ ਵਿਆਹ ਕਰ ਦਿੱਤਾ ਗਿਆ..!

ਕੁਝ ਵਰ੍ਹਿਆਂ ਮਗਰੋਂ ਇੱਕ ਦਿਨ ਸੁਨੇਹਾ ਆ ਗਿਆ..ਛੇਤੀ ਪਿੰਡ ਪਹੁੰਚ..ਅੱਪੜੀ ਤਾਂ ਬਾਹਰ ਫਿਰਨੀ ਤੋਂ ਹੀ ਪਤਾ ਲੱਗ ਗਿਆ..ਮੰਜੀ ਤੇ ਪਾਈ ਹੋਈ ਸੀ..ਓਸੇ ਤਰਾਂ..ਜਿੱਦਾਂ ਸੁੱਤੀ ਪਈ ਹੋਵੇ..ਲਾਗੇ ਵਾਲੀਆਂ ਦੱਸਣ ਲੱਗੀਆਂ..ਮਾਮੇ ਨੂੰ ਬੜਾ ਯਾਦ ਕਰਦੀ ਸੀ..ਆਖੀ ਜਾਂਦੀ ਸੀ..ਮੇਰੇ ਭਰਾ ਨੂੰ ਵੀ ਕਿਓਂ ਮੁਕਾਇਆ..ਉਸਦਾ ਤੇ ਕੋਈ ਕਸੂਰ ਵੀ ਨਹੀਂ ਸੀ..!

ਏਨਾ ਤੇ ਦੱਸ ਦਿਓ..ਜਾਣ ਲੱਗਾ ਆਖਦਾ ਕੀ ਸੀ..ਉਸਨੂੰ ਅਖੀਰ ਰੋੜ੍ਹਿਆ ਕਿਹਨਾਂ ਪਾਣੀਆਂ ਵਿਚ ਸੀ..!

ਪਰ ਪਤਾ ਨੀ ਕਿਓਂ ਉਸਨੂੰ ਮੰਜੇ ਤੇ ਅਡੋਲ ਪਈ ਹੋਈ ਨੂੰ ਵੇਖ ਮੈਨੂੰ ਏਨਾ ਜਿਆਦਾ ਰੋਣਾ ਕਿਓਂ ਨਹੀਂ ਸੀ ਆਇਆ..ਸ਼ਾਇਦ ਅੰਦਰੋਂ ਅੰਦਰ ਤਸੱਲੀ ਸੀ ਕੇ ਉਸਦਾ ਬੁਢੇਪਾ ਰੁਲਿਆ ਨੀ ਤੇ ਨਾ ਹੀ ਉਸਨੇ ਕਿਸੇ ਤੇ ਕੋਈ ਭਾਰ ਹੀ ਪਾਇਆ..ਗੋਇੰਦਵਾਲ ਸਾਬ ਫੁਲ ਪ੍ਰਵਾਹ ਕਰਨ ਗਏ ਤਾਂ ਇੰਝ ਲੱਗਿਆ ਜਿੱਦਾਂ ਉਸਨੂੰ ਰੱਬ ਦੇ ਰੂਪ ਵਿਚ ਆਪਣਾ ਗਵਾਚਿਆ ਹੋਇਆ ਭਰਾ ਮਿਲ ਗਿਆ ਹੋਵੇ..!

ਅੰਮ੍ਰਿਤਸਰੋਂ ਕੀਤੀ ਟੈਕਸੀ ਦਾ ਡਰਾਈਵਰ..ਨਿਰਾ ਪੂਰਾ ਮੇਰੇ ਮਾਮੇ ਦੇ ਮੁੰਡੇ ਵਰਗਾ..ਪਤਾ ਨੀ ਕਿਓਂ ਇਹੋ ਗੀਤ ਵਾਰੋ ਵਾਰ ਲਾਈ ਜਾਂਦਾ ਸੀ.."ਮੇਰੇ ਪਿੰਡ ਦੀ ਓ ਨਹਿਰ ਨੂੰ ਸੁਨੇਹਾ ਦੇ ਦਿਓ..ਨੀ ਮੈਂ ਫੇਰ ਤਾਰੀ ਲਾਊਂ ਸਿਵਿਆਂ ਚ ਸੜ ਕੇ.."!

ਹਰਪ੍ਰੀਤ ਸਿੰਘ ਜਵੰਦਾ

# ਅਮਰੀਕੀ ਸੰਸਦ 'ਚ H-1B ਵੀਜ਼ਾ ਰਾਹੀਂ ਗ੍ਰੀਨ ਕਾਰਡਾਂ ਦੀ ਪ੍ਰਣਾਲੀ ਨੂੰ ਰੋਕਣ ਲਈ ਇੱਕ ਬਿੱਲ ਕੀਤਾ ਗਿਆ ਪੇਸ਼




ਵਾਸ਼ਿੰਗਟਨ: ਅਮਰੀਕਾ ਵਿੱਚ ਇੱਕ ਕੱਟੜਪੰਥੀ ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਨੇ ਸੰਸਦ ਵਿੱਚ ਇੱਕ ਖਰੜਾ ਬਿੱਲ ਪੇਸ਼ ਕੀਤਾ ਹੈ ਜੋ H-1B ਵੀਜ਼ਾ ਪ੍ਰੋਗਰਾਮ ਵਿੱਚ ਵੱਡੇ ਬਦਲਾਅ ਦੀ ਵਿਵਸਥਾ ਕਰਦਾ ਹੈ। ਇਹ ਅਮਰੀਕਾ ਵਿੱਚ ਸਥਾਈ ਨਿਵਾਸ (ਗ੍ਰੀਨ ਕਾਰਡ) ਪ੍ਰਾਪਤ ਕਰਨ ਦੇ ਰਸਤੇ ਵਜੋਂ H-1B ਵੀਜ਼ਾ ਦੀ ਵਰਤੋਂ ਨੂੰ ਖਤਮ ਕਰਨ ਦਾ ਪ੍ਰਸਤਾਵ ਰੱਖਦਾ ਹੈ।

ਟੈਕਸਾਸ ਤੋਂ ਰਿਪਬਲਿਕਨ ਕਾਂਗਰਸਮੈਨ ਚਿੱਪ ਰਾਏ ਨੇ ਵੀਰਵਾਰ ਨੂੰ "ਅਮਰੀਕਨ ਵ੍ਹਾਈਟ-ਕਾਲਰ ਵਰਕਰ ਜੌਬਜ਼ ਐਕਟ" ਪੇਸ਼ ਕੀਤਾ। ਪ੍ਰਸਤਾਵਿਤ ਬਿੱਲ ਵਿੱਚ ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ (OPT) ਪ੍ਰੋਗਰਾਮ ਨੂੰ ਖ਼ਤਮ ਕਰਨ ਦੀ ਵੀ ਮੰਗ ਕੀਤੀ ਗਈ ਹੈ, ਜੋ ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸੀਮਤ ਸਮੇਂ ਲਈ ਅਮਰੀਕਾ ਵਿੱਚ ਕੰਮ ਕਰਨ ਦੀ ਆਗਿਆ ਦਿੰਦਾ ਹੈ। ਰਾਏ ਨੇ ਕਿਹਾ, "ਆਪਣੇ ਲਗਭਗ 40 ਸਾਲਾਂ ਦੇ ਇਤਿਹਾਸ ਵਿੱਚ, H-1B ਵੀਜ਼ਾ ਦੁਰਵਿਵਹਾਰ ਦਾ ਸ਼ਿਕਾਰ ਰਿਹਾ ਹੈ। ਇਸ ਰਾਹੀਂ, ਮਾਲਕਾਂ ਨੇ ਅਮਰੀਕੀ STEM (ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ) ਕਾਮਿਆਂ ਨਾਲੋਂ ਸਸਤੀ ਵਿਦੇਸ਼ੀ ਮਜ਼ਦੂਰੀ ਨੂੰ ਤਰਜੀਹ ਦਿੱਤੀ ਹੈ, ਜਦੋਂ ਕਿ "ਕਰਮਚਾਰੀਆਂ ਦੀ ਘਾਟ" ਦੀ ਆੜ ਵਿੱਚ ਛਾਂਟੀ ਅਤੇ ਘੱਟ ਤਨਖਾਹਾਂ ਨੂੰ ਛੁਪਾਇਆ ਹੈ। ਉਨ੍ਹਾਂ ਕਿਹਾ, "ਇਸ ਲਾਟਰੀ-ਅਧਾਰਤ ਪ੍ਰਣਾਲੀ ਨੂੰ ਖਤਮ ਕਰਨ ਅਤੇ ਇਸਨੂੰ ਇੱਕ ਅਜਿਹੇ ਸਿਸਟਮ ਨਾਲ ਬਦਲਣ ਦਾ ਸਮਾਂ ਆ ਗਿਆ ਹੈ ਜੋ ਯੋਗਤਾ ਨੂੰ ਤਰਜੀਹ ਦਿੰਦਾ ਹੈ, ਯਥਾਰਥਵਾਦੀ ਤਨਖਾਹ ਦੇ ਮਿਆਰਾਂ ਨੂੰ ਲਾਗੂ ਕਰਦਾ ਹੈ, ਅਤੇ ਅਮਰੀਕੀ ਵ੍ਹਾਈਟ-ਕਾਲਰ (ਦਫ਼ਤਰ) ਕਾਮਿਆਂ ਨੂੰ ਤਰਜੀਹ ਦਿੰਦਾ ਹੈ।"

ਇਹ ਬਿੱਲ ਅਜਿਹੇ ਸਮੇਂ ਆਇਆ ਹੈ ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਕਾਨੂੰਨੀ ਇਮੀਗ੍ਰੇਸ਼ਨ ਪ੍ਰੋਗਰਾਮਾਂ ਨੂੰ ਸਖ਼ਤ ਕਰ ਰਿਹਾ ਹੈ। ਇਨ੍ਹਾਂ ਉਪਾਵਾਂ ਵਿੱਚ H-1B ਬਿਨੈਕਾਰਾਂ ਲਈ ਉੱਚ ਤਨਖਾਹਾਂ ਨੂੰ ਤਰਜੀਹ ਦੇਣਾ ਅਤੇ ਨਵੀਆਂ ਅਰਜ਼ੀਆਂ 'ਤੇ $100,000 ਫੀਸ ਲਗਾਉਣਾ ਸ਼ਾਮਲ ਹੈ। ਸਥਾਈ ਨਿਵਾਸ ਦੇ ਰਸਤੇ ਨੂੰ ਖਤਮ ਕਰਨ ਤੋਂ ਇਲਾਵਾ, ਬਿੱਲ H-1B ਵੀਜ਼ਾ ਪ੍ਰੋਗਰਾਮ ਦੇ ਸੰਚਾਲਨ ਵਿੱਚ ਵਿਆਪਕ ਬਦਲਾਅ ਦਾ ਪ੍ਰਸਤਾਵ ਰੱਖਦਾ ਹੈ।

ਬਿੱਲ ਦੇ ਅਨੁਸਾਰ, H-1B ਬਿਨੈਕਾਰਾਂ ਨੂੰ ਇਹ ਸਾਬਤ ਕਰਨ ਦੀ ਲੋੜ ਹੋਵੇਗੀ ਕਿ ਉਨ੍ਹਾਂ ਦਾ ਸਥਾਈ ਨਿਵਾਸ ਸੰਯੁਕਤ ਰਾਜ ਤੋਂ ਬਾਹਰ ਹੈ ਅਤੇ ਉਨ੍ਹਾਂ ਦਾ ਇਰਾਦਾ ਨਹੀਂ ਹੈ ਕਿ ਛੁੱਟੀ। ਇਸ ਤੋਂ ਇਲਾਵਾ, ਬਿੱਲ ਉਨ੍ਹਾਂ ਪ੍ਰਬੰਧਾਂ ਨੂੰ ਖਤਮ ਕਰ ਦੇਵੇਗਾ ਜੋ ਵਰਤਮਾਨ ਵਿੱਚ H-1B ਧਾਰਕਾਂ ਨੂੰ ਗ੍ਰੀਨ ਕਾਰਡ ਪ੍ਰਕਿਰਿਆ ਲੰਬਿਤ ਹੋਣ ਦੌਰਾਨ ਆਪਣੇ ਵੀਜ਼ਾ ਵਧਾਉਣ ਦੀ ਆਗਿਆ ਦਿੰਦੇ ਹਨ। ਪ੍ਰਸਤਾਵਿਤ ਕਾਨੂੰਨ H-1B ਵੀਜ਼ਾ ਦੀ ਵੱਧ ਤੋਂ ਵੱਧ ਮਿਆਦ ਛੇ ਸਾਲਾਂ ਤੋਂ ਘਟਾ ਕੇ ਦੋ ਸਾਲ ਕਰ ਦੇਵੇਗਾ। ਮੌਜੂਦਾ ਲਾਟਰੀ ਪ੍ਰਣਾਲੀ ਦੀ ਬਜਾਏ ਉੱਚ-ਤਨਖਾਹ ਵਾਲੀਆਂ ਨੌਕਰੀਆਂ ਲਈ ਬਿਨੈਕਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ। ਐਰੀਜ਼ੋਨਾ ਤੋਂ ਇੱਕ ਰਿਪਬਲਿਕਨ, ਐਲੀ ਕ੍ਰੇਨ, ਬਿੱਲ ਨੂੰ ਸਹਿ-ਪ੍ਰਯੋਜਿਤ ਕਰ ਰਿਹਾ ਹੈ। ਉਸਨੇ ਕਿਹਾ ਕਿ ਇਹ ਕਾਨੂੰਨ ਮਹੱਤਵਪੂਰਨ ਸੁਧਾਰ ਲਿਆਏਗਾ ਜੋ ਭਵਿੱਖ ਦੀਆਂ ਪੀੜ੍ਹੀਆਂ ਦੀ ਰੱਖਿਆ ਕਰੇਗਾ, ਨਾ ਕਿ ਕਾਰਪੋਰੇਟ ਹਿੱਤਾਂ ਨੂੰ ਉਤਸ਼ਾਹਿਤ ਕਰੇਗਾ। ਰਾਏ ਨੇ ਇਹ ਵੀ ਐਲਾਨ ਕੀਤਾ ਹੈ ਕਿ ਉਹ ਯੂਐਸ ਕਾਂਗਰਸ ਤੋਂ ਸੇਵਾਮੁਕਤ ਹੋ ਰਹੇ ਹਨ ਅਤੇ ਟੈਕਸਾਸ ਦੇ ਅਟਾਰਨੀ ਜਨਰਲ ਬਣਨ ਲਈ ਦੌੜ ਰਹੇ ਹਨ।

# ਪੀ.ਐੱਸ.ਬੀ. ਸੀਨੀਅਰਜ਼ ਕਲੱਬ ਨੇ ਮਿਡਲੈਂਡ ਦੇ ਪਾਣੀਆਂ 'ਚ ਦਿਲਚਸਪ ਕਰੂਜ਼ ਟੂਰ ਲਗਾਇਆ







ਬਰੈਂਪਟਨ, (ਡਾ. ਝੰਡ) – ਪੰਜਾਬ ਐਂਡ ਸਿੰਧ ਬੈਂਕ ਦੇ ਸੇਵਾ-ਮੁਕਤ ਅਧਿਕਾਰੀਆਂ ਦੀ ਸਰਗਰਮ ਸੰਸਥਾ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਲੰਘੇ ਸ਼ਨੀਵਾਰ ਇੱਥੋਂ 120 ਕਿਲੋਮੀਟਰ ਦੂਰ ਪੈਂਦੇ ਸ਼ਹਿਰ ਮਿਡਲੈਂਡ ਵਿਖੇ ਬੱਸਾਂ ਰਾਹੀਂ ਪਹੁੰਚ ਕੇ ਉੱਥੋਂ ਕਰੂਜ਼ ਰਾਹੀਂ ਲੇਕ ਵਿੱਚ ਚੱਲਦਿਆਂ ਵੱਖ-ਵੱਖ ਆਈਲੈਂਡਜ਼ ਦੇ ਕੁਦਰਤੀ ਨਜ਼ਾਰਿਆਂ ਦਾ ਅਨੰਦ ਮਾਣਿਆਂ। ਕਲੱਬ ਦੇ ਇਸ ਟੂਰ ਵਿੱਚ ਇਸਦੇ 110 ਮੈਂਬਰ ਬੜੇ ਚਾਅ ਤੇ ਉਤਸ਼ਾਹ ਨਾਲ ਸ਼ਾਮਲ ਹੋਏ।

ਇਸ ਟੂਰ ਲਈ ਮਿਡਲੈਂਡ ਪਹੁੰਚਣ ਲਈ ਪ੍ਰਬੰਧਕੀ ਟੀਮ ਦੇ ਮੈਂਬਰਾਂ ਗੁਰਚਰਨ ਸਿੰਘ ਖੱਖ, ਹਰਚਰਨ ਸਿੰਘ, ਗਿਆਨ ਪਾਲ, ਮਨਜੀਤ ਸਿੰਘ ਗਿੱਲ ਵੱਲੋਂ ਚਾਰਟਰਡ ਬੱਸਾਂ ਦਾ ਅਗਾਊਂ ਪ੍ਰਬੰਧ ਕੀਤਾ ਹੋਇਆ ਸੀ ਜੋ ਨਿਰਧਾਰਿਤ ਸਮੇਂ ਤੋਂ ਪਹਿਲਾਂ ਹੀ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਦੀ ਪਾਰਕਿੰਗ ਵਿੱਚ ਪਹੁੰਚ ਗਈਆਂ। ਇਨ੍ਹਾਂ ਵਿੱਚ ਸਵਾਰ ਹੋ ਕੇ ਕਲੱਬ ਦੇ ਮੈਂਬਰਾਂ ਨੇ ਸਵੇਰੇ 9.30 ਵਜੇ ਮਿਡਲੈਂਡ ਸ਼ਹਿਰ ਵੱਲ ਰਵਾਨਗੀ ਪਾਈ। ਰਸਤੇ ਵਿੱਚ ਤਰੋ-ਤਾਜ਼ਗੀ ਲਈ 'ਔਨਰੂਟ' ਬੈਰੀ ਵਿਖੇ ਚਾਹ/ਕੌਫ਼ੀ ਤੇ ਸਨੈਕਸ ਲਈ ਅੱਧੇ ਕੁ ਘੰਟੇ ਦਾ ਪੜਾਅ ਕੀਤਾ ਗਿਆ। ਬਾਰਾਂ ਕੁ ਵਜੇ ਮਿਡਲੈਂਡ ਆਈਲੈਂਡਜ਼ ਲੇਕ ਦੀ 'ਡੌਕ' 'ਤੇ ਪਹੁੰਚੇ ਜਿੱਥੋਂ 'ਜੌਰਜੀਅਨ ਸਪਿਰਿਟ ਕਰੂਜ਼' 'ਤੇ ਸਵਾਰ ਹੋ ਕੇ ਅੱਗੋਂ ਸਮੁੰਦਰ-ਰੂਪੀ ਇਸ ਲੇਕ ਦੇ ਡੂੰਘੇ ਪਾਣੀ 'ਚ ਠਿੱਲਣਾ ਸੀ। ਕਲੱਬ ਦੇ ਪ੍ਰਬੰਧਕਾਂ ਵੱਲੋਂ ਕਰੂਜ਼ ਦੀਆਂ ਟਿਕਟਾਂ ਪਹਿਲਾਂ ਹੀ ਬੁੱਕ ਕਰਵਾਈਆਂ ਗਈਆਂ ਸਨ ਅਤੇ ਕਰੂਜ਼ ਦੇ ਚੱਲਣ ਦਾ ਸਮਾਂ ਬਾਅਦ ਦੁਪਹਿਰ 2.30 ਵਜੇ ਦਾ ਸੀ। ਜਹਾਜ਼ ਵਿੱਚ ਸਵਾਰ ਹੋਣ ਤੋਂ ਪਹਿਲਾਂ ਮੈਂਬਰਾਂ ਨੂੰ ਗਰਮ-ਗਰਮ ਤਾਜ਼ੇ ਪੀਜ਼ੇ ਅਤੇ ਕੋਲਡ ਡਰਿੰਕਸ ਨਾਲ ਲੰਚ ਕਰਵਾਇਆ ਗਿਆ। ਉਪਰੰਤ, ਸਾਰੇ ਮੈਂਬਰ ਕਰੂਜ਼ 'ਚ ਸਵਾਰ ਹੋ ਗਏ।

ਜਹਾਜ਼ ਦੇ ਚੱਲਣ ਤੋਂ ਪਹਿਲਾਂ ਉਸਦੇ ਕੈਪਟਨ ਨੇ ਉਸ ਰੂਟ ਵਿੱਚ ਵੇਖਣ ਵਾਲੀਆਂ ਮਹੱਤਵਪੂਰਨ ਥਾਵਾਂ ਬਾਰੇ ਸੰਖੇਪ ਵਿੱਚ ਦੱਸਿਆ। ਮੌਸਮ ਬੜਾ ਸੁਹਾਵਣਾ ਸੀ। ਹਲਕੀ ਜਿਹੀ ਠੰਢੀ ਹਵਾ ਚੱਲ ਰਹੀ ਸੀ ਤੇ ਨਾਲ ਹੀ ਨਿੱਕੀ-ਨਿੱਕੀ ਭੂਰ ਪੈ ਰਹੀ ਸੀ ਜੋ ਇਸ ਦੀ ਖ਼ੂਬਸੂਰਤੀ ਵਿੱਚ ਹੋਰ ਵੀ ਵਾਧਾ ਕਰ ਰਹੀ ਸੀ। ਇਸ ਖ਼ੁਸ਼ਗਵਾਰ ਮੌਸਮ ਨੇ ਬਰਜਿੰਦਰ ਸਿੰਘ ਮਰਵਾਹਾ ਤੇ ਜੋਗਿੰਦਰ ਕੌਰ ਮਰਵਾਹਾ ਜੋੜੀ ਦੀ ਅਗਵਾਈ ਵਿੱਚ ਮੈਂਬਰਾਂ ਨੂੰ ਝੂੰਮਣ ਲਾ ਦਿੱਤਾ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਪੰਜਾਬੀ ਭੰਗੜੇ ਦੀ ਤਾਲ 'ਤੇ ਚੱਲ ਰਹੇ ਪੰਜਾਬੀ ਗਾਣਿਆਂ ਉੱਪਰ ਭੰਗੜਾ ਪਾਉਣ ਲਈ ਮਜਬੂਰ ਹੋ ਗਏ। ਉਨ੍ਹਾਂ ਨੂੰ ਨੱਚਦੇ ਵੇਖ ਕੇ ਕਰੂਜ਼ ਦੇ ਕਈ ਹੋਰ ਯਾਤਰੀ ਜੋ ਭੰਗੜਾ ਪਾਉਣਾ ਨਹੀਂ ਵੀ ਜਾਣਦੇ ਸਨ, ਉਨ੍ਹਾਂ ਵਿੱਚ ਸ਼ਾਮਲ ਹੋ ਗਏ। ਦਰਅਸਲ, ਪੰਜਾਬੀ ਭੰਗੜੇ ਦੀ 'ਬੀਟ' ਹੀ ਐਸੀ ਹੈ ਜਿਸ 'ਤੇ ਹਰੇਕ ਦੀ ਅੱਡੀ ਆਪਣੇ ਆਪ ਉੱਠ ਪੈਂਦੀ ਹੈ ਤੇ "ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ, ਗਾਉਣ ਵਾਲੇ ਦਾ ਮੂੰਹ" ਵਾਲੀ ਕਹਾਵਤ ਸੱਚੀ ਸਾਬਤ ਹੋ ਜਾਂਦੀ ਹੈ।

ਨੱਚਦਿਆਂ-ਗਾਉਂਦਿਆਂ, ਰਸਤੇ ਵਿਚ ਕੁਦਰਤੀ ਨਜ਼ਾਰਿਆਂ ਨੂੰ ਮਾਣਦਿਆਂ ਅਤੇ ਇਸ ਦੌਰਾਨ ਗਰਮ-ਗਰਮ ਚਾਹ ਤੇ ਕੌਫ਼ੀ ਦੀਆਂ ਚੁਸਕੀਆਂ ਭਰਦਿਆਂ ਤਿੰਨ ਘੰਟੇ ਦੇ ਇਸ ਰੂਟ ਦਾ ਸਮਾਂ ਜਿਵੇਂ ਕੁਝ ਕੁ ਮਿੰਟਾਂ ਵਿੱਚ ਬਦਲ ਗਿਆ ਹੋਵੇ, ਕਿਸੇ ਨੂੰ ਵੀ ਪਤਾ ਹੀ ਨਾ ਲੱਗਿਆ। ਰਾਹ ਵਿੱਚ ਕਈ ਛੋਟੇ-ਵੱਡੇ ਜਜ਼ੀਰੇ (ਆਈਲੈਂਡ) ਆਏ ਜਿਨ੍ਹਾਂ ਉੱਪਰ ਛੋਟੇ-ਛੋਟੇ ਪਿੰਡ ਵੱਸੇ ਹੋਏ ਸਨ। ਉਨ੍ਹਾਂ ਵਿੱਚ ਵੱਸਦੇ ਲੋਕਾਂ ਨੇ ਆਪਣੀਆਂ ਮੋਟਰ-ਕਿਸ਼ਤੀਆਂ ਰੱਖੀਆਂ ਹੋਈਆਂ ਸਨ ਜਿਨ੍ਹਾਂ ਨਾਲ ਉਹ ਬਾਹਰ ਮਿਡਲੈਂਡ ਸ਼ਹਿਰ ਨੂੰ ਜਾਂਦੇ ਆਉਂਦੇ ਹੋਣਗੇ। ਇਸ ਦੌਰਾਨ ਜਹਾਜ਼ ਦੇ ਕੈਪਟਨ ਨੇ ਕੁਝ ਮੈਂਬਰਾਂ ਨੂੰ ਕੈਬਿਨ ਦੇ ਅੰਦਰ ਆਉਣ ਦਾ ਸੱਦਾ ਦਿੱਤਾ ਤਾਂ ਜੋ ਉਹ ਪਾਣੀ ਵਿੱਚ ਚੱਲ ਰਹੇ ਜਹਾਜ਼ ਦੇ ਚੱਲਣ ਨੂੰ ਹੋਰ ਨੇੜਿਓਂ ਹੋ ਕੇ ਮਹਿਸੂਸ ਕਰ ਸਕਣ ਤੇ ਇਹ ਉਨ੍ਹਾਂ ਦੇ ਲਈ ਕਿਸੇ ਨਵੇਂ ਤਜਰਬੇ ਤੋਂ ਘੱਟ ਨਹੀਂ ਸੀ। ਕਲੱਬ ਦੇ ਮੈਂਬਰਾਂ ਵੱਲੋਂ ਵੱਖ-ਵੱਖ ਜਜ਼ੀਰਿਆਂ ਅਤੇ ਹੋਰ ਖ਼ੂਬਸੂਰਤ ਕੁਦਰਤੀ ਨਜ਼ਾਰਿਆਂ ਨੂੰ ਆਪਣੇ ਸੈੱਲ-ਕੈਮਰਿਆਂ ਵਿੱਚ ਕੈਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਦੀਵੀ ਯਾਦ ਵਜੋਂ ਸਾਂਭਣ ਦੀ ਕੋਸ਼ਿਸ਼ ਕੀਤੀ ਗਈ।

ਲੇਕ ਦੇ ਪਾਣੀ ਵਿੱਚ ਤਿੰਨ ਘੰਟਿਆਂ ਦਾ ਲੰਮਾ ਗੇੜਾ ਲਗਾ ਕੇ ਜਹਾਜ਼ ਲੱਗਭੱਗ 5.30 ਵਜੇ ਵਾਪਸ ਆਪਣੇ ਟਿਕਾਣੇ 'ਤੇ ਪਹੁੰਚਾ। ਸਾਰੇ ਮੈਂਬਰ ਖ਼ੁਸ਼ੀ ਭਰੇ ਉਲਹਾਸ ਵਿੱਚ ਖੀਵੇ ਹੋਏ ਪਏ ਦਿਖਾਈ ਦੇ ਰਹੇ ਸਨ ਅਤੇ ਇਹ ਖ਼ੁਸ਼ੀ ਉਨ੍ਹਾਂ ਦੇ ਚਿਹਰਿਆਂ 'ਤੇ ਸਾਫ਼ ਝਲਕ ਰਹੀ ਸੀ। ਵਾਪਸੀ 'ਤੇ ਹਾਈਵੇਅ 400 ਦੇ 'ਔਨਰੂਟ' 'ਤੇ ਬੱਸਾਂ ਨੂੰ ਖੜਾ ਕੇ ਚਾਹ ਤੇ ਕੌਫ਼ੀ ਨਾਲ ਕੁੱਕੀਆ ਤੇ ਪੈਟੀਆਂ ਦੇ ਸਨੈਕਸ ਨਾਲ ਮੈਂਬਰਾਂ ਨੂੰ ਮੁੜ ਤਾਜ਼ਾ-ਦਮ ਕੀਤਾ ਗਿਆ। ਸ਼ਾਮ ਨੂੰ ਅੱਠ ਵਜੇ ਦੇ ਕਰੀਬ ਬੱਸਾਂ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਦੀ ਪਾਰਕਿੰਗ ਵਿੱਚ ਪਹੁੰਚੀਆਂ ਜਿੱਥੋਂ ਮੈਂਬਰ ਆਪਣੇ ਘਰਾਂ ਨੂੰ ਰਵਾਨਾ ਹੋਏ। ਕਰੂਜ਼ ਦੇ ਇਸ ਮਨਮੋਹਕ ਟੂਰ ਦੀ ਯਾਦ ਕਲੱਬ ਦੇ ਮੈਂਬਰਾਂ ਦੇ ਮਨਾਂ 'ਚ ਲੰਮਾਂ ਸਮਾਂ ਬਣੀ ਰਹੇਗੀ।

# ਓਨਟਾਰੀਓ ਖਾਲਸਾ ਦਰਬਾਰ ਵਿਖੇ ਸਮੂਹ 1984 ਦੇ ਤੇ ਓਪਰੇਸ਼ਨ ਬਲੂਸਟਾਰ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਮੁੱਖ ਰੱਖਦਿਆਂ ਸਮਾਗਮ ਕਰਵਾਏ ਗਏ



ਕੈਨੇਡਾ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਓਨਟਾਰੀਓ ਖਾਲਸਾ ਦਰਬਾਰ ਵਿਖੇ ਸਮੂਹ 1984 ਦੇ ਤੇ ਓਪਰੇਸ਼ਨ ਬਲੂਸਟਾਰ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਮੁੱਖ ਰੱਖਦਿਆ ਢਾਡੀ ਦਰਬਾਰ ਕਰਵਾਏ ਗਏ ਜਿਸ ਵਿੱਚ ਸਿੱਖ ਪੰਥ ਦੇ ਪ੍ਰਸਿੱਧ ਕਥਾਵਾਚਕ ਕਵੀਸ਼ਰੀ, ਢਾਡੀ ਅਤੇ ਰਾਗੀ ਜੱਥਿਆ ਵੱਲੋਂ ਹਾਜ਼ਰੀ ਭਰੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਭੁਪਿੰਦਰ ਸਿੰਘ ਅਤੇ ਦੂਜੇ ਗ੍ਰੰਥੀ ਸਿੰਘਾਂ ਵਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਸਮੂਹ ਸ਼ਹੀਦਾਂ ਦੇ ਨਮਿਤ ਅਰਦਾਸ ਕੀਤੀ ਤੇ ਸਾਰਾ ਦਿਨ ਕੀਰਤਨ ਦਰਬਾਰ ਸਜਾਏ ਗਏ ॥ ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਗੁਰੂ ਘਰ ਦੇ ਮੁੱਖ ਸਕੱਤਰ ਭਾਈ ਪਰਮਜੀਤ ਸਿੰਘ ਗਿੱਲ ਜੀ ਨੇ 1984 ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਇਤਿਹਾਸ ਤੋਂ ਜਾਣੂ ਕਰਵਾਇਆ ਕਿ ਕਿਵੇਂ ਓਸ ਸਮੇਂ ਦੀ ਸਰਕਾਰ ਨੇ ਟੈਂਕਾਂ ਤੋਪਾਂ ਨਾਲ ਸਿੱਖਾਂ ਦੇ ਪਵਿੱਤਰ ਧਾਰਮਿਕ ਸਥਾਨ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਵਾਇਆ ਕਿਵੇਂ ਉਥੇ ਬੇਕਸੂਰ ਲੋਕਾਂ ਦਾ ਕਤਲੇਆਮ ਕੀਤਾ ਤੇ ਕਿਵੇਂ ਸਿੱਖਾਂ ਨੇ ਜਾਲਮ ਸਰਕਾਰ ਦਾ ਮੁਕਾਬਲਾ ਕੀਤਾ। ਇਸ ਤੇ ਮੌਕੇ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਜੀ ਨੇ 1984 ਦੇ ਸਮੂਹ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਕਿ ਜੂਨ 1984 ਦਾ ਦਿਨ ਨਾ ਭੁੱਲਣਯੋਗ ਨਾ ਹੀ ਬਖਸ਼ਣਯੋਗ ਹੈ। ਉਨ੍ਹਾਂ ਨੇ ਕਿਹਾ ਕਿ ਉਸ ਸਮੇਂ ਇੰਦਰਾ ਗਾਧੀ ਨੇ ਹੋਰਾਂ ਨੇ ਰਲ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਹਮਲਾ ਕਰਵਾਇਆ ਉਹ ਬਖ਼ਸ਼ਣਯੋਗ ਨਹੀ ਸੀ। ਓਨਾ ਨੇ ਸੰਤ ਬਾਬਾ ਜਰਨੈਲ ਸਿੰਘ ਜੀ ਦੇ ਬਚਨਾ ਨੂੰ ਯਾਦ ਕਰਵਾਦਿਆ ਕਿਹਾ ਕਿ ਸੰਤ ਜੀ ਕਹਿੰਦੇ ਸਨ ਕਿ ਜਦੋ ਸ੍ਰੀ ਦਰਬਾਰ ਸਾਹਿਬ ਤੇ ਫ਼ੌਜ ਹਮਲਾ ਕਰੂ ਗੀ ਓਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇ ਗੀ। ਉਨ੍ਹਾਂ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਿਵੇ ਕਨੇਡਾ ਵਿਚ ਉਨ੍ਹਾਂ ਤੇ ਦਬਾਅ ਪਾਇਆ ਜਾਂਦਾ ਹੈ ਕੇ ਗੁਰੂ ਘਰ ਵਿਚ ਲੱਗੀਆ ਸ਼ਹੀਦਾ ਦੀਆ ਫੋਟੋਆ ਹਟਾਈਆਂ ਜਾਣ ਤੇ ਓਸ ਖੂਨੀ ਸਾਕੇ ਨੂੰ ਭੁੱਲਣ ਨੂੰ ਕਿਹਾ ਜਾਂਦਾ ਹੈ ਉਨ੍ਹਾਂ ਨੇ ਕਿਹਾ ਕੇ ਨਾ ਅਸੀ ਓਸ ਸਾਕੇ ਨੂੰ ਭੁੱਲਾ ਗੇ ਨਾ ਹੀ ਸ਼ਹੀਦਾਂ ਦੀਆਂ ਫੋਟੋਆਂ ਹਟਾਈਆਂ ਜਾਣ ਗੀਆ। ਇਸ ਮੌਕੇ ਤੇ ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਦੇ ਚੇਅਰਮੈਨ ਓਂਕਾਰ ਸਿੰਘ ਗਰੇਵਾਲ ਜੀ ਨੇ ਗੁਰੂ ਘਰ ਵਿੱਚ ਹਾਜ਼ਰੀ ਭਰੀ ਤੇ ਜੂਨ 1984 ਦੇ ਸ਼ਹੀਦਾਂ ਨੂੰ ਯਾਦ ਕੀਤਾ ਤੇ ਸੰਗਤ ਨੂੰ ਇਸ ਤਰਾ ਸ਼ਹੀਦਾਂ ਦੀ ਯਾਦ ਨੂੰ ਮਨਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਸੰਗਤਾਂ ਨੂੰ ਹਜ਼ੂਰੀ ਭਾਈ ਰਵਿੰਦਰ ਸਿੰਘ ਭਾਈ ਗੁਲਾਬ ਸਿੰਘ ਭਾਈ ਕਰਨੈਲ ਸਿੰਘ ਜੀ ਭਾਈ ਸ਼ਮਸ਼ੇਰ ਸਿੰਘਜੀ ਭਾਈ ਨਿਸ਼ਾਨ ਸਿੰਘ ਭਾਈ ਪਲਵਿੰਦਰ ਸਿੰਘ ਭਾਈ ਮਨਜੋਤ ਸਿੰਘ ਭਾਈ ਰਣਜੀਤ ਸਿੰਘ ਭਾਈ ਗੁਰਵਿੰਦਰ ਸਿੰਘ ਨੇ ਗੁਰਬਾਣੀ ਕੀਰਤਨ ਅਤੇ ਭਾਈ ਰਣਜੀਤ ਸਿੰਘ ਜੀ ਵੱਲੋਂ ਕਥਾ ਵਿਚਾਰਾਂ ਅਤੇ ਗਿਆਨੀ ਅਮਨਦੀਪ ਸਿੰਘ ਭੁੱਲਾਰਾਈ ਜੀ ਤੇ ਢਾਡੀ ਜੱਥਾ ਭਾਈ ਗੁਰਿੰਦਰ ਸਿੰਘ ਬੈਂਸ ਦੇ ਢਾਡੀ ਜਥੇ ਵੱਲੋਂ ਢਾਡੀ ਵਾਰਾਂ ਤੇ ਕਵੀਸ਼ਰੀ ਜੱਥਾ ਭਾਈ ਗੁਰਿੰਦਰਪਾਲ ਸਿੰਘ ਬੈਂਕਾਂ ਵਲੋ ਕਵੀਸ਼ਰੀ ਸਰਵਣ ਕਰਵਾਈਆਂ ਗਈਆਂ। ਇਸ ਮੌਕੇ ਗੁਰਦੁਆਰਾ ਓਨਟਾਰੀਓ ਖਾਲਸਾ ਦਰਬਾਰ ਦੀ ਸਾਰੇ ਕਮੇਟੀ ਮੈਂਬਰ ਤੇ ਦਫ਼ਤਰ ਅਧਿਕਾਰੀ ਭਾਈ ਗੁਰਵੀਰ ਸਿੰਘ ਭਾਈ ਗੁਰਪ੍ਰੀਤ ਸਿੰਘ ਮੌਜੂਦ ਸਨ।









# ਟੈਲੀਸਾਈਕੋਲੋਜੀ ਦਾ ਭੇਤ




ਅੱਜ ਦੇ ਤੇਜ਼ੀ ਨਾਲ ਬਦਲ ਰਹੇ ਤਕਨੀਕੀ ਯੁੱਗ ਵਿੱਚ ਮਨੁੱਖੀ ਜੀਵਨ ਦਾ ਹਰ ਖੇਤਰ ਡਿਜ਼ੀਟਲ ਤਬਦੀਲੀ ਦੇ ਅਸੀਮਿਤ ਪ੍ਰਭਾਵ ਅਧੀਨ ਤਰੱਕੀ ਕਰ ਰਿਹਾ ਹੈ। ਸਿੱਖਿਆ, ਵਪਾਰ, ਸਿਹਤ ਅਤੇ ਸਮਾਜਿਕ ਸੰਚਾਰ ਦੇ ਨਾਲ–ਨਾਲ ਮਨੋਵਿਗਿਆਨਕ ਸੇਵਾਵਾਂ ਵੀ ਹੁਣ ਰਵਾਇਤੀ ਕਲੀਨਿਕਾਂ ਦੀਆਂ ਚਾਰਦਿਵਾਰੀਆਂ ਤੋਂ ਬਾਹਰ ਨਿਕਲ ਕੇ ਡਿਜ਼ੀਟਲ ਮਾਧਿਅਮਾਂ ਤੱਕ ਪਹੁੰਚ ਚੁੱਕੀਆਂ ਹਨ। ਵੀਡੀਓ ਕਾਲਾਂ, ਟੈਲੀਫੋਨ, ਮੋਬਾਈਲ ਐਪਲੀਕੇਸ਼ਨਾਂ, ਈ–ਮੇਲਾਂ ਅਤੇ ਆਨਲਾਈਨ ਪਲੇਟਫਾਰਮਾਂ ਰਾਹੀਂ ਮਨੋਵਿਗਿਆਨਕ ਸਲਾਹ ਅਤੇ ਇਲਾਜ਼ ਪ੍ਰਦਾਨ ਕਰਨ ਦੀ ਇਸ ਪ੍ਰਕਿਰਿਆ ਨੂੰ ਟੈਲੀਸਾਈਕੋਲੋਜੀ ਕਿਹਾ ਜਾਂਦਾ ਹੈ।

ਟੈਲੀਸਾਈਕੋਲੋਜੀ ਦਾ ਅਰਥ ਹੈ ਦੂਰਸੰਚਾਰ ਤਕਨੀਕ ਦੀ ਮਦਦ ਨਾਲ ਮਨੋਵਿਗਿਆਨਕ ਸੇਵਾਵਾਂ ਦੀ ਪਹੁੰਚ ਮੁੱਹਈਆ ਕਰਵਾਉਣਾ। ਇਸ ਵਿੱਚ ਮਨੋਵਿਗਿਆਨਕ ਮੁਲਾਂਕਣ, ਕਾਊਂਸਲਿੰਗ, ਥੈਰੇਪੀ, ਸਲਾਹ–ਮਸ਼ਵਰਾ ਅਤੇ ਮਾਨਸਿਕ ਸਿਹਤ ਸਬੰਧੀ ਸਿੱਖਿਆ ਨੂੰ ਡਿਜ਼ੀਟਲ ਸਾਧਨਾਂ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ। ਸਧਾਰਨ ਸ਼ਬਦਾਂ ਵਿੱਚ, ਇਹ ਮਨੋਵਿਗਿਆਨ ਅਤੇ ਆਧੁਨਿਕ ਸੰਚਾਰ ਤਕਨੀਕ ਦਾ ਅਜਿਹਾ ਸੁਮੇਲ ਹੈ ਜੋ ਮਨੁੱਖ ਨੂੰ ਆਪਣੇ ਘਰ ਬੈਠਿਆਂ ਹੀ ਮਾਹਿਰ ਮਨੋਵਿਗਿਆਨੀ ਨਾਲ ਜੁੜਨ ਦੀ ਸਹੂਲਤ ਪ੍ਰਦਾਨ ਕਰਦਾ ਹੈ।

ਭਾਵੇਂ ਕਿ ਟੈਲੀਫੋਨ ਹੈਲਪਲਾਈਨਾਂ ਦੇ ਰੂਪ ਵਿੱਚ ਦੂਰਵਰਤੀ ਸਲਾਹ–ਮਸ਼ਵਰੇ ਦੀ ਪ੍ਰਥਾ ਕਈ ਦਹਾਕਿਆਂ ਤੋਂ ਮੌਜੂਦ ਸੀ, ਪਰ ਟੈਲੀਸਾਈਕੋਲੋਜੀ ਨੂੰ ਅਸਲ ਪ੍ਰਸਿੱਧੀ ਕੋਵਿਡ–19 ਮਹਾਂਮਾਰੀ ਦੌਰਾਨ ਮਿਲੀ ਸੀ। ਲੌਕਡਾਊਨ, ਸਮਾਜਿਕ ਦੂਰੀ ਅਤੇ ਵੱਧ ਰਹੇ ਮਾਨਸਿਕ ਤਣਾਅ ਨੇ ਮਨੋਵਿਗਿਆਨਕ ਮਾਹਿਰਾਂ ਨੂੰ ਨਵੇਂ ਰਸਤੇ ਅਪਣਾਉਣ ਲਈ ਮਜਬੂਰ ਕੀਤਾ। ਜੋ ਵਿਵਸਥਾ ਉਸ ਸਮੇਂ ਇੱਕ ਲੋੜ ਵਜੋਂ ਸ਼ੁਰੂ ਹੋਈ ਸੀ, ਉਹ ਅੱਜ ਇੱਕ ਪ੍ਰਭਾਵਸ਼ਾਲੀ ਅਤੇ ਕਾਰਗਰ ਮਾਨਸਿਕ ਸਿਹਤ ਸੇਵਾ ਦੇ ਰੂਪ ਵਿੱਚ ਵਿਕਸਤ ਹੋ ਚੁੱਕੀ ਹੈ।

ਅਜੋਕੇ ਸਮੇਂ ਵਿੱਚ ਤਣਾਅ, ਚਿੰਤਾ, ਉਦਾਸੀ, ਇਕੱਲਾਪਣ, ਭਾਵਨਾਤਮਕ ਥਕਾਵਟ, ਸੋਗ ਅਤੇ ਰਿਸ਼ਤਿਆਂ ਦੇ ਟਕਰਾਅ ਵਰਗੀਆਂ ਸਮੱਸਿਆਵਾਂ ਹਰ ਉਮਰ ਵਰਗ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਇਸ ਦੇ ਬਾਵਜੂਦ ਕਈ ਲੋਕ ਸਮਾਜਿਕ ਕਲੰਕ, ਭੂਗੋਲਿਕ ਦੂਰੀ, ਆਰਥਿਕ ਮੁਸ਼ਕਲਾਂ ਜਾਂ ਮਾਹਿਰਾਂ ਦੀ ਘਾਟ ਕਾਰਨ ਮਨੋਵਿਗਿਆਨਕ ਮਦਦ ਲੈਣ ਤੋਂ ਹਿਚਕਚਾਉਂਦੇ ਹਨ। ਟੈਲੀਸਾਈਕੋਲੋਜੀ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਰੁਕਾਵਟਾਂ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੋ ਰਹੀ ਹੈ।

### ਪਹੁੰਚਯੋਗਤਾ ਵਿੱਚ ਵਾਧਾ

ਟੈਲੀਸਾਈਕੋਲੋਜੀ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਹ ਦੂਰ–ਦੁਰਾਡੇ ਅਤੇ ਪੇਂਡੂ ਖੇਤਰਾਂ ਵਿੱਚ ਰਹਿੰਦੇ ਲੋਕਾਂ ਤੱਕ ਵੀ ਮਾਨਸਿਕ ਸਿਹਤ ਸੇਵਾਵਾਂ ਪਹੁੰਚਾਉਂਦੀ ਹੈ। ਜਿੱਥੇ ਪਹਿਲਾਂ ਮਾਹਿਰ ਮਨੋਵਿਗਿਆਨੀ ਤੱਕ ਪਹੁੰਚਣਾ ਮੁਸ਼ਕਲ ਸੀ, ਉੱਥੇ ਹੁਣ ਇੱਕ ਵਿਅਕਤੀ ਸੈਂਕੜੇ ਕਿਲੋਮੀਟਰ ਦੂਰ ਬੈਠੇ ਮਾਹਿਰ ਤੋਂ ਵੀ ਸਲਾਹ ਲੈ ਸਕਦਾ ਹੈ।

### ਸਮਾਜਿਕ ਕਲੰਕ ਵਿੱਚ ਕਮੀ

ਸਾਡੇ ਸਮਾਜ ਵਿੱਚ ਮਾਨਸਿਕ ਸਿਹਤ ਸੰਬੰਧੀ ਮਦਦ ਲੈਣ ਨੂੰ ਅਕਸਰ ਗਲਤ ਨਜ਼ਰੀਏ ਨਾਲ ਦੇਖਿਆ ਜਾਂਦਾ ਹੈ। ਕਈ ਲੋਕ ਕਲੀਨਿਕ ਵਿੱਚ ਜਾਣ ਤੋਂ ਇਸ ਡਰ ਕਾਰਨ ਬੱਚਦੇ ਹਨ ਕਿ ਲੋਕ ਕੀ ਕਹਿਣਗੇ। ਟੈਲੀਸਾਈਕੋਲੋਜੀ ਘਰ ਬੈਠਿਆਂ ਸਲਾਹ ਲੈਣ ਦੀ ਸਹੂਲਤ ਦਿੰਦੀ ਹੈ, ਜਿਸ ਨਾਲ ਵਿਅਕਤੀ ਦੀ ਨਿੱਜਤਾ ਬਣੀ ਰਹਿੰਦੀ ਹੈ ਅਤੇ ਮਦਦ ਲੈਣ ਦੀ ਸੰਭਾਵਨਾ ਵੱਧ ਜਾਂਦੀ ਹੈ।

### ਵਧੇਰੇ ਸੁਵਿਧਾਜਨਕ ਪ੍ਰਬੰਧ

ਵਿਦਿਆਰਥੀ, ਨੌਕਰੀਪੇਸ਼ਾ ਲੋਕ, ਮਾਪੇ ਅਤੇ ਬਜ਼ੁਰਗ ਅਕਸਰ ਸਮੇਂ ਦੀ ਘਾਟ ਕਾਰਨ ਨਿਯਮਿਤ ਕਾਊਂਸਲਿੰਗ ਨਹੀਂ ਲੈ ਸਕਦੇ। ਟੈਲੀਸਾਈਕੋਲੋਜੀ ਯਾਤਰਾ ਦਾ ਸਮਾਂ ਅਤੇ ਖ਼ਰਚਾ ਦੋਵੇਂ ਬਚਾਉਂਦੀ ਹੈ ਅਤੇ ਵਿਅਕਤੀ ਨੂੰ ਆਪਣੇ ਰੋਜ਼ਾਨਾ ਕਾਰਜਕ੍ਰਮ ਅਨੁਸਾਰ ਸਮਾਂ ਨਿਰਧਾਰਿਤ ਕਰਨ ਦੀ ਆਜ਼ਾਦੀ ਦਿੰਦੀ ਹੈ।

### ਇਲਾਜ਼ ਦੀ ਨਿਰੰਤਰਤਾ

ਕਈ ਵਾਰ ਤਬਾਦਲਾ, ਯਾਤਰਾ, ਸਰੀਰਕ ਅਸਮਰੱਥਾ ਜਾਂ ਹੋਰ ਕਾਰਨਾਂ ਕਰਕੇ ਰਵਾਇਤੀ ਥੈਰੇਪੀ ਵਿੱਚ ਰੁਕਾਵਟ ਆ ਜਾਂਦੀ ਹੈ। ਟੈਲੀਸਾਈਕੋਲੋਜੀ ਰਾਹੀਂ ਵਿਅਕਤੀ ਆਪਣੇ ਮਨੋਵਿਗਿਆਨੀ ਨਾਲ ਲਗਾਤਾਰ ਸੰਪਰਕ ਵਿੱਚ ਰਹਿ ਸਕਦਾ ਹੈ, ਜਿਸ ਨਾਲ ਇਲਾਜ਼ ਦੀ ਪ੍ਰਭਾਵਸ਼ੀਲਤਾ ਵੱਧਦੀ ਹੈ।

ਟੈਲੀਸਾਈਕੋਲੋਜੀ ਨੇ ਮਨੁੱਖੀ ਜੀਵਨ ਦੇ ਕਈ ਪੱਖਾਂ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕੀਤਾ ਹੈ।

ਭਾਵਨਾਤਮਕ ਸਿਹਤ ਵਿੱਚ ਸੁਧਾਰ: ਚਿੰਤਾ, ਤਣਾਅ ਅਤੇ ਉਦਾਸੀ ਨਾਲ ਜੂਝ ਰਹੇ ਲੋਕ ਸਮੇਂ ਸਿਰ ਸਹਾਇਤਾ ਪ੍ਰਾਪਤ ਕਰ ਸਕਦੇ ਹਨ, ਜਿਸ ਨਾਲ ਸਮੱਸਿਆਵਾਂ ਗੰਭੀਰ ਰੂਪ ਧਾਰਨ ਤੋਂ ਪਹਿਲਾਂ ਹੀ ਕਾਬੂ ਵਿੱਚ ਆ ਸਕਦੀਆਂ ਹਨ।

### ਰਿਸ਼ਤਿਆਂ ਨੂੰ ਮਜ਼ਬੂਤੀ

ਪਰਿਵਾਰਕ ਸਲਾਹ–ਮਸ਼ਵਰਾ, ਵਿਆਹ ਸਬੰਧੀ ਕਾਊਂਸਲਿੰਗ ਅਤੇ ਰਿਸ਼ਤਿਆਂ ਦੀ ਥੈਰੇਪੀ ਰਾਹੀਂ ਲੋਕ ਆਪਣੇ ਸੰਚਾਰ ਹੁਨਰਾਂ ਨੂੰ ਵਧੀਆ ਬਣਾਉਂਦੇ ਹਨ ਅਤੇ ਆਪਸੀ ਟਕਰਾਅ ਘਟਾਉਂਦੇ ਹਨ।

### ਵਿਦਿਆਰਥੀਆਂ ਲਈ ਸਹਾਇਕ

ਅਕਾਦਮਿਕ ਦਬਾਅ, ਸਮਾਜਿਕ ਤੁਲਨਾ, ਕੈਰੀਅਰ ਦੀ ਅਨਿਸ਼ਚਿਤਤਾ ਅਤੇ ਡਿਜ਼ੀਟਲ ਤਣਾਅ ਨਾਲ ਜੂਝ ਰਹੇ ਨੌਜਵਾਨਾਂ ਲਈ ਇਹ ਇੱਕ ਪ੍ਰਭਾਵਸ਼ਾਲੀ ਸਹਾਰਾ ਬਣ ਰਹੀ ਹੈ।

### ਬਜ਼ੁਰਗਾਂ ਲਈ ਵਰਦਾਨ

ਇਕੱਲਾਪਣ, ਸੋਗ ਅਤੇ ਸਰੀਰਕ ਕਮਜ਼ੋਰੀ ਨਾਲ ਜੂਝ ਰਹੇ ਬਜ਼ੁਰਗ ਬਿਨਾਂ ਘਰੋਂ ਨਿਕਲੇ ਭਾਵਨਾਤਮਕ ਸਹਾਇਤਾ ਪ੍ਰਾਪਤ ਕਰ ਸਕਦੇ ਹਨ।

### ਕਾਰਜਸਥਲਾਂ ਵਿੱਚ ਮਾਨਸਿਕ ਸਿਹਤ ਦਾ ਉਤਸ਼ਾਹ

ਕਈ ਸੰਸਥਾਵਾਂ ਆਪਣੇ ਕਰਮਚਾਰੀਆਂ ਲਈ ਆਨਲਾਈਨ ਕਾਊਂਸਲਿੰਗ ਸੇਵਾਵਾਂ ਮੁਹੱਈਆ ਕਰਵਾ ਰਹੀਆਂ ਹਨ, ਜਿਸ ਨਾਲ ਤਣਾਅ, ਥਕਾਵਟ ਅਤੇ ਕਾਰਜਸਥਲ ਸੰਬੰਧੀ ਟਕਰਾਅ ਘਟਦੇ ਹਨ।

ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਇਸ ਦੀ ਪ੍ਰਭਾਵਸ਼ੀਲਤਾ ਦੇ ਕਈ ਕਾਰਨ ਹਨ।

ਘਰ ਵਰਗੇ ਜਾਣ–ਪਛਾਣ ਵਾਲੇ ਮਾਹੌਲ ਵਿੱਚ ਬੈਠ ਕੇ ਗੱਲ ਕਰਨ ਨਾਲ ਵਿਅਕਤੀ ਵਧੇਰੇ ਆਰਾਮਦਾਇਕ ਮਹਿਸੂਸ ਕਰਦਾ ਹੈ। ਇਸ ਨਾਲ ਉਹ ਆਪਣੀਆਂ ਭਾਵਨਾਵਾਂ ਅਤੇ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਗੱਲ ਕਰ ਸਕਦਾ ਹੈ। ਇਸ ਦੇ ਨਾਲ–ਨਾਲ ਆਨਲਾਈਨ ਸੰਚਾਰ ਵਿਅਕਤੀ ਨੂੰ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਬਾਰੇ ਡੂੰਘਾਈ ਨਾਲ ਸੋਚਣ ਦਾ ਮੌਕਾ ਵੀ ਦਿੰਦਾ ਹੈ, ਜਿਸ ਨਾਲ ਸਵੈ–ਜਾਗਰੂਕਤਾ ਵਿੱਚ ਵਾਧਾ ਹੁੰਦਾ ਹੈ।

ਭਾਵਨਾਤਮਕ ਸੰਕਟ ਦੇ ਸਮੇਂ ਤੁਰੰਤ ਮਦਦ ਉਪਲਬਧ ਹੋਣਾ ਵੀ ਇਸ ਦਾ ਇੱਕ ਮਹੱਤਵਪੂਰਨ ਲਾਭ ਹੈ। ਸਮੇਂ ਸਿਰ ਮਿਲੀ ਮਨੋਵਿਗਿਆਨਕ ਸਹਾਇਤਾ ਕਈ ਗੰਭੀਰ ਸਮੱਸਿਆਵਾਂ ਨੂੰ ਵੱਧਣ ਤੋਂ ਰੋਕ ਸਕਦੀ ਹੈ।

ਹਰ ਨਵੀਂ ਤਕਨੀਕ ਵਾਂਗ ਟੈਲੀਸਾਈਕੋਲੋਜੀ ਦੀਆਂ ਵੀ ਕੁਝ ਸੀਮਾਵਾਂ ਹਨ।

ਸਭ ਤੋਂ ਪਹਿਲਾਂ, ਇਸ ਲਈ ਭਰੋਸੇਯੋਗ ਇੰਟਰਨੈੱਟ, ਉਚਿਤ ਡਿਜ਼ੀਟਲ ਉਪਕਰਨ ਅਤੇ ਤਕਨੀਕੀ ਜਾਣਕਾਰੀ ਦੀ ਲੋੜ ਹੁੰਦੀ ਹੈ। ਦੂਜਾ, ਮਨੋਵਿਗਿਆਨੀ ਅਕਸਰ ਸਰੀਰਕ ਹਾਵ–ਭਾਵ ਅਤੇ ਚਿਹਰੇ ਦੇ ਹਲਕੇ ਸੰਕੇਤਾਂ ਰਾਹੀਂ ਵੀ ਮਰੀਜ਼ ਦੀ ਮਨੋਸਥਿਤੀ ਨੂੰ ਸਮਝਦੇ ਹਨ, ਜੋ ਆਨਲਾਈਨ ਮਾਧਿਅਮ ਵਿੱਚ ਹਮੇਸ਼ਾਂ ਸਪਸ਼ਟ ਨਹੀਂ ਹੁੰਦੇ।

ਇਸ ਤੋਂ ਇਲਾਵਾ, ਗੋਪਨੀਯਤਾ ਅਤੇ ਡਾਟਾ ਸੁਰੱਖਿਆ ਨੂੰ ਯਕੀਨੀ ਬਣਾਉਣਾ ਵੀ ਬਹੁਤ ਜ਼ਰੂਰੀ ਹੈ। ਕੁਝ ਗੰਭੀਰ ਮਨੋਰੋਗੀ ਸਥਿਤੀਆਂ ਅਤੇ ਐਮਰਜੈਂਸੀ ਮਾਮਲਿਆਂ ਵਿੱਚ ਰੂਬਰੂ ਇਲਾਜ ਜਾਂ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਰਹਿੰਦੀ ਹੈ। ਇਸ ਲਈ ਟੈਲੀਸਾਈਕੋਲੋਜੀ ਨੂੰ ਰਵਾਇਤੀ ਸੇਵਾਵਾਂ ਦਾ ਬਦਲ ਨਹੀਂ, ਸਗੋਂ ਉਨ੍ਹਾਂ ਦਾ ਪੂਰਕ ਮੰਨਿਆ ਜਾਣਾ ਚਾਹੀਦਾ ਹੈ।

ਆਉਣ ਵਾਲੇ ਸਮੇਂ ਵਿੱਚ ਕ੍ਰਿਤ੍ਰਿਮ ਬੁੱਧੀ (AI), ਵਰਚੁਅਲ ਰਿਐਲਿਟੀ, ਸਰੀਰਕ ਤੌਰ ਤੇ ਧਾਰਣ ਕਰਨ ਵਾਲੇ ਉਪਕਰਨਾਂ ਅਤੇ ਡਿਜ਼ੀਟਲ ਸਿਹਤ ਪਲੇਟਫਾਰਮਾਂ ਦੇ ਵਿਕਾਸ ਨਾਲ ਟੈਲੀਸਾਈਕੋਲੋਜੀ ਹੋਰ ਵੀ ਪ੍ਰਭਾਵਸ਼ਾਲੀ ਹੋ ਸਕਦੀ ਹੈ। ਭਵਿੱਖ ਵਿੱਚ ਵਿਅਕਤੀਗਤ ਮਾਨਸਿਕ ਸਿਹਤ ਨਿਗਰਾਨੀ, ਭਾਵਨਾਤਮਕ ਪ੍ਰਤੀਕਿਰਿਆਵਾਂ ਦਾ ਤੁਰੰਤ ਵਿਸ਼ਲੇਸ਼ਣ ਅਤੇ ਹੋਰ ਵਿਆਪਕ ਸੇਵਾਵਾਂ ਉਪਲਬਧ ਹੋਣ ਦੀ ਸੰਭਾਵਨਾ ਹੈ।

ਫਿਰ ਵੀ, ਮਨੁੱਖੀ ਹਮਦਰਦੀ, ਭਰੋਸਾ ਅਤੇ ਥੈਰੇਪਿਸਟ–ਕਲਾਇੰਟ ਸੰਬੰਧ ਹਮੇਸ਼ਾਂ ਪ੍ਰਭਾਵਸ਼ਾਲੀ ਮਨੋਵਿਗਿਆਨਕ ਸੇਵਾਵਾਂ ਦਾ ਕੇਂਦਰ ਰਹਿਣਗੇ।

ਟੈਲੀਸਾਈਕੋਲੋਜੀ ਮਨੋਵਿਗਿਆਨ ਅਤੇ ਆਧੁਨਿਕ ਤਕਨੀਕ ਦਾ ਇੱਕ ਅਹਿਮ ਮੇਲ ਹੈ ਜਿਸ ਨੇ ਮਾਨਸਿਕ ਸਿਹਤ ਸੇਵਾਵਾਂ ਨੂੰ ਹੋਰ ਪਹੁੰਚਯੋਗ, ਸੁਵਿਧਾਜਨਕ ਅਤੇ ਲਚਕੀਲਾ ਬਣਾਇਆ ਹੈ। ਇਹ ਭਾਵਨਾਤਮਕ ਸਿਹਤ ਨੂੰ ਉਤਸ਼ਾਹਿਤ ਕਰਦੀ ਹੈ, ਰਿਸ਼ਤਿਆਂ ਨੂੰ ਮਜ਼ਬੂਤ ਬਣਾਉਂਦੀ ਹੈ ਅਤੇ ਉਨ੍ਹਾਂ ਲੋਕਾਂ ਤੱਕ ਵੀ ਮਦਦ ਪਹੁੰਚਾਉਂਦੀ ਹੈ ਜੋ ਪਹਿਲਾਂ ਇਸ ਤੋਂ ਵਾਂਝੇ ਰਹਿੰਦੇ ਸਨ।

ਡਿਜ਼ੀਟਲ ਯੁੱਗ ਵਿੱਚ ਮਾਨਸਿਕ ਸਿਹਤ ਦੀਆਂ ਵੱਧਦੀਆਂ ਚੁਣੌਤੀਆਂ ਨੂੰ ਦੇਖਦੇ ਹੋਏ ਟੈਲੀਸਾਈਕੋਲੋਜੀ ਇੱਕ ਅਜਿਹਾ ਸਾਧਨ ਬਣ ਕੇ ਉਭਰੀ ਹੈ ਜੋ ਨਾ ਸਿਰਫ਼ ਮਾਨਸਿਕ ਸਿਹਤ ਸੇਵਾਵਾਂ ਦਾ ਵਿਸਤਾਰ ਕਰਦੀ ਹੈ, ਸਗੋਂ ਇੱਕ ਵਧੇਰੇ ਸਿਹਤਮੰਦ, ਸੰਤੁਲਿਤ ਅਤੇ ਭਾਵਨਾਤਮਕ ਤੌਰ 'ਤੇ ਮਜ਼ਬੂਤ ਸਮਾਜ ਦੀ ਉਸਾਰੀ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾ ਸਕਦੀ ਹੈ।



ਸੁਰਿੰਦਰਪਾਲ ਸਿੰਘ
ਫੈਕਲਟੀ, ਵਿਗਿਆਨ ਵਿਭਾਗ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਕੀ ਤੁਸੀਂ ਵੀ ਬਿਨਾਂ ਕਿਸੇ ਕਾਰਨ ਦੇ ਮਹਿਸੂਸ ਕਰਦੇ ਹੋ ਥਕਾਵਟ?

ਕੀ ਤੁਸੀਂ ਬਿਨਾਂ ਕਿਸੇ ਕਾਰਨ ਦੇ ਥਕਾਵਟ ਮਹਿਸੂਸ ਕਰਦੇ ਹੋ? ਸਿਰ ਭਾਰਾ ਰਹਿਣਾ, ਜੋੜਾਂ ਵਿੱਚ ਦਰਦ ਹੋਣ ਦੇ ਨਾਲ–ਨਾਲ ਰੋਜ਼ਾਨਾ ਦਾ ਕੰਮਕਾਜ ਬੋਝ ਲੱਗ ਰਿਹਾ ਹੈ? ਸੰਭਵ ਹੈ ਕਿ ਇਸ ਸਭ ਨਾਲ ਤੁਹਾਡੀ ਰੋਜ਼ਮੱਰਾ ਦੀ ਜ਼ਿੰਦਗੀ ਅਤੇ ਕੰਮ ਦੀ ਗੁਣਵੱਤਾ ਵੀ ਪ੍ਰਭਾਵਿਤ ਹੋ ਰਹੀ ਹੋਵੇ। ਯਾਦ ਰੱਖੋ ਕਿ ਕਿਸੇ ਵੀ ਸਮੱਸਿਆ ਦੀ ਸ਼ੁਰੂਆਤ ਕੁਝ ਅਜਿਹੇ ਛੋਟੇ ਲੱਛਣਾਂ ਤੋਂ ਹੁੰਦੀ ਹੈ, ਜਿਨ੍ਹਾਂ ਵੱਲ ਅਕਸਰ ਧਿਆਨ ਨਹੀਂ ਜਾਂਦਾ।

ਜਿਵੇਂ ਕਿ ਥਕਾਵਟ ਨੂੰ ਅਕਸਰ ਤਣਾਅ ਜਾਂ ਨੀਂਦ ਦੀ ਕਮੀ ਦੱਸ ਕੇ ਟਾਲ ਦਿੱਤਾ ਜਾਂਦਾ ਹੈ। ਮਾਹਰਾਂ ਦੀ ਮੰਨੀਏ ਤਾਂ ਇਹ ਐਨੀਮੀਆ (ਖ਼ੂਨ ਦੀ ਕਮੀ) ਜਾਂ ਥਾਇਰਾਇਡ ਦੀ ਸਮੱਸਿਆ ਵੀ ਹੋ ਸਕਦੀ ਹੈ। ਤੁਸੀਂ ਰੋਜ਼ਾਨਾ ਜੀਵਨ ਵਿੱਚ ਹੋਣ ਵਾਲੀ ਥਕਾਵਟ ਨੂੰ ਪੋਸ਼ਣ ਦੀ ਕਮੀ ਦਾ ਸੰਕੇਤ ਮੰਨ ਸਕਦੇ ਹੋ।

ਇਨ੍ਹਾਂ ਨੂੰ ਆਮ ਮੰਨਣ ਜਾਂ ਅਣਦੇਖਾ ਕਰਨ ਦੀ ਆਦਤ ਲੰਬੇ ਸਮੇਂ ਦੀਆਂ ਬਿਮਾਰੀਆਂ ਦਾ ਵੱਡਾ ਕਾਰਨ ਬਣ ਸਕਦੀ ਹੈ। ਬੈਲਜੀਅਮ ਦੀ ਘੈਂਟ ਯੂਨੀਵਰਸਿਟੀ ਅਨੁਸਾਰ, ਔਰਤਾਂ ਦੀ ਰੋਗ ਪ੍ਰਤੀਰੋਧਕ ਸਮਰੱਥਾ (Immunity) ਮਰਦਾਂ ਨਾਲੋਂ ਬਿਹਤਰ ਹੁੰਦੀ ਹੈ, ਪਰ ਕੁਦਰਤ ਦੇ ਇਸ ਤੋਹਫ਼ੇ ਨੂੰ ਪਾਉਣ ਤੋਂ ਬਾਅਦ ਵੀ ਉਹ ਜੀਵਨ ਭਰ ਕ੍ਰੋਨਿਕ (ਲੰਬੇ ਸਮੇਂ ਤੱਕ ਚੱਲਣ ਵਾਲੀਆਂ) ਅਤੇ ਦਰਦਨਾਕ ਸਮੱਸਿਆਵਾਂ ਨਾਲ ਜੂਝਦੀਆਂ ਰਹਿੰਦੀਆਂ ਹਨ।

### ਕਾਰਨਾਂ ਵਿੱਚ ਲੱਭੋ ਹੱਲ



'ਲਾਂਸੇਟ' ਦੀ ਇੱਕ ਹਾਲੀਆ ਰਿਪੋਰਟ ਅਨੁਸਾਰ, ਕਮਰ ਦੇ ਹੇਠਲੇ ਹਿੱਸੇ ਦਾ ਦਰਦ ਇੱਕ ਅਜਿਹੀ ਪੀੜ ਹੈ, ਜੋ ਦੁਨੀਆ ਭਰ ਦੀਆਂ ਔਰਤਾਂ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕਰ ਰਹੀ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਅੱਜ ਵੀ ਕਈ ਪਰਿਵਾਰਾਂ ਵਿੱਚ ਛੋਟੀ ਉਮਰ ਤੋਂ ਹੀ ਕੁੜੀਆਂ ਨੂੰ ਪੋਸ਼ਣ ਸੰਬੰਧੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਨਾਲ ਹੀ, ਪਿਛਲੇ ਕੁਝ ਸਾਲਾਂ ਵਿੱਚ 15 ਤੋਂ 49 ਸਾਲ ਦੀਆਂ ਔਰਤਾਂ ਵਿੱਚ ਮੋਟਾਪਾ 24 ਫ਼ੀਸਦੀ ਤੋਂ ਵਧ ਕੇ 30.7 ਫ਼ੀਸਦੀ ਹੋ ਗਿਆ ਹੈ।

ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (NFHS) ਦੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤ ਵਿੱਚ 57 ਫ਼ੀਸਦੀ ਔਰਤਾਂ ਐਨੀਮੀਆ (ਖ਼ੂਨ ਦੀ ਕਮੀ) ਤੋਂ ਪੀੜਤ ਹਨ। ਇਹ ਸਾਰੀਆਂ 15–49 ਸਾਲ ਦੀ ਉਮਰ ਦੀਆਂ ਹਨ, ਜੋ ਕਿ ਗਰਭ ਧਾਰਨ (ਪ੍ਰਜਣਨ) ਦੀ ਉਮਰ ਹੈ। ਗਰਭ ਵਿੱਚ ਬੱਚੇ ਦੇ ਹੁੰਦਿਆਂ ਐਨੀਮੀਆ ਹੋਣਾ ਉਨ੍ਹਾਂ ਦੇ ਪੂਰੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਦੀ ਖ਼ਰਾਬ ਸਿਹਤ ਦਾ ਇੱਕ ਕਾਰਨ ਉਨ੍ਹਾਂ ਨੂੰ ਸਮੇਂ ਸਿਰ ਉਚਿਤ ਸਹਾਇਤਾ ਨਾ ਮਿਲਣਾ ਵੀ ਹੈ। ਵਿਸ਼ਵ ਸਿਹਤ ਸੰਸਥਾ (WHO) ਅਨੁਸਾਰ, ਜਿਨ੍ਹਾਂ ਔਰਤਾਂ ਨੂੰ ਕੰਮ ਵਾਲੀ ਥਾਂ (Workplace) 'ਤੇ ਸਪੋਰਟ ਨਹੀਂ ਮਿਲਦਾ, ਉਨ੍ਹਾਂ ਵਿੱਚ ਬਰਨਆਊਟ (ਮਾਨਸਿਕ ਥਕਾਵਟ) ਦਾ ਖ਼ਤਰਾ 50 ਫ਼ੀਸਦੀ ਵੱਧ ਰਹਿੰਦਾ ਹੈ।

### ਮਾਨਸਿਕ ਸਮੱਸਿਆ ਸਿਰਫ਼ ਮਾਨਸਿਕ ਨਹੀਂ ਹੁੰਦੀ

'ਦ ਲਾਂਸੇਟ' ਦੀ ਗਲੋਬਰ ਬਰਡਨ ਆਫ਼ ਡਿਜ਼ੀਜ਼ ਰਿਪੋਰਟ ਅਨੁਸਾਰ, ਭਾਰਤ ਵਿੱਚ 1990 ਤੋਂ ਬਾਅਦ ਐਂਗਜ਼ਾਇਟੀ (ਚਿੰਤਾ/ਘਬਰਾਹਟ) ਨਾਲ ਜੁੜੇ ਮਾਮਲਿਆਂ ਵਿੱਚ 123 ਫ਼ੀਸਦੀ ਤੱਕ ਦਾ ਵਾਧਾ ਦਰਜ ਕੀਤਾ ਗਿਆ ਹੈ। ਯਾਦ ਰਹੇ ਕਿ ਮਾਨਸਿਕ ਪਰੇਸ਼ਾਨੀ ਸਰੀਰ, ਵਿਵਹਾਰ, ਨੀਂਦ, ਹਾਰਮੋਨਸ ਅਤੇ ਦਿਲ ਦੀ ਸਿਹਤ ਤੱਕ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਗੰਭੀਰ ਸਥਿਤੀ ਹੈ।

### ਔਰਤਾਂ ਦੀਆਂ ਮੁੱਖ ਚੁਣੌਤੀਆਂ:

* ਲੋਅਰ ਬੈਕ ਪੇਨ (ਕਮਰ ਦਰਦ)
* ਸਿਰਦਰਦ
* ਡਿਪਰੈਸ਼ਨ (ਮਾਨਸਿਕ ਤਣਾਅ)
* ਐਂਗਜ਼ਾਇਟੀ
* ਜੋੜਾਂ ਅਤੇ ਮਾਸਪੇਸ਼ੀਆਂ ਦੀਆਂ ਬਿਮਾਰੀਆਂ

### ਆਪਣੇ ਲਈ ਕੱਢਣਾ ਪਵੇਗਾ ਸਮਾਂ

ਕਸਰਤ ਨਾ ਕਰਨ ਲਈ 'ਸਮਾਂ ਨਹੀਂ ਹੈ' ਜਾਂ 'ਘਰ ਦਾ ਕੰਮਕਾਰ ਤਾਂ ਕਰਦੇ ਹੀ ਹਾਂ', ਅਜਿਹੇ ਬਹਾਨਿਆਂ ਤੋਂ ਦੂਰੀ ਬਣਾਓ। ਰੋਜ਼ਾਨਾ ਆਪਣੇ ਲਈ ਸਮਾਂ ਕੱਢੋ। ਯਾਦ ਰਹੇ ਕਿ ਸੈਰ ਕਰਨਾ ਅਤੇ ਕਸਰਤ ਤੁਹਾਡੀ ਰੋਜ਼ਾਨਾ ਦੀ ਦਿਨਚਰਿਆ ਵਿੱਚ ਜ਼ਰੂਰ ਸ਼ਾਮਲ ਹੋਵੇ।

ਕਸਰਤ ਸਿਰਫ਼ ਕੈਲੋਰੀ ਹੀ ਨਹੀਂ ਬਾਲਦੀ, ਬਲਕਿ ਖ਼ੂਨ ਦੇ ਦੌਰੇ (Blood Circulation) ਨੂੰ ਵਧਾਉਣ ਦੇ ਨਾਲ–ਨਾਲ ਆਕਸੀਜਨ ਨੂੰ ਪੂਰੇ ਸਰੀਰ ਵਿੱਚ ਪਹੁੰਚਾਉਂਦੀ ਹੈ। ਇਹ ਪਾਚਨ ਪ੍ਰਣਾਲੀ ਨੂੰ ਸੁਧਾਰ ਸਕਦੀ ਹੈ, ਪ੍ਰਜਨਨ ਸਿਹਤ ਨੂੰ ਬਿਹਤਰ ਕਰਦੀ ਹੈ, ਹੱਡੀਆਂ ਨੂੰ ਮਜ਼ਬੂਤ ਕਰਦੀ ਹੈ ਅਤੇ ਮਾਨਸਿਕ ਸਿਹਤ ਨੂੰ ਸੁਧਾਰਨ ਵਰਗੇ ਕਈ ਲਾਭ ਦਿੰਦੀ ਹੈ।

### ਇਨ੍ਹਾਂ ਗੱਲਾਂ ਦਾ ਰੱਖੋ ਧਿਆਨ:

ਜੰਕ ਫੂਡ ਜਾਂ ਬਾਹਰ ਦੇ ਖਾਣੇ ਨੂੰ ਘੱਟ ਤੋਂ ਘੱਟ ਖਾਓ। ਖ਼ੁਰਾਕ ਵਿੱਚ ਹਰੀਆਂ ਸਬਜ਼ੀਆਂ, ਫਲ, ਦਾਲਾਂ, ਦੁੱਧ ਅਤੇ ਨਟਸ (ਮੇਵੇ) ਰੋਜ਼ਾਨਾ ਲਓ।

ਲੀਨ ਪ੍ਰੋਟੀਨ, ਸਾਬਤ ਅਨਾਜ ਅਤੇ ਹੈਲਦੀ ਫੈਟ ਲਓ।

ਆਪਣੇ ਖਾਣ ਦਾ ਸਮਾਂ ਅਤੇ ਮਾਤਰਾ ਨਿਰਧਾਰਤ ਕਰੋ ਅਤੇ ਫੈਟੀ ਫੂਡ ਖਾਣ ਦੀ ਬਜਾਏ ਪੋਸ਼ਕ ਤੱਤਾਂ ਨਾਲ ਭਰਪੂਰ ਚੀਜ਼ਾਂ ਦਾ ਸੇਵਨ ਕਰੋ।

ਖਾਣੇ ਵਿੱਚ ਪੌਦਿਆਂ 'ਤੇ ਅਧਾਰਤ ਕੱਚਾ ਖਾਣਾ ਯਾਨੀ ਸਲਾਦ ਅਤੇ ਅੰਕੁਰਿਤ ਅਨਾਜ ਲਓ। ਇਨ੍ਹਾਂ ਨਾਲ ਭੋਜਨ ਪਚਣ ਵਿੱਚ ਆਸਾਨੀ ਰਹਿੰਦੀ ਹੈ।

### ਚੰਗੀ ਨੀਂਦ ਹੈ ਜ਼ਰੂਰੀ

ਜੇਕਰ ਸਵੇਰ ਦੇ ਸਮੇਂ ਕਸਰਤ ਅਤੇ ਸੈਰ ਕਰਨ ਦੀ ਆਦਤ ਹੈ, ਤਾਂ ਰਾਤ ਦੀ ਨੀਂਦ ਵੀ ਚੰਗੀ ਆਵੇਗੀ। ਚੰਗੀ ਨੀਂਦ ਲਈ ਦੇਰ ਰਾਤ ਤੱਕ ਮੋਬਾਈਲ ਜਾਂ ਟੀਵੀ ਦੀ ਵਰਤੋਂ ਘੱਟ ਕਰੋ। ਸੌਣ ਤੋਂ ਇੱਕ ਘੰਟਾ ਪਹਿਲਾਂ ਗੈਜੇਟਸ (ਮੋਬਾਈਲ, ਲੈਪਟਾਪ) ਤੋਂ ਦੂਰ ਰਹਿਣ ਦੀ ਆਦਤ ਪਾਓ।

### ਛੋਟੇ ਕਦਮਾਂ ਨਾਲ ਕਰੋ ਸ਼ੁਰੂਆਤ

ਇੰਦਰਪ੍ਰਸਥ ਅਪੋਲੋ ਹਸਪਤਾਲ, ਦਿੱਲੀ ਦੀ ਮਹਿਲਾ ਰੋਗ ਮਾਹਰ ਡਾ. ਨੀਲਮ ਸੂਰੀ ਦੱਸਦੇ ਹਨ ਕਿ ਛੋਟੀ ਉਮਰ ਤੋਂ ਹੀ ਜੰਕ ਫੂਡ, ਮੋਬਾਈਲ ਅਤੇ ਸੋਸ਼ਲ ਮੀਡੀਆ 'ਤੇ ਵਧਦੀ ਨਿਰਭਰਤਾ ਔਰਤਾਂ ਨੂੰ ਮੋਟਾਪੇ ਵੱਲ ਧੱਕ ਰਹੀ ਹੈ। ਇਹੀ ਬੱਚੀਆਂ ਅੱਗੇ ਜਾ ਕੇ ਪੀ.ਸੀ.ਓ.ਡੀ. (PCOD/PCOS) ਨਾਲ ਜੂਝ ਰਹੀਆਂ ਹਨ ਅਤੇ ਇਨਫਰਟਿਲਿਟੀ (ਬਾਂਝਪਨ) ਦੀ ਚੁਣੌਤੀ ਵਧ ਰਹੀ ਹੈ।

ਦੇਰੀ ਨਾਲ ਵਿਆਹ ਤੇ ਦੇਰੀ ਨਾਲ ਮਾਂ ਬਣਨ ਦਾ ਫ਼ੈਸਲਾ ਵੀ ਉਨ੍ਹਾਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਰਿਹਾ ਹੈ। ਪਿਛਲੇ ਸਾਲਾਂ ਵਿੱਚ ਵਾਤਾਵਰਣ ਵਿੱਚ ਹੋ ਰਹੇ ਬਦਲਾਅ ਵੀ ਕੈਂਸਰ ਵਰਗੇ ਰੋਗਾਂ ਦੇ ਮੁੱਖ ਕਾਰਨ ਬਣ ਕੇ ਉੱਭਰ ਰਹੇ ਹਨ। ਹਾਲਾਂਕਿ ਜੋ ਸਾਡੇ ਕੰਟਰੋਲ ਵਿੱਚ ਨਹੀਂ ਹੈ, ਉਸ ਬਾਰੇ ਜ਼ਿਆਦਾ ਨਾ ਸੋਚੋ। ਛੋਟੇ–ਛੋਟੇ ਕਦਮਾਂ ਨਾਲ ਸਿਹਤ ਵਿੱਚ ਵੱਡੇ ਬਦਲਾਅ ਦੇ ਯਤਨ ਕਰੋ।

### 40 ਦੀ ਉਮਰ ਤੋਂ ਬਾਅਦ ਸਿਹਤ ਨੂੰ ਲੈ ਕੇ ਸਾਵਧਾਨੀ

ਸਫਦਰਜੰਗ ਹਸਪਤਾਲ, ਦਿੱਲੀ ਦੇ ਮੈਡੀਸਨ ਵਿਭਾਗ ਦੀ ਪ੍ਰੋਫੈਸਰ ਡਾ. ਰੂਪਾਲੀ ਮਲਿਕ ਕਹਿੰਦੇ ਹਨ ਕਿ ਔਰਤਾਂ ਦੀ ਸਿਹਤ ਸਿਰਫ਼ ਮਾਂ ਬਣਨ ਅਤੇ ਪ੍ਰਜਣਨ ਸਿਹਤ 'ਤੇ ਹੀ ਕੇਂਦਰਿਤ ਨਹੀਂ ਹੋਣੀ ਚਾਹੀਦੀ। ਇਸ ਨਾਲ ਵਧਦੀ ਉਮਰ ਵਿੱਚ ਔਰਤਾਂ ਨੂੰ ਹੋਣ ਵਾਲੀਆਂ ਕ੍ਰੋਨਿਕ (ਗੰਭੀਰ) ਬਿਮਾਰੀਆਂ ਦੀ ਅਣਦੇਖੀ ਹੋ ਸਕਦੀ ਹੈ। ਖ਼ਾਸ ਕਰਕੇ, 40 ਦੀ ਉਮਰ ਤੋਂ ਬਾਅਦ ਐਸਟ੍ਰੋਜਨ (Estrogen) ਹਾਰਮੋਨ ਦੀ ਕਮੀ ਉਨ੍ਹਾਂ ਦੀ ਮੁੱਖ ਚੁਣੌਤੀ ਹੈ।

ਇਹ ਹਾਰਮੋਨ ਮਾਸਿਕ ਚੱਕਰ (Periods) ਨੂੰ ਨਿਯਮਿਤ ਕਰਨ ਤੋਂ ਲੈ ਕੇ ਕੈਲਸ਼ੀਅਮ ਦਾ ਪੱਧਰ ਬਿਹਤਰ ਰੱਖਣ ਅਤੇ ਦਿਲ ਦੀਆਂ ਰਗਾਂ ਨੂੰ ਲਚਕੀਲਾ ਬਣਾਉਣ ਵਰਗੇ ਸਾਰੇ ਕੰਮਾਂ ਲਈ ਜ਼ਰੂਰੀ ਹੈ। ਉਮਰ ਦੇ ਨਾਲ ਇਸ ਦਾ ਘਟਣਾ ਸੁਭਾਵਿਕ ਹੈ, ਪਰ ਖ਼ਰਾਬ ਜੀਵਨਸ਼ੈਲੀ ਵੀ ਇਸ ਦਾ ਵੱਡਾ ਕਾਰਨ ਹੈ। ਔਰਤਾਂ ਵਿੱਚ ਦਿਲ ਦੇ ਰੋਗਾਂ ਦੀ ਸੰਭਾਵਨਾ ਪਿਛਲੇ ਸਾਲਾਂ ਵਿੱਚ ਤੇਜ਼ੀ ਨਾਲ ਵਧੀ ਹੈ। ਅਜਿਹੇ ਵਿੱਚ ਪੋਸ਼ਣ ਦੇ ਨਾਲ–ਨਾਲ ਸਟ੍ਰੈਂਥ ਟ੍ਰੇਨਿੰਗ (Strength Training) ਦੀ ਮਹੱਤਤਾ ਨੂੰ ਸਮਝੋ ਅਤੇ ਮਾਸਪੇਸ਼ੀਆਂ ਦੀ ਸਿਹਤ ਨੂੰ ਨਜ਼ਰਅੰਦਾਜ਼ ਨਾ ਕਰੋ।












# ਰਾਸ਼ੀਫਲ

### ਮੇਖ ਰਾਸ਼ੀ

ਮੇਖ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਜੀਵਨ ਵਿੱਚ ਇੱਕ ਬਿਲਕੁਲ ਨਵੇਂ ਅਧਿਆਏ ਦੀ ਸ਼ੁਰੂਆਤ ਕਰ ਰਿਹਾ ਹੈ। ਜਿਸ ਸਥਿਰਤਾ ਦੀ ਤੁਸੀਂ ਸਾਲਾਂ ਤੋਂ ਉਡੀਕ ਕਰ ਰਹੇ ਸੀ, ਉਹ ਆਖਰਕਾਰ ਇਸ ਮਹੀਨੇ ਹਕੀਕਤ ਬਣ ਰਹੀ ਹੈ। ਖਾਸ ਤੌਰ 'ਤੇ, 2 ਜੂਨ ਨੂੰ ਤੁਹਾਡੇ ਨੌਂਵੇਂ ਘਰ ਦੇ ਸੁਆਮੀ ਗੁਰੂ ਦਾ ਆਪਣੀ ਉੱਚ ਰਾਸ਼ੀ ਕਰਕ (ਚੌਥੇ ਘਰ) ਵਿੱਚ ਪ੍ਰਵੇਸ਼ ਕਰਨਾ ਇੱਕ ਸ਼ਾਨਦਾਰ ਯੋਗ ਬਣਾਉਂਦਾ ਹੈ। ਇਸ ਸਕਾਰਾਤਮਕ ਊਰਜਾ ਦੇ ਨਾਲ, 15 ਜੂਨ ਤੋਂ ਤੁਹਾਡੇ ਤੀਜੇ ਘਰ ਵਿੱਚ ਸੂਰਜ ਦਾ ਗੋਚਰ ਤੁਹਾਡੇ ਲੜਨ ਦੇ ਜਜ਼ਬੇ ਨੂੰ ਵਧਾਏਗਾ, ਜਿਸ ਨਾਲ ਤੁਸੀਂ ਕਿਸੇ ਵੀ ਕੰਮ ਨੂੰ ਸਫਲਤਾਪੂਰਵਕ ਪੂਰਾ ਕਰਨ ਦੇ ਯੋਗ ਹੋਵੋਗੇ। ਹਾਲਾਂਕਿ 21 ਜੂਨ ਤੱਕ ਤੁਹਾਡੀ ਰਾਸ਼ੀ ਵਿੱਚ ਮੰਗਲ ਦਾ ਹੋਣਾ ਤੁਹਾਨੂੰ ਅਥਾਹ ਜੀਵਨ ਸ਼ਕਤੀ ਪ੍ਰਦਾਨ ਕਰੇਗਾ, ਪਰ ਇਹ ਬਿਨਾਂ ਵਜ੍ਹਾ ਦੀ ਚਿੜਚਿੜਾਹਟ ਨੂੰ ਵੀ ਵਧਾ ਸਕਦਾ ਹੈ; ਇਸ ਲਈ, ਮਨ ਨੂੰ ਸ਼ਾਂਤ ਰੱਖਣਾ ਇਸ ਮਹੀਨੇ ਨੂੰ ਤੁਹਾਡੇ ਲਈ ਸੁਨਹਿਰੀ ਦੌਰ ਬਣਾ ਦੇਵੇਗਾ।

### ਬ੍ਰਿਖ ਰਾਸ਼ੀ

ਬ੍ਰਿਖ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਗਤੀਸ਼ੀਲ ਅਤੇ ਅਨੁਕੂਲ ਮਹੀਨਾ ਹੋਵੇਗਾ। ਇਸ ਮਿਆਦ ਦੌਰਾਨ ਪੰਜ ਮਹੱਤਵਪੂਰਨ ਗ੍ਰਹਿ ਆਪਣੀ ਸਥਿਤੀ ਬਦਲ ਰਹੇ ਹਨ। ਤੁਹਾਡੇ ਲਾਭ ਦੇ 11ਵੇਂ ਘਰ ਵਿੱਚ ਬੈਠੇ ਭਗਵਾਨ ਸ਼ਨੀ ਦੇ ਮਜ਼ਬੂਤ ਸਹਿਯੋਗ ਦੇ ਨਾਲ, 2 ਜੂਨ ਨੂੰ ਗੁਰੂ ਦਾ ਆਪਣੀ ਉੱਚ ਰਾਸ਼ੀ ਕਰਕ (ਤੀਜੇ ਘਰ) ਵਿੱਚ ਪ੍ਰਵੇਸ਼ ਕਰਨਾ ਤੁਹਾਡੇ ਯਤਨਾਂ ਨੂੰ ਸ਼ਾਨਦਾਰ ਤਾਕਤ ਪ੍ਰਦਾਨ ਕਰੇਗਾ। ਮਹੀਨੇ ਦੇ ਦੂਜੇ ਹਿੱਸੇ ਵਿੱਚ, ਸੂਰਜ ਅਤੇ ਬੁੱਧ ਦੇ ਸ਼ੁਭ ਪ੍ਰਭਾਵ ਤੁਹਾਡੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨਗੇ। ਹਾਲਾਂਕਿ, 21 ਜੂਨ ਨੂੰ ਮੰਗਲ ਦੇ ਤੁਹਾਡੀ ਆਪਣੀ ਰਾਸ਼ੀ ਵਿੱਚ ਪ੍ਰਵੇਸ਼ ਕਰਨ ਨਾਲ, ਤੁਹਾਡੀ ਸਰੀਰਕ ਊਰਜਾ ਦੇ ਨਾਲ-ਨਾਲ ਚਿੜਚਿੜਾਹਟ ਵਿੱਚ ਵੀ ਵਾਧਾ ਹੋ ਸਕਦਾ ਹੈ। ਮਨ ਨੂੰ ਸ਼ਾਂਤ ਰੱਖ ਕੇ ਤੁਸੀਂ ਇਸ ਮਹੀਨੇ ਅਸਧਾਰਨ ਪ੍ਰਾਪਤੀਆਂ ਹਾਸਲ ਕਰ ਸਕਦੇ ਹੋ।



### ਮਿਥੁਨ ਰਾਸ਼ੀ

ਮਿਥੁਨ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਦਾ ਮਹੀਨਾ ਕਈ ਸ਼ੁਭ ਬਦਲਾਅ ਲੈ ਕੇ ਆ ਰਿਹਾ ਹੈ। ਭਗਵਾਨ ਗੁਰੂ, ਜੋ ਪਿਛਲੇ ਇੱਕ ਸਾਲ ਤੋਂ ਤੁਹਾਡੀ ਆਪਣੀ ਰਾਸ਼ੀ ਵਿੱਚ ਸਨ ਅਤੇ ਤੁਹਾਡੀ ਸੋਚ ਪ੍ਰਕਿਰਿਆ ਨੂੰ ਡੂੰਘਾ ਪ੍ਰਭਾਵਿਤ ਕਰ ਰਹੇ ਸਨ, ਉਹ 2 ਜੂਨ ਨੂੰ ਆਪਣੀ ਉੱਚ ਰਾਸ਼ੀ ਕਰਕ (ਦੂਜੇ ਘਰ – ਧਨ ਭਾਵ) ਵਿੱਚ ਪ੍ਰਵੇਸ਼ ਕਰ ਰਹੇ ਹਨ, ਜੋ ਤੁਹਾਡੇ ਜੀਵਨ ਵਿੱਚ ਇੱਕ ਵੱਡਾ ਮੀਲ ਪੱਥਰ ਸਾਬਤ ਹੋਵੇਗਾ। ਇਹ ਗੋਚਰ ਤੁਹਾਨੂੰ ਸ਼ਾਨਦਾਰ ਵਿੱਤੀ ਸਥਿਰਤਾ ਅਤੇ ਪਰਿਵਾਰਕ ਖੁਸ਼ੀ ਪ੍ਰਦਾਨ ਕਰੇਗਾ। ਇਸ ਦੇ ਨਾਲ ਹੀ, 15 ਜੂਨ ਤੋਂ ਤੁਹਾਡੀ ਆਪਣੀ ਰਾਸ਼ੀ ਵਿੱਚ ਸੂਰਜ ਦਾ ਗੋਚਰ ਤੁਹਾਡੇ ਮਾਨ-ਸਨਮਾਨ ਅਤੇ ਪ੍ਰਤਿਸ਼ਠਾ ਨੂੰ ਵਧਾਏਗਾ। ਭਾਵੇਂ ਮਹੀਨੇ ਦੇ ਅੰਤ ਵਿੱਚ ਮੰਗਲ ਦਾ 12ਵੇਂ ਘਰ ਵਿੱਚ ਜਾਣਾ ਕੁਝ ਛੋਟੀਆਂ ਚੁਣੌਤੀਆਂ ਦੇ ਸਕਦਾ ਹੈ, ਪਰ ਗ੍ਰਹਿਆਂ ਦਾ ਬਹੁਤ ਵੱਡਾ ਸਹਿਯੋਗ ਤੁਹਾਡੇ ਪੱਖ ਵਿੱਚ ਹੈ, ਜਿਸ ਨਾਲ ਤੁਸੀਂ ਜਿਸ ਵੀ ਕੰਮ ਨੂੰ ਹੱਥ ਪਾਓਗੇ, ਉਹ ਸਫਲ ਹੋਵੇਗਾ।

### ਕਰਕ ਰਾਸ਼ੀ

ਕਰਕ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਜੀਵਨ ਵਿੱਚ ਇੱਕ ਯਾਦਗਾਰ ਅਤੇ ਸੁਨਹਿਰੀ ਮਹੀਨੇ ਵਜੋਂ ਉੱਭਰੇਗਾ। ਗ੍ਰਹਿਆਂ ਦੀ ਸਥਿਤੀ ਪੂਰੀ ਤਰ੍ਹਾਂ ਤੁਹਾਡੀ ਰਾਸ਼ੀ ਦੇ ਪੱਖ ਵਿੱਚ ਬਣੀ ਹੋਈ ਹੈ। ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਭਗਵਾਨ ਗੁਰੂ, ਜਿਨ੍ਹਾਂ ਨੇ ਪਿਛਲੇ ਸਾਲ ਦੌਰਾਨ ਤੁਹਾਡੇ 12ਵੇਂ ਘਰ ਵਿੱਚ ਗੋਚਰ ਕਰਦੇ ਹੋਏ ਲਗਾਤਾਰ ਖਰਚੇ ਅਤੇ ਮਾਨਸਿਕ ਤਣਾਅ ਦਿੱਤਾ ਸੀ, ਉਹ 2 ਜੂਨ ਨੂੰ ਆਪਣੀ ਉੱਚ ਰਾਸ਼ੀ ਕਰਕ (ਤੁਹਾਡੀ ਜਨਮ ਰਾਸ਼ੀ) ਵਿੱਚ ਪ੍ਰਵੇਸ਼ ਕਰ ਰਹੇ ਹਨ। ਇਹ ਗੋਚਰ ਤੁਹਾਡੇ ਆਤਮ-ਵਿਸ਼ਵਾਸ ਅਤੇ ਜੀਵਨ ਸ਼ਕਤੀ ਨੂੰ ਦੁੱਗਣਾ ਕਰ ਦੇਵੇਗਾ। ਇਸ ਸ਼ਾਨਦਾਰ ਊਰਜਾ ਦੇ ਨਾਲ, ਸ਼ੁੱਕਰ ਅਤੇ ਬੁੱਧ ਵੀ ਤੁਹਾਡੀ ਰਾਸ਼ੀ ਵਿੱਚ ਕਦਮ ਰੱਖਣਗੇ, ਜਿਸ ਨਾਲ ਤੁਹਾਡੀ ਸ਼ਖ਼ਸੀਅਤ ਹਰ ਕਿਸੇ ਲਈ ਬਹੁਤ ਆਕਰਸ਼ਕ ਬਣ ਜਾਵੇਗੀ। ਇਸ ਸਭ ਦੇ ਉੱਪਰ, 21 ਜੂਨ ਨੂੰ ਲਾਭ ਦੇ 11ਵੇਂ ਘਰ ਵਿੱਚ ਮੰਗਲ ਦਾ ਆਗਮਨ ਤੁਹਾਡੇ ਵਿੱਤੀ ਸੁਪਨਿਆਂ ਨੂੰ ਸਫਲਤਾਪੂਰਵਕ ਹਕੀਕਤ ਵਿੱਚ ਬਦਲ ਦੇਵੇਗਾ।

### ਸਿੰਘ ਰਾਸ਼ੀ

ਸਿੰਘ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਦਿਲਚਸਪ ਅਤੇ ਗਤੀਸ਼ੀਲ ਮਹੀਨਾ ਸਾਬਤ ਹੋਵੇਗਾ। ਤੁਹਾਡੀ ਰਾਸ਼ੀ 'ਤੇ ਪੰਜ ਮਹੱਤਵਪੂਰਨ ਗ੍ਰਹਿਆਂ ਦਾ ਗੂੜ੍ਹਾ ਪ੍ਰਭਾਵ ਰਹੇਗਾ। ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਭਗਵਾਨ ਗੁਰੂ 2 ਜੂਨ ਨੂੰ ਤੁਹਾਡੇ 12ਵੇਂ ਘਰ (ਖਰਚੇ ਦੇ ਘਰ) ਵਿੱਚ ਆਪਣੀ ਉੱਚ ਸਥਿਤੀ ਦਾ ਦਾਅਵਾ ਕਰਨ ਲਈ ਪ੍ਰਵੇਸ਼ ਕਰ ਰਹੇ ਹਨ ਲ਼ਿਗਹਟਸ। ਭਾਵੇਂ 12ਵਾਂ ਘਰ ਖਰਚਿਆਂ ਨੂੰ ਦਰਸਾਉਂਦਾ ਹੈ, ਪਰ ਗੁਰੂ ਦੇ ਉੱਚ ਹੋਣ ਕਾਰਨ ਇਹ ਖਰਚੇ ਬਹੁਤ ਹੀ ਲਾਭਦਾਇਕ ਕੰਮਾਂ ਜਿਵੇਂ ਕਿ ਸ਼ੁਭ ਸਮਾਗਮਾਂ, ਜਾਇਦਾਦ ਦੀ ਖਰੀਦਦਾਰੀ, ਜਾਂ ਵਿਦੇਸ਼ ਯਾਤਰਾਵਾਂ ਵੱਲ ਨਿਰਦੇਸ਼ਿਤ ਹੋਣਗੇ। ਇਸ ਤੋਂ ਇਲਾਵਾ, 15 ਜੂਨ ਨੂੰ ਤੁਹਾਡੀ ਰਾਸ਼ੀ ਦੇ ਸੁਆਮੀ ਸੂਰਜ ਦਾ ਲਾਭ ਦੇ 11ਵੇਂ ਘਰ (ਮਿਥੁਨ ਰਾਸ਼ੀ) ਵਿੱਚ ਜਾਣਾ, ਅਤੇ ਉਸ ਤੋਂ ਤੁਰੰਤ ਬਾਅਦ 21 ਜੂਨ ਨੂੰ ਮੰਗਲ ਦਾ 10ਵੇਂ ਘਰ ਵਿੱਚ ਦਿਗਬਲ ਪ੍ਰਾਪਤ ਕਰਨਾ, ਤੁਹਾਨੂੰ ਪੇਸ਼ੇਵਰ ਅਤੇ ਸਮਾਜਿਕ ਤੌਰ 'ਤੇ ਅਣਪਛਾਤੀਆਂ ਉੱਚੀਆਂ ਬੁਲੰਦੀਆਂ 'ਤੇ ਲੈ ਜਾਵੇਗਾ।

### ਕੰਨਿਆ ਰਾਸ਼ੀ

ਕੰਨਿਆ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਜੀਵਨ ਵਿੱਚ ਇੱਕ ਬਿਲਕੁਲ ਨਵੇਂ ਅਤੇ ਸ਼ਾਨਦਾਰ ਅਧਿਆਏ ਦੀ ਸ਼ੁਰੂਆਤ ਕਰ ਰਿਹਾ ਹੈ। 8ਵੇਂ ਘਰ ਵਿੱਚ ਮੰਗਲ ਦੇ ਹੋਣ ਕਾਰਨ ਤੁਹਾਨੂੰ ਹੁਣ ਤੱਕ ਜੋ ਸਰੀਰਕ ਕਸ਼ਟ ਅਤੇ ਅਚਾਨਕ ਚਿੜਚਿੜਾਹਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਹ ਇਸ ਮਹੀਨੇ ਸਥਾਈ ਰੂਪ ਵਿੱਚ ਖਤਮ ਹੋ ਜਾਵੇਗਾ। ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਤੁਹਾਡੇ ਸੁਖਾਂ ਅਤੇ ਰਿਸ਼ਤਿਆਂ ਦਾ ਸੁਆਮੀ ਗੁਰੂ, 2 ਜੂਨ ਨੂੰ ਲਾਭ ਦੇ 11ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਿਹਾ ਹੈ, ਜਿਸ ਨਾਲ ਇੱਕ ਸ਼ਾਨਦਾਰ ਰਾਜਯੋਗ ਬਣੇਗਾ। ਇਸ ਦੇ ਨਾਲ ਹੀ, ਕਰੀਅਰ ਦੇ ਘਰ ਵਿੱਚ ਸੂਰਜ ਦੀ ਮੌਜੂਦਗੀ ਤੁਹਾਡੀ ਨੌਕਰੀ ਅਤੇ ਕਾਰੋਬਾਰ ਨੂੰ ਉੱਚੇ ਸਿਖਰ 'ਤੇ ਲੈ ਜਾਵੇਗੀ। ਗ੍ਰਹਿਆਂ ਦੇ ਇਸ ਸੁਭਾਗ ਨਾਲ, ਇਹ ਮਹੀਨਾ ਅਜਿਹਾ ਰਹੇਗਾ ਜਿੱਥੇ ਤੁਸੀਂ ਜਿਸ ਵੀ ਕੰਮ ਨੂੰ ਹੱਥ ਲਗਾਓਗੇ, ਉਹ ਸਫਲਤਾ ਵਿੱਚ ਬਦਲ ਜਾਵੇਗਾ।

### ਤੁਲਾ ਰਾਸ਼ੀ

ਤੁਲਾ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਪੇਸ਼ੇਵਰ ਖੇਤਰ ਵਿੱਚ ਇੱਕ ਸ਼ਾਨਦਾਰ ਅਤੇ ਸੁਨਹਿਰੀ ਅਧਿਆਏ ਲਿਖਣ ਵਾਲਾ ਸਾਬਤ ਹੋਵੇਗਾ। ਭਗਵਾਨ ਗੁਰੂ, ਜਿਨ੍ਹਾਂ ਨੇ ਪਿਛਲੇ ਇੱਕ ਸਾਲ ਦੌਰਾਨ ਤੁਹਾਡੇ 9ਵੇਂ ਘਰ ਵਿੱਚ ਗੋਚਰ ਕਰਦੇ ਹੋਏ ਤੁਹਾਨੂੰ ਭਾਗ ਦਾ ਸਾਥ ਦਿੱਤਾ ਸੀ, ਉਹ 2 ਜੂਨ ਨੂੰ ਤੁਹਾਡੇ ਕਰੀਅਰ ਦੇ 10ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਹੇ ਹਨ, ਜੋ ਤੁਹਾਡੀ ਜੀਵਨ ਯਾਤਰਾ ਵਿੱਚ ਇੱਕ ਵੱਡਾ ਮੀਲ ਪੱਥਰ ਸਾਬਤ ਹੋਵੇਗਾ। ਤੁਹਾਨੂੰ ਸਮਾਜ ਵਿੱਚ ਵਧੀਆ ਪਛਾਣ ਦੇ ਨਾਲ-ਨਾਲ ਆਪਣੀ ਸਖ਼ਤ ਮਿਹਨਤ ਦਾ ਦੁੱਗਣਾ ਫਲ ਮਿਲੇਗਾ। ਇਸ ਦੇ ਨਾਲ ਹੀ, ਤੁਹਾਡੀ ਰਾਸ਼ੀ ਦਾ ਸੁਆਮੀ ਸ਼ੁੱਕਰ ਵੀ ਕਰੀਅਰ ਦੇ ਘਰ ਵਿੱਚ ਗੁਰੂ ਦੇ ਨਾਲ ਸ਼ਾਮਲ ਹੋ ਰਿਹਾ ਹੈ, ਜਿਸ ਨਾਲ ਇੱਕ ਸ਼ਾਨਦਾਰ ਰਾਜਯੋਗ ਦਾ ਨਿਰਮਾਣ ਹੋਵੇਗਾ। ਭਾਵੇਂ ਮਹੀਨੇ ਦਾ ਪਹਿਲਾ ਹਿੱਸਾ ਕਾਰੋਬਾਰ ਵਿੱਚ ਬਿਹਤਰੀਨ ਲਾਭ ਦੇਵੇਗਾ, ਪਰ ਦੂਜੇ ਹਿੱਸੇ ਵਿੱਚ 8ਵੇਂ ਘਰ ਵਿੱਚ ਮੰਗਲ ਦੇ ਆਉਣ ਕਾਰਨ ਤੁਹਾਨੂੰ ਨਿੱਜੀ ਸਬੰਧਾਂ ਅਤੇ ਸਿਹਤ ਦੇ ਮਾਮਲਿਆਂ ਵਿੱਚ ਧੀਰਜ ਅਤੇ ਨਰਮੀ ਵਰਤਣੀ ਪਵੇਗੀ।

### ਬ੍ਰਿਸ਼ਚਕ ਰਾਸ਼ੀ

ਬ੍ਰਿਸ਼ਚਕ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਅਥਾਹ ਕਿਸਮਤ ਦੇ ਨਾਲ-ਨਾਲ ਕੁਝ ਪ੍ਰੀਖਿਆਵਾਂ ਵੀ ਇਕੱਠੀਆਂ ਲੈ ਕੇ ਆ ਰਿਹਾ ਹੈ। ਭਗਵਾਨ ਗੁਰੂ, ਜਿਨ੍ਹਾਂ ਨੇ ਪਿਛਲੇ ਸਾਲ ਦੌਰਾਨ ਤੁਹਾਡੇ 8ਵੇਂ ਘਰ ਵਿੱਚ ਗੋਚਰ ਕਰਦੇ ਹੋਏ ਲਗਾਤਾਰ ਚੁਣੌਤੀਆਂ ਦਿੱਤੀਆਂ ਸਨ, ਉਹ 2 ਜੂਨ ਨੂੰ ਭਾਗ ਦੇ 9ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਹੇ ਹਨ, ਜੋ ਤੁਹਾਡੇ ਲਈ ਇੱਕ ਪਰਮ ਵਰਦਾਨ ਸਾਬਤ ਹੋਵੇਗਾ। ਇਸ ਦੇ ਪ੍ਰਭਾਵ ਨਾਲ ਆਰਥਿਕ ਅਤੇ ਪੇਸ਼ੇਵਰ ਰੁਕਾਵਟਾਂ ਰੱਬੀ ਕਿਰਪਾ ਨਾਲ ਆਸਾਨੀ ਨਾਲ ਦੂਰ ਹੋ ਜਾਣਗੀਆਂ। ਹਾਲਾਂਕਿ, ਭਾਵੇਂ ਤੁਹਾਡੀ ਰਾਸ਼ੀ ਦਾ ਸੁਆਮੀ ਮੰਗਲ ਮਹੀਨੇ ਦੇ ਜ਼ਿਆਦਾਤਰ ਹਿੱਸੇ ਵਿੱਚ ਸ਼ਾਨਦਾਰ ਨਤੀਜੇ ਦੇਵੇਗਾ, ਪਰ 15 ਜੂਨ ਤੋਂ ਬਾਅਦ 8ਵੇਂ ਘਰ (ਮਿਥੁਨ ਰਾਸ਼ੀ) ਵਿੱਚ ਸੂਰਜ ਦਾ ਗੋਚਰ ਸਰੀਰਕ ਥਕਾਵਟ ਅਤੇ ਸਿਹਤ ਦੇ ਮਾਮਲਿਆਂ ਵਿੱਚ ਵਾਧੂ ਦੇਖਭਾਲ ਦੀ ਮੰਗ ਕਰਦਾ ਹੈ।

### ਧਨੂੰ ਰਾਸ਼ੀ

ਧਨੂੰ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਵਿਲੱਖਣ ਅਤੇ ਫਲਦਾਇਕ ਮਹੀਨੇ ਵਜੋਂ ਸਾਹਮਣੇ ਆ ਰਿਹਾ ਹੈ। ਹਾਲਾਂਕਿ ਆਮ ਜੋਤਿਸ਼ ਗ੍ਰੰਥਾਂ ਵਿੱਚ 8ਵੇਂ ਘਰ ਦੇ ਗੋਚਰ ਨੂੰ ਚੁਣੌਤੀਪੂਰਨ ਮੰਨਿਆ ਜਾਂਦਾ ਹੈ, ਪਰ 2 ਜੂਨ ਨੂੰ ਤੁਹਾਡੀ ਰਾਸ਼ੀ ਦੇ ਸੁਆਮੀ ਗੁਰੂ ਦਾ 8ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰਨਾ ਇੱਕ ਸ਼ਾਨਦਾਰ ਬਦਲਾਅ ਲੈ ਕੇ ਆਵੇਗਾ। ਇਹ ਸਥਿਤੀ ਤੁਹਾਡੀ ਉਮਰ ਵਿੱਚ ਵਾਧਾ ਕਰਦੀ ਹੈ, ਗੁਪਤ ਦੁਸ਼ਮਣਾਂ ਦੇ ਪ੍ਰਭਾਵ ਨੂੰ ਖਤਮ ਕਰਦੀ ਹੈ ਅਤੇ ਅਚਾਨਕ ਵੱਡਾ ਵਿੱਤੀ ਲਾਭ ਦਿੰਦੀ ਹੈ। ਇਸ ਸੁਰੱਖਿਆਤਮਕ ਊਰਜਾ ਦੇ ਨਾਲ, ਮਹੀਨੇ ਦੇ ਅੰਤ ਵਿੱਚ ਤੁਹਾਡੇ 6ਵੇਂ ਘਰ ਵਿੱਚ ਮੰਗਲ ਦਾ ਆਗਮਨ ਇੱਕ ਮਜ਼ਬੂਤ ਲੜਨ ਦਾ ਜਜ਼ਬਾ ਪ੍ਰਦਾਨ ਕਰੇਗਾ। ਨਿੱਜੀ ਸਬੰਧਾਂ ਵਿੱਚ ਥੋੜ੍ਹਾ ਸੰਜਮ ਰੱਖ ਕੇ, ਤੁਸੀਂ ਇਸ ਮਹੀਨੇ ਨੂੰ ਇੱਕ ਬਹੁਤ ਹੀ ਲਾਭਦਾਇਕ ਦੌਰ ਵਿੱਚ ਬਦਲ ਸਕਦੇ ਹੋ।

### ਮਕਰ ਰਾਸ਼ੀ

ਮਕਰ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਸ਼ਾਨਦਾਰ ਅਤੇ ਖੁਸ਼ਹਾਲ ਮਹੀਨਾ ਸਾਬਤ ਹੋਣ ਵਾਲਾ ਹੈ, ਜੋ ਤੁਹਾਡੇ ਜੀਵਨ ਨੂੰ ਸਕਾਰਾਤਮਕ ਮੀਲ ਪੱਥਰਾਂ ਵੱਲ ਲੈ ਜਾਵੇਗਾ। ਭਾਵੇਂ ਭਗਵਾਨ ਗੁਰੂ ਨੇ ਪਿਛਲੇ ਇੱਕ ਸਾਲ ਦੌਰਾਨ ਤੁਹਾਡੇ 6ਵੇਂ ਘਰ ਵਿੱਚ ਗੋਚਰ ਕਰਦੇ ਹੋਏ ਲਗਾਤਾਰ ਸਖ਼ਤ ਮਿਹਨਤ ਅਤੇ ਭਾਰੀ ਮੁਕਾਬਲੇਬਾਜ਼ੀ ਦਿੱਤੀ ਸੀ, ਪਰ 2 ਜੂਨ ਨੂੰ ਉਨ੍ਹਾਂ ਦਾ ਤੁਹਾਡੇ 7ਵੇਂ ਘਰ (ਕਰਕ ਰਾਸ਼ੀ) ਵਿੱਚ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰਨਾ ਇੱਕ ਸ਼ਾਨਦਾਰ ਰਾਜਯੋਗ ਪੈਦਾ ਕਰਦਾ ਹੈ Lights। ਇਹ ਤੁਹਾਡੇ ਨਿੱਜੀ ਸਬੰਧਾਂ, ਵਿਆਹੁਤਾ ਜੀਵਨ ਅਤੇ ਵਪਾਰਕ ਸਾਂਝੇਦਾਰੀ (Partnerships) ਲਈ ਇੱਕ ਸੁਖਦ ਬਸੰਤ ਰੁੱਤ ਵਾਂਗ ਕੰਮ ਕਰੇਗਾ। ਇਸ ਦੇ ਨਾਲ ਹੀ, ਤੁਹਾਡੀ ਰਾਸ਼ੀ ਦਾ ਸੁਆਮੀ ਸ਼ਨੀ ਤੀਜੇ ਘਰ ਵਿੱਚ ਬੈਠ ਕੇ ਤੁਹਾਨੂੰ ਬੇਮਿਸਾਲ ਸਾਹਸ ਪ੍ਰਦਾਨ ਕਰ ਰਿਹਾ ਹੈ, ਅਤੇ ਮਹੀਨੇ ਦੇ ਦੂਜੇ ਹਿੱਸੇ ਵਿੱਚ ਸੂਰਜ ਦਾ ਗੋਚਰ ਤੁਹਾਡੇ ਪੇਸ਼ੇਵਰ ਖੇਤਰ ਵਿੱਚ ਪੂਰਨ ਸਫਲਤਾਵਾਂ ਦੇਵੇਗਾ।

### ਕੁੰਭ ਰਾਸ਼ੀ

ਕੁੰਭ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਵੱਡੀਆਂ ਜ਼ਿੰਮੇਵਾਰੀਆਂ ਅਤੇ ਪੇਸ਼ੇਵਰ ਕੰਮ ਦੇ ਬੋਝ ਦਾ ਸਮਾਂ ਲੈ ਕੇ ਆਵੇਗਾ। ਸ਼ਨੀ ਦੀ ਸਾਢੇ ਸਾਤੀ ਦੇ ਮਹੱਤਵਪੂਰਨ ਪੜਾਅ ਵਿੱਚੋਂ ਲੰਘਦੇ ਹੋਏ, ਭਗਵਾਨ ਸ਼ਨੀ ਤੁਹਾਨੂੰ ਅਨੁਸ਼ਾਸਨ ਅਤੇ ਮਿਹਨਤ ਦੇ ਜ਼ਰੂਰੀ ਪਾਠ ਪੜ੍ਹਾਉਂਦੇ ਰਹਿਣਗੇ। ਹਾਲਾਂਕਿ, ਇਸ ਮਹੀਨੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਤੁਹਾਡੀ ਬੱਚਤ ਅਤੇ ਆਮਦਨ ਦਾ ਸੁਆਮੀ ਗੁਰੂ, 2 ਜੂਨ ਨੂੰ 6ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਇੱਥੇ 6ਵੇਂ ਘਰ ਦੇ ਗੋਚਰ ਬਾਰੇ ਬਿਲਕੁਲ ਵੀ ਚਿੰਤਾ ਕਰਨ ਦੀ ਲੋੜ ਨਹੀਂ ਹੈ; ਕਿਉਂਕਿ ਗੁਰੂ ਉੱਚ ਰਾਸ਼ੀ ਵਿੱਚ ਹਨ, ਇਸ ਲਈ ਉਹ ਤੁਹਾਨੂੰ ਪੁਰਾਣੇ ਕਰਜ਼ਿਆਂ, ਕੰਮ ਵਾਲੀ ਥਾਂ ਦੀ ਦੁਸ਼ਮਣੀ ਅਤੇ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਤੋਂ ਬੜੀ ਆਸਾਨੀ ਨਾਲ ਮੁਕਤ ਕਰ ਦੇਣਗੇ Lights। ਮਹੀਨੇ ਦੇ ਦੂਜੇ ਹਿੱਸੇ ਵਿੱਚ, ਚੌਥੇ ਘਰ ਵਿੱਚ ਮੰਗਲ ਦਾ ਪ੍ਰਵੇਸ਼ ਜਾਇਦਾਦ ਦੇ ਮਾਮਲਿਆਂ ਵਿੱਚ ਤੇਜ਼ੀ ਲਿਆਵੇਗਾ, ਹਾਲਾਂਕਿ ਘਰੇਲੂ ਸ਼ਾਂਤੀ ਬਣਾਈ ਰੱਖਣ ਲਈ ਧੀਰਜ ਦੀ ਲੋੜ ਪਵੇਗੀ।

### ਮੀਨ ਰਾਸ਼ੀ

ਮੀਨ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਤੁਹਾਡੀ ਆਪਣੀ ਰਾਸ਼ੀ ਵਿੱਚ ਚੱਲ ਰਹੀ ਸ਼ਨੀ ਦੀ ਸਾਢੇ ਸਾਤੀ ਦੇ ਭਾਰੀ ਤਣਾਅ ਨੂੰ ਤੋੜ ਕੇ, ਵੱਡੀ ਰਾਹਤ ਅਤੇ ਇੱਕ ਨਵੀਂ ਜੀਵੰਤ ਊਰਜਾ ਦਾ ਸ਼ਾਨਦਾਰ ਦੌਰ ਸ਼ੁਰੂ ਕਰੇਗਾ Lights। ਹਾਲਾਂਕਿ ਤੁਹਾਡੀ ਰਾਸ਼ੀ ਵਿੱਚ ਬੈਠੇ ਸ਼ਨੀ ਲਗਾਤਾਰ ਅਨੁਸ਼ਾਸਿਤ ਮਿਹਨਤ ਦੀ ਮੰਗ ਕਰਦੇ ਰਹਿਣਗੇ, ਪਰ 2 ਜੂਨ ਨੂੰ ਤੁਹਾਡੀ ਰਾਸ਼ੀ ਦੇ ਸੁਆਮੀ ਗੁਰੂ ਦਾ 5ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰਨਾ ਇੱਕ ਬ੍ਰਹਮ ਪ੍ਰਕਾਸ਼ ਵਾਂਗ ਕੰਮ ਕਰੇਗਾ ਜੋ ਪੁਰਾਣੇ ਹਨੇਰੇ ਨੂੰ ਦੂਰ ਕਰ ਦੇਵੇਗਾ Lights। 5ਵੇਂ ਘਰ ਵਿੱਚ ਬੈਠ ਕੇ ਉੱਚ ਦੇ ਗੁਰੂ ਆਪਣੀ ਅੰਮ੍ਰਿਤ ਵਰਗੀ ਸ਼ੁਭ ਦ੍ਰਿਸ਼ਟੀ ਸਿੱਧੀ ਤੁਹਾਡੀ ਜਨਮ ਰਾਸ਼ੀ (ਪਹਿਲੇ ਘਰ), ਭਾਗ ਦੇ 9ਵੇਂ ਘਰ ਅਤੇ ਲਾਭ ਦੇ 11ਵੇਂ ਘਰ 'ਤੇ ਪਾਉਣਗੇ Lights। ਇਹ ਗ੍ਰਹਿ ਸਥਿਤੀ ਤੁਹਾਡੀ ਵਿੱਤੀ ਤਾਕਤ ਅਤੇ ਆਮ ਕਿਸਮਤ ਨੂੰ ਉੱਚੀਆਂ ਬੁਲੰਦੀਆਂ 'ਤੇ ਲੈ ਜਾਵੇਗੀ, ਜਦੋਂ ਕਿ ਮੰਗਲ ਦਾ ਸ਼ੁਭ ਗੋਚਰ ਤੁਹਾਨੂੰ ਬੇਮਿਸਾਲ ਸਾਹਸ ਪ੍ਰਦਾਨ ਕਰੇਗਾ।

# ਆਤਮ-ਦਰਸ਼ਨ: ਜਾਗਰੂਕਤਾ ਦਾ ਪਹਿਲਾ ਕਦਮ

ਮਨੁੱਖ ਦੀ ਸਭ ਤੋਂ ਵੱਡੀ ਚਤੁਰਾਈ ਇਹ ਹੈ ਕਿ ਉਹ ਆਪਣੇ ਆਪ ਨੂੰ ਕਦੇ ਨਹੀਂ ਵੇਖਦਾ। ਉਹ ਸਾਰੀ ਉਮਰ ਦੂਜਿਆਂ ਦੀਆਂ ਖਿੜਕੀਆਂ ਵਿੱਚ ਝਾਕਦਾ ਰਹਿੰਦਾ ਹੈ। ਕਿਸੇ ਦੇ ਚਿਹਰੇ ਉੱਤੇ ਧੂੜ ਦਿਸ ਜਾਵੇ ਤਾਂ ਤੁਰੰਤ ਉਂਗਲ ਚੁੱਕ ਲੈਂਦਾ ਹੈ, ਪਰ ਆਪਣੇ ਅੰਦਰ ਸਦੀਆਂ ਤੋਂ ਜਮੀ ਹੋਈ ਕਾਲਖ ਉਸ ਨੂੰ ਦਿਖਾਈ ਨਹੀਂ ਦਿੰਦੀ। ਇਹੀ ਬੁਰੇ ਮਨੁੱਖ ਦੀ ਪਹਿਲੀ ਪਹਿਚਾਣ ਹੈ।



ਬੁੱਧ ਨੇ ਕਿਹਾ ਸੀ, "ਜੋ ਮਨੁੱਖ ਦੂਜਿਆਂ ਦੇ ਔਗੁਣਾਂ ਨੂੰ ਲੱਭਦਾ ਫਿਰਦਾ ਹੈ, ਉਹ ਅਸਲ ਵਿੱਚ ਆਪਣੇ ਹੀ ਅੰਦਰਲੇ ਜ਼ਹਿਰ ਨੂੰ ਬਾਹਰ ਸੁੱਟ ਰਿਹਾ ਹੁੰਦਾ ਹੈ।"

ਧਿਆਨ ਨਾਲ ਵੇਖੋ, ਜਿਸ ਮਨੁੱਖ ਦੇ ਅੰਦਰ ਜਿੰਨਾ ਹਨੇਰਾ ਹੁੰਦਾ ਹੈ, ਉਹ ਉਨ੍ਹਾਂ ਹੀ ਦੂਜਿਆਂ ਦੀ ਨਿੰਦਾ ਕਰਦਾ ਹੈ। ਕਿਉਂਕਿ ਨਿੰਦਾ ਇੱਕ ਬਹੁਤ ਸੂਖਮ ਅਹੰਕਾਰ ਹੈ। ਜਦੋਂ ਤੁਸੀਂ ਕਿਸੇ ਨੂੰ ਬੁਰਾ ਕਹਿੰਦੇ ਹੋ, ਤੁਹਾਡੇ ਅੰਦਰ ਇੱਕ ਛੁਪੀ ਹੋਈ ਤਸੱਲੀ ਜਨਮ ਲੈਂਦੀ ਹੈ ਕਿ "ਮੈਂ ਇਸ ਤੋਂ ਚੰਗਾ ਹਾਂ।" ਇਹੀ ਅਹੰਕਾਰ ਦਾ ਭੋਜਨ ਹੈ।

ਇਸੇ ਲਈ ਲੋਕਾਂ ਨੂੰ ਦੂਜਿਆਂ ਦੀਆਂ ਗੱਲਾਂ ਕਰਨ ਵਿੱਚ ਬੜਾ ਮਜ਼ਾ ਆਉਂਦਾ ਹੈ। ਕਿਸੇ ਦੀ ਬਦਨਾਮੀ ਸੁਣ ਕੇ ਮਨੁੱਖ ਦੇ ਅੰਦਰ ਇੱਕ ਅਜੀਬ ਖੁਸ਼ੀ ਪੈਦਾ ਹੁੰਦੀ ਹੈ। ਉਹ ਖੁਸ਼ੀ ਇਸ ਗੱਲ ਤੋਂ ਜਨਮ ਲੈਂਦੀ ਹੈ ਕਿ ਘੱਟੋ-ਘੱਟ ਕੋਈ ਤਾਂ ਮੇਰੇ ਨਾਲੋਂ ਵੀ ਮਾੜਾ ਹੈ।

ਪਰ ਜੋ ਮਨੁੱਖ ਸੱਚਮੁੱਚ ਜਾਗਰੂਕ ਹੋ ਜਾਂਦਾ ਹੈ, ਉਸ ਦੀ ਦ੍ਰਿਸ਼ਟੀ ਬਦਲ ਜਾਂਦੀ ਹੈ। ਉਹ ਦੂਜਿਆਂ ਦੇ ਔਗੁਣ ਨਹੀਂ ਵੇਖਦਾ, ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਹਰ ਮਨੁੱਖ ਆਪਣੀ ਬੇਹੋਸ਼ੀ ਵਿੱਚ ਜੀਅ ਰਿਹਾ ਹੈ। ਕੋਈ ਕ੍ਰੋਧ ਵਿੱਚ ਸੁੱਤਾ ਹੋਇਆ ਹੈ, ਕੋਈ ਲਾਲਚ ਵਿੱਚ, ਕੋਈ ਵਾਸ਼ਨਾ ਵਿੱਚ ਅਤੇ ਕੋਈ ਅਹੰਕਾਰ ਵਿੱਚ। ਅਜਿਹੇ ਮਨੁੱਖਾਂ ਨੂੰ ਸਜ਼ਾ ਨਹੀਂ, ਕਰੁਣਾ ਦੀ ਲੋੜ ਹੁੰਦੀ ਹੈ।

ਇੱਕ ਪੁਰਾਣੀ ਕਹਾਣੀ ਹੈ। ਇੱਕ ਮਨੁੱਖ ਬੁੱਧ ਕੋਲ ਆਇਆ ਅਤੇ ਕਹਿਣ ਲੱਗਾ, "ਉਹ ਆਦਮੀ ਬਹੁਤ ਬੁਰਾ ਹੈ। ਉਹ ਝੂਠਾ ਹੈ, ਪਾਖੰਡੀ ਹੈ ਅਤੇ ਲੋਕਾਂ ਨੂੰ ਧੋਖਾ ਦਿੰਦਾ ਹੈ।"

ਬੁੱਧ ਚੁੱਪ ਰਹੇ। ਉਹ ਮਨੁੱਖ ਹੈਰਾਨ ਹੋਇਆ ਅਤੇ ਬੋਲਿਆ, "ਭੰਤੇ! ਤੁਸੀਂ ਕੁਝ ਕਹਿੰਦੇ ਕਿਉਂ ਨਹੀਂ?"

ਬੁੱਧ ਮੁਸਕਰਾਏ ਅਤੇ ਕਹਿਣ ਲੱਗੇ, "ਤੂੰ ਉਸ ਆਦਮੀ ਬਾਰੇ ਗੱਲ ਕਰਨ ਆਇਆ ਹੈਂ ਜਾਂ ਆਪਣੇ ਬਾਰੇ?"

ਉਹ ਮਨੁੱਖ ਨਿਰੁੱਤਰ ਹੋ ਗਿਆ। ਜੋ ਮਨੁੱਖ ਹਰ ਵੇਲੇ ਦੂਜਿਆਂ ਦੇ ਦੋਸ਼ਾਂ ਦੀ ਗਿਣਤੀ ਕਰਦਾ ਹੈ, ਉਹ ਅਸਲ ਵਿੱਚ ਆਪਣੇ ਆਪ ਤੋਂ ਭੱਜ ਰਿਹਾ ਹੁੰਦਾ ਹੈ। ਕਿਉਂਕਿ ਜੇ ਉਹ ਇੱਕ ਪਲ ਲਈ ਵੀ ਆਪਣੇ ਅੰਦਰ ਉਤਰ ਜਾਵੇ ਤਾਂ ਡਰ ਜਾਵੇਗਾ। ਉੱਥੇ ਕਿੰਨੀ ਈਰਖਾ ਹੈ, ਕਿੰਨਾ ਗੁੱਸਾ ਹੈ, ਕਿੰਨੀ ਵਾਸਨਾ ਹੈ ਅਤੇ ਕਿੰਨੀ ਚਾਲਾਕੀ ਹੈ, ਇਹ ਸਭ ਵੇਖਣਾ ਆਸਾਨ ਨਹੀਂ।

ਇਸ ਲਈ ਮਨੁੱਖ ਨੇ ਇੱਕ ਚਾਲ ਖੇਡ ਲਈ ਹੈ, ਆਪਣੇ ਆਪ ਨੂੰ ਭੁੱਲ ਜਾਓ ਅਤੇ ਦੂਜਿਆਂ ਦੀ ਚਰਚਾ ਕਰਦੇ ਰਹੋ।

ਤੁਸੀਂ ਧਿਆਨ ਕੀਤਾ ਹੋਵੇਗਾ ਕਿ ਜਦੋਂ ਕੋਈ ਮਨੁੱਖ ਆਪਣੀ ਹੀ ਤਾਰੀਫ਼ ਕਰਦਾ ਹੈ, ਆਪਣੇ ਗੁਣਾਂ ਦਾ ਵਿਸਥਾਰ ਨਾਲ ਬਿਆਨ ਕਰਦਾ ਹੈ, ਤਦ ਵੀ ਉਸ ਦੇ ਅੰਦਰ ਇੱਕ ਡੂੰਘੀ ਹੀਣਤਾ ਲੁਕੀ ਹੋਈ ਹੁੰਦੀ ਹੈ। ਜਿਸ ਮਨੁੱਖ ਨੂੰ ਆਪਣੇ ਹੋਣ ਦਾ ਅਹਿਸਾਸ ਹੋ ਜਾਵੇ, ਉਹ ਕਦੇ ਆਪਣੇ ਗੁਣਾਂ ਦੀ ਡੌਂਡੀ ਨਹੀਂ ਪਿੱਟਦਾ।

ਫੁੱਲ ਕਦੇ ਐਲਾਨ ਨਹੀਂ ਕਰਦੇ ਕਿ ਉਹ ਸੁਗੰਧਿਤ ਹਨ। ਸੂਰਜ ਕਦੇ ਨਹੀਂ ਕਹਿੰਦਾ ਕਿ ਮੈਂ ਰੌਸ਼ਨੀ ਦੇ ਰਿਹਾ ਹਾਂ। ਨਦੀ ਕਦੇ ਆਪਣਾ ਗੀਤ ਨਹੀਂ ਸੁਣਾਉਂਦੀ। ਕੇਵਲ ਖਾਲੀ ਮਨੁੱਖ ਹੀ ਆਪਣੇ ਗੁਣਾਂ ਦਾ ਬਾਜ਼ਾਰ ਲਗਾਉਂਦਾ ਹੈ।

ਅਹੰਕਾਰ ਬਹੁਤ ਸੂਖਮ ਹੈ। ਕਈ ਵਾਰ ਉਹ ਬੁਰਾਈ ਵਿੱਚ ਨਹੀਂ, ਭਲਾਈ ਵਿੱਚ ਲੁਕ ਜਾਂਦਾ ਹੈ। ਇੱਕ ਮਨੁੱਖ ਕਹਿੰਦਾ ਹੈ, "ਮੈਂ ਬਹੁਤ ਦਾਨ ਕੀਤਾ ਹੈ।" ਦੂਜਾ ਕਹਿੰਦਾ ਹੈ, "ਮੈਂ ਬਹੁਤ ਧਾਰਮਿਕ ਹਾਂ।" ਤੀਜਾ ਕਹਿੰਦਾ ਹੈ, "ਮੈਂ ਬਹੁਤ ਨਿਮਰ ਹਾਂ।" ਪਰ ਜਿੱਥੇ "ਮੈਂ" ਆ ਗਿਆ, ਉੱਥੇ ਨਿਮਰਤਾ ਦੀ ਖੁਸ਼ਬੂ ਖੋ ਜਾਂਦੀ ਹੈ।

ਬੁੱਧ ਦਾ ਸਾਰਾ ਜ਼ੋਰ ਇਸ ਗੱਲ ਉੱਤੇ ਸੀ ਕਿ ਮਨੁੱਖ ਆਪਣੇ ਆਪ ਨੂੰ ਵੇਖੇ। ਨਾ ਦੂਜਿਆਂ ਨੂੰ ਤੋਲੋ, ਨਾ ਆਪਣੇ ਗੁਣਾਂ ਦਾ ਪ੍ਰਚਾਰ ਕਰੋ। ਸਿਰਫ਼ ਜਾਗੋ।

ਜਿਸ ਦਿਨ ਤੁਸੀਂ ਆਪਣੇ ਅੰਦਰ ਝਾਤ ਮਾਰ ਲੈਂਦੇ ਹੋ, ਉਸ ਦਿਨ ਤੁਹਾਨੂੰ ਪਤਾ ਲੱਗਦਾ ਹੈ ਕਿ ਤੁਸੀਂ ਵੀ ਉਹੀ ਹੋ ਜਿਸ ਦੀ ਤੁਸੀਂ ਨਿੰਦਾ ਕਰਦੇ ਰਹੇ ਸੀ। ਫ਼ਰਕ ਸਿਰਫ਼ ਇਹ ਹੈ ਕਿ ਕਿਸੇ ਦੀ ਬੁਰਾਈ ਬਾਹਰ ਆ ਗਈ ਹੈ ਅਤੇ ਕਿਸੇ ਦੀ ਅਜੇ ਅੰਦਰ ਲੁਕੀ ਹੋਈ ਹੈ।

ਧਰਮ ਦਾ ਅਰਥ ਕਦੇ ਵੀ ਇਹ ਨਹੀਂ ਸੀ ਕਿ ਤੁਸੀਂ ਚੰਗੇ ਬਣ ਜਾਓ। ਧਰਮ ਦਾ ਅਰਥ ਹੈ, ਸਚੇਤ ਹੋ ਜਾਓ। ਕਿਉਂਕਿ ਜਾਗਰੂਕਤਾ ਵਿੱਚ ਬੁਰਾਈ ਆਪਣੇ ਆਪ ਢਹਿ ਜਾਂਦੀ ਹੈ। ਜਿਵੇਂ ਰੌਸ਼ਨੀ ਆਉਣ ਨਾਲ ਹਨੇਰਾ ਮਿਟ ਜਾਂਦਾ ਹੈ, ਉਸੇ ਤਰ੍ਹਾਂ ਚੇਤਨਾ ਆਉਣ ਨਾਲ ਅਹੰਕਾਰ ਵੀ ਖ਼ਤਮ ਹੋ ਜਾਂਦਾ ਹੈ।

ਓਸ਼ੋ ਕਹਿੰਦੇ ਹਨ, "ਬੁਰਾ ਮਨੁੱਖ ਉਹ ਨਹੀਂ ਜੋ ਗਲਤੀ ਕਰਦਾ ਹੈ, ਕਿਉਂਕਿ ਗਲਤੀ ਕਰਨਾ ਮਨੁੱਖੀ ਸੁਭਾਵ ਹੈ। ਬੁਰਾ ਉਹ ਹੈ ਜੋ ਆਪਣੀਆਂ ਗਲਤੀਆਂ ਤੋਂ ਅਣਜਾਣ ਹੈ ਅਤੇ ਦੂਜਿਆਂ ਦੀਆਂ ਗਲਤੀਆਂ ਵਿੱਚ ਰੁਚੀ ਲੈਂਦਾ ਹੈ।"

ਚੰਗਾ ਮਨੁੱਖ ਕੌਣ ਹੈ? ਉਹ ਜੋ ਆਪਣੇ ਅੰਦਰਲੇ ਹਨੇਰੇ ਨੂੰ ਵੇਖਣ ਦੀ ਹਿੰਮਤ ਕਰ ਲਵੇ। ਕਿਉਂਕਿ ਜੋ ਆਪਣੇ ਆਪ ਨੂੰ ਜਾਣ ਲੈਂਦਾ ਹੈ, ਉਹ ਫਿਰ ਕਿਸੇ ਦੀ ਨਿੰਦਾ ਨਹੀਂ ਕਰ ਸਕਦਾ। ਉਸ ਦੇ ਅੰਦਰ ਕਰੁਣਾ ਜਨਮ ਲੈਂਦੀ ਹੈ। ਫਿਰ ਉਹ ਸਮਝਦਾ ਹੈ ਕਿ ਹਰ ਮਨੁੱਖ ਆਪਣੇ ਜ਼ਖ਼ਮਾਂ ਨਾਲ ਜੀਅ ਰਿਹਾ ਹੈ।

ਇਸ ਲਈ ਬੁੱਧ ਦਾ ਸੰਦੇਸ਼ ਹੈ, ਦੂਜਿਆਂ ਦੇ ਦੋਸ਼ਾਂ ਦੀ ਚਰਚਾ ਕਰਨ ਤੋਂ ਪਹਿਲਾਂ ਇੱਕ ਵਾਰ ਆਪਣੇ ਅੰਦਰ ਉਤਰੋ। ਹੋ ਸਕਦਾ ਹੈ ਜਿਸ ਨੂੰ ਤੁਸੀਂ ਪਾਪ ਕਹਿ ਰਹੇ ਹੋ, ਉਸ ਦਾ ਬੀਜ ਤੁਹਾਡੇ ਅੰਦਰ ਵੀ ਮੌਜੂਦ ਹੋਵੇ।

ਜਦੋਂ ਇਹ ਸਮਝ ਇਹ ਆ ਜਾਂਦੀ ਹੈ, ਮਨੁੱਖ ਚੁੱਪ ਹੋ ਜਾਂਦਾ ਹੈ। ਉਸ ਦੀ ਨਿੰਦਾ ਖ਼ਤਮ ਹੋ ਜਾਂਦੀ ਹੈ। ਉਸ ਦਾ ਅਹੰਕਾਰ ਪਿਘਲਣ ਲੱਗਦਾ ਹੈ। ਉਹ ਫਿਰ ਸਿਰਫ਼ ਇੱਕ ਗਵਾਹ ਜਾਂਦਾ ਹੈ—ਸ਼ਾਂਤ, ਖਾਮੋਸ਼ ਅਤੇ ਕਰੁਣਾ ਨਾਲ ਭਰਪੂਰ। ਇਹੀ ਆਤਮ-ਜਾਗਰੂਕਤਾ ਦਾ ਮਾਰਗ ਹੈ, ਅਤੇ ਇਹੀ ਸੱਚੇ ਧਰਮ ਦੀ ਸ਼ੁਰੂਆਤ।



**ਜਗਤਾਰ ਸਿੰਘ ਹਿੱਸੋਵਾਲ**

# ਦੋ ਆਸ਼ਰਮ

ਦੋ ਆਸ਼ਰਮ ਸਨ, ਇੱਕ ਆਸ਼ਰਮ ਤਿੱਬਤ ਦੀ ਰਾਜਧਾਨੀ ਲਹਾਸਾ ਵਿੱਚ ਸੀ, ਅਤੇ ਇੱਕ ਸ਼ਾਖਾ ਪਹਾੜਾਂ ਵਿੱਚ ਦੂਰ ਕਿਤੇ ਸਥਿਤ ਸੀ। ਉਹ ਲਾਮਾ, ਜੋ ਇਸ ਆਸ਼ਰਮ ਦਾ ਮੁਖੀ ਸੀ, ਬੁੱਢਾ ਹੋ ਰਿਹਾ ਸੀ ਅਤੇ ਉਹ ਚਾਹੁੰਦਾ ਸੀ ਕਿ ਉਸ ਦੇ ਉੱਤਰਾਧਿਕਾਰੀ ਲਈ ਮੁੱਖ ਆਸ਼ਰਮ ਤੋਂ ਕਿਸੇ ਨੂੰ ਉੱਥੇ ਭੇਜਿਆ ਜਾਵੇ। ਉਸਨੇ ਇੱਕ ਸੁਨੇਹਾ ਭੇਜਿਆ।



ਇੱਕ ਲਾਮਾ ਉੱਥੇ ਗਿਆ। ਇਹ ਕੁਝ ਹਫ਼ਤਿਆਂ ਦੀ ਪੈਦਲ ਯਾਤਰਾ ਸੀ। ਉਸ ਨੇ ਪਹੁੰਚ ਕੇ ਉੱਥੇ ਦੇ ਮੁਖੀ ਨੂੰ ਕਿਹਾ, 'ਸਾਡੇ ਗੁਰੂ ਜੀ ਬਹੁਤ ਬਿਮਾਰ ਹਨ, ਬੁੱਢੇ ਹੋ ਗਏ ਹਨ ਅਤੇ ਪੂਰੀ ਸੰਭਾਵਨਾ ਹੈ ਕਿ ਉਹ ਜ਼ਿਆਦਾ ਦਿਨਾਂ ਤੱਕ ਜਿਉਂਦੇ ਨਹੀਂ ਰਹਿਣਗੇ। ਆਪਣੀ ਮੌਤ ਤੋਂ ਪਹਿਲਾਂ, ਉਹ ਚਾਹੁੰਦੇ ਹਨ ਕਿ ਤੁਸੀਂ ਇੱਥੋਂ ਕਿਸੇ ਚੰਗੇ ਸਿੱਖਿਅਤ ਸੰਨਿਆਸੀ ਨੂੰ ਉੱਥੇ ਭੇਜ ਦਿਉ ਤਾਂਕਿ ਉਹ ਆਸ਼ਰਮ ਦੀ ਜ਼ਿੰਮੇਵਾਰੀ ਸੰਭਾਲ ਸਕੇ।'

ਮੁਖੀ ਨੇ ਕਿਹਾ, 'ਕੱਲ੍ਹ ਸਵੇਰੇ ਤੁਸੀਂ ਉਨ੍ਹਾਂ ਸਾਰਿਆਂ ਨੂੰ ਲੈ ਜਾਓ।'

ਨੌਜਵਾਨ ਨੇ ਕਿਹਾ, 'ਉਨ੍ਹਾਂ ਸਭ ਨੂੰ ਲੈ ਜਾਓ? ਮੈਂ ਸਿਰਫ਼ ਇੱਕ ਨੂੰ ਲੈਣ ਆਇਆ ਹਾਂ।'

'ਉਨ੍ਹਾਂ ਸਾਰਿਆਂ ਨੂੰ ਲੈ ਜਾਓ, ਤੋਂ ਤੁਹਾਡਾ ਕੀ ਮਤਲਬ ਹੈ?'

ਉਸ ਨੇ ਕਿਹਾ, 'ਤੁਸੀਂ ਸਮਝਦੇ ਨਹੀਂ ਹੋ। ਮੈਂ ਸੌ ਸੰਨਿਆਸੀਆਂ ਨੂੰ ਭੇਜਾਂਗਾ।'

ਨੌਜਵਾਨ ਲਾਮੇ ਨੇ ਕਿਹਾ, 'ਪਰ ਇਹ ਬਹੁਤ ਜ਼ਿਆਦਾ ਹੈ। ਅਸੀਂ ਇੰਨੇ ਸਾਰੇ ਲੋਕਾਂ ਦਾ ਕੀ ਕਰਾਂਗੇ? ਅਸੀਂ ਗਰੀਬ ਹਾਂ ਤੇ ਸਾਡਾ ਆਸ਼ਰਮ ਵੀ ਗਰੀਬ ਹੈ। ਸੌ ਸੰਨਿਆਸੀ ਸਾਡੇ ਉੱਤੇ ਬੋਝ ਹੋਣਗੇ ਅਤੇ ਮੈਂ ਇੱਥੇ ਸਿਰਫ਼ ਇੱਕ ਨੂੰ ਭੇਜਣ ਦੀ ਬੇਨਤੀ ਕਰਨ ਆਇਆ ਹਾਂ।'

ਮੁਖੀ ਲਾਮੇ ਨੇ ਕਿਹਾ, 'ਚਿੰਤਾ ਨਾ ਕਰੋ, ਸਿਰਫ਼ ਇੱਕ ਹੀ ਪਹੁੰਚੇਗਾ। ਮੈਂ ਭੇਜਾਂਗਾ ਸੌ, ਪਰ ਨੜਿਨਵੇਂ ਰਸਤੇ ਵਿੱਚ ਹੀ ਗੁੰਮ ਹੋ ਜਾਣਗੇ। ਤੁਸੀਂ ਖੁਸ਼ਕਿਸਮਤ ਹੋਵੋਗੇ ਜੇਕਰ ਇੱਕ ਵੀ ਪਹੁੰਚ ਜਾਵੇ।'

ਉਸਨੇ ਕਿਹਾ, 'ਅਦਭੁਤ...'

ਅਗਲੇ ਦਿਨ, ਇੱਕ ਸੌ ਸੰਨਿਆਸੀਆਂ ਦਾ ਇੱਕ ਵੱਡਾ ਜਲੂਸ ਉੱਥੋਂ ਰਵਾਨਾ ਹੋਇਆ ਅਤੇ ਉਨ੍ਹਾਂ ਨੇ ਪੂਰੇ ਦੇਸ਼ ਵਿੱਚੋਂ ਦੀ ਲੰਘਣਾ ਸੀ। ਹਰੇਕ ਸੰਨਿਆਸੀ ਦਾ ਘਰ ਰਸਤੇ ਵਿੱਚ ਕਿਤੇ ਨਾ ਕਿਤੇ ਪੈਂਦਾ ਸੀ ਅਤੇ ਉਨ੍ਹਾਂ ਬਿਸਕਣਾ ਸ਼ੁਰੂ ਕਰ ਦਿੱਤਾ... 'ਮੈਂ ਵਾਪਸ ਆਵਾਂਗਾ। ਬਸ ਕੁਝ ਦਿਨ ਆਪਣੇ ਮਾਤਾ-ਪਿਤਾ ਨਾਲ... ਮੈਂ ਕਈ ਸਾਲਾਂ ਤੋਂ ਉੱਥੇ ਨਹੀਂ ਗਿਆ।' ਇੱਕ ਹਫ਼ਤੇ ਦੇ ਅੰਦਰ ਸਿਰਫ਼ ਦਸ ਲੋਕ ਹੀ ਰਹਿ ਗਏ ਸਨ।

ਉਸ ਨੌਜਵਾਨ ਨੇ ਕਿਹਾ, 'ਉਹ ਬੁੱਢਾ ਮੁਖੀ ਸ਼ਾਇਦ ਸਹੀ ਹੀ ਸੀ। ਦੇਖੋ ਇਨ੍ਹਾਂ ਦਸਾਂ ਲੋਕਾਂ ਦਾ ਕੀ ਹੁੰਦਾ ਹੈ।'

ਜਿਵੇਂ ਹੀ ਉਹ ਇੱਕ ਕਸਬੇ ਵਿੱਚ ਦਾਖਲ ਹੋਏ, ਉੱਥੇ ਦੇ ਕੁਝ ਸੰਨਿਆਸੀਆਂ ਨੇ ਆ ਕੇ ਕਿਹਾ ਕਿ ਉਨ੍ਹਾਂ ਦਾ ਮੁਖੀ ਮਰ ਗਿਆ ਹੈ, 'ਇਸ ਲਈ ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ – ਤੁਸੀਂ ਦੱਸੋ, ਜੇ ਤੁਸੀਂ ਸਾਨੂੰ ਇੱਕ ਲਾਮਾ ਸਾਨੂੰ ਦੇ ਸਕੋ ਜੋ ਮੁਖੀ ਬਣ ਸਕੇ – ਅਤੇ ਜੇ ਵੀ ਤੁਸੀਂ ਚਾਹੁੰਦੇ ਹੋ ਅਸੀਂ ਕਰਨ ਲਈ ਤਿਆਰ ਹਾਂ। ਵੱਡਾ ਆਸ਼ਰਮ ਸੀ, ਹੁਣ ਹਰ ਕੋਈ ਮੁਖੀ ਬਣਨ ਦਾ ਚਾਹਵਾਨ ਸੀ। ਆਖਰਕਾਰ ਉਨ੍ਹਾਂ ਇੱਕ ਵਿਅਕਤੀ ਚੁਣਿਆ ਅਤੇ ਉਸਨੂੰ ਉੱਥੇ ਹੀ ਛੱਡ ਦਿੱਤਾ।

ਇੱਕ ਹੋਰ ਨਗਰ ਵਿੱਚ, ਰਾਜੇ ਦੇ ਕੁਝ ਆਦਮੀ ਆਏ ਅਤੇ ਬੋਲੇ, 'ਰੁਕੋ, ਸਾਨੂੰ ਤਿੰਨ ਸੰਨਿਆਸੀਆਂ ਦੀ ਲੋੜ ਹੈ ਕਿਉਂਕਿ ਰਾਜੇ ਦੀ ਧੀ ਦਾ ਵਿਆਹ ਹੋ ਰਿਹਾ ਹੈ ਅਤੇ ਸਾਨੂੰ ਤਿੰਨ ਪੁਰੋਹਿਤਾਂ ਦੀ ਲੋੜ ਹੈ। ਇਹ ਸਾਡੀ ਪਰੰਪਰਾ ਹੈ। ਇਸ ਲਈ ਜਾਂ ਤਾਂ ਤੁਸੀਂ ਆਪਣੀ ਮਰਜ਼ੀ ਨਾਲ ਆਓ ਨਹੀਂ ਤਾਂ ਅਸੀਂ ਤੁਹਾਨੂੰ ਜ਼ਬਰਦਸਤੀ ਲੈ ਜਾਵਾਂਗੇ।'

ਤਿੰਨ ਬੰਦੇ ਹੋਰ ਚਲੇ ਗਏ, ਸਿਰਫ਼ ਛੇ ਬਚੇ। ਅਤੇ ਇਸ ਤਰ੍ਹਾਂ ਉਹ ਇੱਕ-ਇੱਕ ਕਰਕੇ ਘਟਦੇ ਗਏ। ਅੰਤ ਵਿੱਚ ਸਿਰਫ਼ ਦੋ ਵਿਅਕਤੀ ਹੀ ਰਹਿ ਗਏ। ਅਤੇ ਜਿਵੇਂ ਜਿਵੇਂ ਉਹ ਆਸ਼ਰਮ ਦੇ ਨੇੜੇ ਪਹੁੰਚ ਰਹੇ ਸਨ... ਸ਼ਾਮ ਦਾ ਸਮਾਂ ਸੀ, ਇੱਕ ਖੂਬਸੂਰਤ ਜਵਾਨ ਔਰਤ ਰਾਹ 'ਚ ਉਨ੍ਹਾਂ ਨੂੰ ਮਿਲੀ। ਉਸ ਨੇ ਕਿਹਾ, 'ਤੁਸੀਂ ਲੋਕ ਬਹੁਤ ਦਿਆਲੂ ਹੋ। ਮੈਂ ਇੱਥੇ ਪਹਾੜਾਂ ਵਿੱਚ ਰਹਿੰਦੀ ਹਾਂ – ਮੇਰਾ ਘਰ ਇੱਥੇ ਹੀ ਹੈ। ਮੇਰਾ ਪਿਤਾ ਇੱਕ ਸ਼ਿਕਾਰੀ ਹੈ, ਅਤੇ ਮੇਰੀ ਮਾਂ ਦੀ ਮੌਤ ਹੋ ਚੁੱਕੀ ਹੈ। ਮੇਰੇ ਪਿਤਾ ਬਾਹਰ ਗਏ ਹੋਏ ਹਨ, ਉਨ੍ਹਾਂ ਨੇ ਅੱਜ ਵਾਪਸ ਆਉਣ ਦਾ ਵਾਅਦਾ ਕੀਤਾ ਸੀ, ਪਰ ਉਹ ਅਜੇ ਤੱਕ ਵਾਪਸ ਨਹੀਂ ਆਏ। ਅਤੇ ਇਸ ਜੰਗਲ ਵਿੱਚ ਬਹੁਤ ਸਾਰੇ ਖਤਰਨਾਕ ਜਾਨਵਰ ਹਨ। ਇੱਥੇ ਰਾਤ ਨੂੰ ਇਕੱਲੇ ਰਹਿਣ ਤੋਂ ਮੈਨੂੰ ਬਹੁਤ ਡਰ ਲੱਗ ਰਿਹਾ ਹੈ... ਸਿਰਫ਼ ਇੱਕ ਸੰਨਿਆਸੀ, ਸਿਰਫ਼ ਇੱਕ ਰਾਤ ਲਈ।'

ਉਹ ਦੋਵੇਂ ਠਹਿਰਨਾ ਚਾਹੁੰਦੇ ਸਨ। ਉਹ ਔਰਤ ਇੰਨੀ ਖੂਬਸੂਰਤ ਸੀ ਕਿ ਉਨ੍ਹਾਂ ਵਿਚਕਾਰ ਝਗੜੇ ਦੀ ਨੌਬਤ ਆ ਗਈ। ਜੋ ਨੌਜਵਾਨ ਦੂਤ ਬਣ ਕੇ ਆਇਆ ਸੀ, ਉਸ ਨੇ ਉਨ੍ਹਾਂ ਸੌ ਲੋਕਾਂ ਨੂੰ ਗਾਇਬ ਹੁੰਦੇ ਹੋਏ ਦੇਖਿਆ ਸੀ ਅਤੇ ਹੁਣ ਆਖਰਕਾਰ ਉਸ ਨੇ ਔਰਤ ਨੂੰ ਕਿਹਾ, 'ਤੁਸੀਂ ਆਪ ਹੀ ਇਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਚੁਣ ਲਓ ਨਹੀਂ ਤਾਂ ਵਿਅਰਥ ਹੀ ਝਗੜਾ ਹੋ ਜਾਵੇਗਾ ਅਤੇ ਬੋਧੀ ਭਿਕਸ਼ੂਆਂ ਤੋਂ ਲੜਨ ਦੀ ਉਮੀਦ ਤਾਂ ਕੀਤੀ ਨਹੀਂ ਜਾਂਦੀ।'

ਉਸ ਔਰਤ ਨੇ ਘੱਟ ਉਮਰ ਵਾਲੇ ਸੰਨਿਆਸੀ ਨੂੰ ਚੁਣਿਆ ਜੋ ਕਿ ਸੁੰਦਰ ਵੀ ਵਧੇਰੇ ਸੀ ਅਤੇ ਉਸ ਨੂੰ ਆਪਣੇ ਨਾਲ ਘਰ ਲੈ ਗਈ। ਦੂਜੇ ਸੰਨਿਆਸੀ ਨੇ ਨੌਜਵਾਨ ਲਾਮੇ ਨੂੰ ਕਿਹਾ 'ਹੁਣ ਆ ਜਾ। ਉਹ ਆਦਮੀ ਹੁਣ ਕਦੇ ਵਾਪਸ ਨਹੀਂ ਆਵੇਗਾ, ਉਸਨੂੰ ਭੁੱਲ ਜਾਓ।'

ਨੌਜਵਾਨ ਨੇ ਕਿਹਾ, 'ਪਰ ਹੁਣ, ਤੁਸੀਂ ਮਜ਼ਬੂਤ ਬਣੇ ਰਹਿਣਾ, ਆਸ਼ਰਮ ਬਹੁਤ ਨੇੜੇ ਹੈ।'

ਪਰ ਆਸ਼ਰਮ ਤੋਂ ਠੀਕ ਪਹਿਲਾਂ, ਆਖਰੀ ਪਿੰਡ ਵਿੱਚ ਇੱਕ ਨਾਸਤਿਕ ਨੇ ਉਸ ਸੰਨਿਆਸੀ ਨੂੰ ਚੁਣੌਤੀ ਦਿੱਤੀ ਕਿ 'ਕੋਈ ਆਤਮਾ ਨਹੀਂ ਹੈ, ਕੋਈ ਰੱਬ ਨਹੀਂ ਹੈ, ਇਹ ਸਭ ਕਲਪਨਾ ਹੈ, ਫਿਕਸ਼ਨ ਹੈ, ਇਹ ਸਿਰਫ਼ ਲੋਕਾਂ ਦਾ ਸ਼ੋਸ਼ਣ ਕਰਨ ਲਈ ਹੈ। ਮੈਂ ਤੁਹਾਨੂੰ ਜਨਤਕ ਬਹਿਸ ਲਈ ਚੁਣੌਤੀ ਦਿੰਦਾ ਹਾਂ।'

ਨੌਜਵਾਨ ਨੇ ਕਿਹਾ, 'ਇਸ ਜਨਤਕ ਵਾਦ-ਵਿਵਾਦ ਦੇ ਚੱਕਰ ਵਿੱਚ ਨਾ ਫਸੋ, ਕਿਉਂਕਿ ਮੈਂ ਨਹੀਂ ਜਾਣਦਾ ਕਿ ਇਹ ਕਿੰਨਾ ਚਿਰ ਚੱਲੇਗਾ ਅਤੇ ਮੇਰਾ ਮੁਖੀ ਇੰਤਜ਼ਾਰ ਕਰ ਰਿਹਾ ਹੋਵੇਗਾ, ਹੋਵੇ ਨਾ ਹੋਵੇ ਉਹ ਹੁਣ ਤੱਕ ਮਰ ਹੀ ਚੁੱਕਾ ਹੋਵੇ।'

ਸੰਨਿਆਸੀ ਨੇ ਕਿਹਾ, 'ਇਹ ਤਾਂ ਹਾਰ ਹੋਵੇਗੀ, ਬੁੱਧ ਧਰਮ ਦੀ ਹਾਰ, ਜਦੋਂ ਤੱਕ ਮੈਂ ਇਸ ਵਿਅਕਤੀ ਨੂੰ ਹਰਾ ਨਹੀਂ ਦਿੰਦਾ, ਮੈਂ ਇਸ ਥਾਂ ਤੋਂ ਹਿੱਲ ਨਹੀਂ ਸਕਦਾ। ਜਨਤਕ ਵਾਦ-ਵਿਵਾਦ ਤਾਂ ਹੁਣ ਹੋਵੇਗਾ ਹੀ, ਇਸ ਲਈ ਸਾਰੇ ਪਿੰਡ ਨੂੰ ਸੂਚਿਤ ਕਰ ਦਿਓ।'

ਨੌਜਵਾਨ ਨੇ ਕਿਹਾ, 'ਬਸ ਬਹੁਤ ਹੋ ਗਿਆ ਕਿਉਂਕਿ ਤੁਹਾਡੇ ਗੁਰੂ ਨੇ ਕਿਹਾ ਸੀ ਕਿ ਘੱਟੋ-ਘੱਟ ਇੱਕ ਤਾਂ ਪਹੁੰਚ ਹੀ ਜਾਵੇਗਾ, ਪਰ ਅਜਿਹਾ ਲੱਗਦਾ ਹੈ ਕਿ ਮੈਂ ਹੀ ਇੱਕੱਲਾ ਵਾਪਸ ਜਾਵਾਂਗਾ।'

ਉਸ ਨੇ ਕਿਹਾ, 'ਤੁਸੀਂ ਇੱਥੇ ਭੱਜ ਜਾਓ। ਮੈਂ ਇੱਕ ਤਰਕਸ਼ੀਲ ਵਿਅਕਤੀ ਹਾਂ ਅਤੇ ਮੈਂ ਇਸ ਤਰ੍ਹਾਂ ਦੀ ਚੁਣੌਤੀ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਇਸ ਵਿੱਚ ਚਾਹੇ ਮਹੀਨੇ ਲੱਗ ਜਾਣ, ਅਸੀਂ ਹਰ ਚੀਜ਼ ਬਾਰੇ ਵਿਸਥਾਰ ਵਿੱਚ ਚਰਚਾ ਕਰਨ ਜਾ ਰਹੇ ਹਾਂ ਕਿਉਂਕਿ ਮੈਂ ਜਾਣਦਾ ਹਾਂ, ਮੈਂ ਇਸ ਵਿਅਕਤੀ ਬਾਰੇ ਸੁਣਿਆ ਹੈ ਕਿ ਉਹ ਇੱਕ ਬਹੁਤ ਹੀ ਬੁੱਧੀਜੀਵੀ ਅਤੇ ਦਾਰਸ਼ਨਿਕ ਵਿਅਕਤੀ ਹੈ, ਤੁਸੀਂ ਜਾਓ ਅਤੇ ਜੇਕਰ ਮੈਂ ਬਹਿਸ ਜਿੱਤ ਗਿਆ ਤਾਂ ਮੈਂ ਆਵਾਂਗਾ। ਜੇ ਮੈਂ ਹਾਰ ਗਿਆ ਤਾਂ ਮੈਨੂੰ ਉਸਦਾ ਚੇਲਾ ਬਣਨਾ ਪਵੇਗਾ, ਫਿਰ ਮੇਰਾ ਇੰਤਜ਼ਾਰ ਨਾ ਕਰਨਾ।'

ਉਸ ਨੇ ਕਿਹਾ, 'ਇਹ ਤਾਂ ਬਹੁਤ ਜ਼ਿਆਦਾ ਹੋ ਗਿਆ।'

ਉਹ ਆਸ਼ਰਮ ਪਹੁੰਚਿਆ ਤਾਂ ਬੁੱਢਾ ਮੁਖੀ ਉਡੀਕ ਰਿਹਾ ਸੀ। ਉਸ ਨੇ ਕਿਹਾ, 'ਤੂੰ ਆ ਗਿਆ? ਮੈਂ ਪਹਿਲਾਂ ਹੀ ਜਾਣਦਾ ਸੀ ਕਿ ਤੂੰ ਹੀ ਮੇਰਾ ਉੱਤਰਾਧਿਕਾਰੀ ਹੋਵੇਂਗਾ, ਉਨ੍ਹਾਂ ਸੌਵਾਂ ਵਿੱਚੋਂ ਤਾਂ ਹੁਣ ਕੋਈ ਇੱਥੇ ਆਉਣ ਤੋਂ ਰਿਹਾ, ਮੈਂ ਅਸਲ 'ਚ ਇਹੀ ਚਾਹੁੰਦਾ ਸੀ ਕਿ ਤੂੰ ਜਾਵੇਂ ਤੇ ਸਭ ਕੁਝ ਹੁੰਦਾ ਦੇਖ ਕੇ ਵਾਪਸ ਆਵੇਂ।'

ਅਤੇ ਮੁੱਖ ਲਾਮਾ ਵੀ ਜਾਣਦੇ ਸਨ ਕਿ ਕੇਵਲ ਇੱਕ ਹੀ ਪਹੁੰਚੇਗਾ।

ਤਿੱਬਤ ਵਿੱਚ ਇਹ ਪ੍ਰਾਚੀਨ ਕਹਾਵਤ ਹੈ ਕਿ ਸੈਂਕੜੇ ਚਲਦੇ ਹਨ ਪਰ ਮੁਸ਼ਕਿਲ ਨਾਲ ਹੀ ਕੋਈ ਇੱਕ ਪਹੁੰਚਦਾ ਹੈ – ਇਹ ਵੀ ਬਹੁਤ ਦੁਰਲੱਭ ਹੁੰਦਾ ਹੈ।

# (ਖਤਰਨਾਕ ਔਰਤਾਂ)

ਕੁਝ ਔਰਤਾਂ ਖ਼ਤਰਨਾਕ ਹੁੰਦੀਆਂ ਹਨ
ਜੋ ਮੂੰਹ ਦੀਆਂ ਮਿੱਠੀਆਂ
ਦਿਲ ਦੀਆਂ ਖੋਟੀਆਂ
ਤੇ ਜਿਹਨਾਂ ਦੇ ਅੰਦਰ ਜ਼ਹਿਰ
ਭਰਿਆ ਹੁੰਦਾ ਹੈ
ਉਹ ਔਰਤਾਂ ਖਤਰਨਾਕ
ਹੁੰਦੀਆਂ ਹਨ ।
ਕੁਝ ਔਰਤਾਂ ਜੋ ਉਪਰੋਂ ਉਪਰੋਂ
ਦੋਸਤਾਂ ਨਾਲ ਪਿਆਰ ਕਰਨ ਦਾ
ਦਿਖਾਵਾ ਕਰਦੀਆਂ ਹਨ
ਪਰ ਅੰਦਰੋਂ ਈਰਖਾ ਨਾਲ
ਭਰੀਆਂ ਹੁੰਦੀਆਂ ਹਨ
ਉਹ ਔਰਤਾਂ ਖ਼ਤਰਨਾਕ
ਹੁੰਦੀਆਂ ਹਨ ।
ਕੁਝ ਔਰਤਾਂ ਨੇ ਮੁਖੌਟੇ
ਪਾਏ ਹੁੰਦੇ ਹਨ
ਕਿਸੇ ਦੀ ਤਰੱਕੀ ਦੇਖ
ਬਰਦਾਸ਼ਤ ਨਹੀਂ ਹੁੰਦਾ
ਉਹਨਾਂ ਤੋਂ
ਹਰ ਕੋਸ਼ਿਸ਼ ਕਰਦੀਆਂ ਨੇ ਉਹ
ਇਸ ਨੂੰ ਕਿਵੇਂ ਨੀਚਾ ਦਿਖਾਇਆ ਜਾਏ
ਉਹ ਔਰਤਾਂ ਖ਼ਤਰਨਾਕ
ਹੁੰਦੀਆਂ ਹਨ ।
ਕੁਝ ਔਰਤਾਂ ਮਿੱਠੀਆਂ ਮਿੱਠੀਆਂ
ਪੋਲੀਆਂ ਪੋਲੀਆਂ ਗੱਲਾਂ ਕਰਕੇ
ਦੂਸਰਿਆਂ ਨੂੰ ਭਰਮਾਉਣ ਦੀ
ਕੋਸ਼ਿਸ਼ ਕਰਦੀਆਂ ਹਨ
ਸੱਚ ਜਾਨਣਾ
ਉਹ ਔਰਤਾਂ ਖ਼ਤਰਨਾਕ
ਹੁੰਦੀਆਂ ਹਨ ।
ਕੁਝ ਔਰਤਾਂ ਦਿਖਾਵਾ ਕਰਦੀਆਂ ਹਨ
ਕਿ ਅਸੀਂ ਰੱਬ ਦੇ ਬਹੁਤ ਨੇੜੇ ਹਾਂ
ਬਹੁਤ ਭਗਤੀ ਤੇ ਮੈਡੀਟੇਸ਼ਨ ਕਰਦੇ ਹਾਂ
ਪਰ ਕਿਸੇ ਦੂਸਰੇ ਦੀ ਗੱਲ
ਸੁਣਕੇ ਰਾਜ਼ੀ ਨਹੀਂ ਹੁੰਦੀਆਂ
ਸਹਿਨਸ਼ੀਲਤਾ ਨਾਮ ਦੀ ਚੀਜ਼
ਨਹੀਂ ਹੁੰਦੀ ਉਹਨਾਂ ਵਿੱਚ
ਉਹ ਔਰਤਾਂ ਖ਼ਤਰਨਾਕ
ਹੁੰਦੀਆਂ ਹਨ ।
ਕੁਝ ਔਰਤਾਂ ਤੋਂ ਬਰਦਾਸ਼ਤ ਨਹੀਂ ਹੁੰਦਾ
ਕਿਸੇ ਦੂਸਰੀ ਔਰਤ ਦੀ ਕਿਸੇ
ਨਾਲ ਦੋਸਤੀ ਹੋਣੀ
ਹਰ ਹੀਲਾ ਵਸੀਲਾ ਕਰਨਗੀਆਂ
ਕਿਵੇਂ ਇਹਨਾਂ ਨੂੰ ਅਲੱਗ ਕੀਤਾ ਜਾਏ
ਉਹ ਔਰਤਾਂ ਖ਼ਤਰਨਾਕ
ਹੁੰਦੀਆਂ ਹਨ ।
ਕੁਝ ਔਰਤਾਂ ਦੋਸਤੀ ਇਸੇ ਲਈ
ਕਰਦੀਆਂ ਨੇ ਕਿ ਕਿਵੇਂ
ਇਸਨੂੰ ਪੌੜੀ ਬਣਾ ਕੇ ਵਰਤਿਆ ਜਾਏ
ਮਤਲਬ ਨਿਕਲ ਜਾਣ ਤੇ
ਸੱਚਾਈ ਫਿਰ ਉਹ
ਕਿਨਾਰਾ ਕਰ ਜਾਂਦੀਆਂ ਹਨ
ਉਹ ਔਰਤਾਂ ਖ਼ਤਰਨਾਕ
ਹੁੰਦੀਆਂ ਹਨ ।
ਕੁਝ ਔਰਤਾਂ ਕਿਸੇ ਦਾ ਪ੍ਰੇਮ ਦੇਖ
ਖ਼ੁਸ਼ ਨਹੀਂ ਹੁੰਦੀਆਂ ਤੇ
ਉਹ ਇੱਕ ਦੂਸਰੇ ਖਿਲਾਫ਼
ਭੜਕਾਅ ਕੇ ਉਹਨਾਂ ਨੂੰ
ਅਲੱਗ ਕਰਕੇ ਹੀ ਸਾਹ ਲੈਂਦੀਆਂ ਹਨ
ਸੱਚ ਜਾਣਿਓ
ਉਹ ਔਰਤਾਂ ਖ਼ਤਰਨਾਕ
ਹੁੰਦੀਆਂ ਹਨ ।

(ਰਮਿੰਦਰ ਰੰਮੀ)






# ਸਤਪਾਲ ਸਿੰਘ ਜੌਹਲ: ਚਰਿੱਤਰ, ਸੇਵਾ ਅਤੇ ਦਲੇਰੀ ਦਾ ਸੁਮੇਲ

ਮੂਲ ਲੇਖਕ – ਸੁਰਜੀਤ ਸਿੰਘ ਫਲੋਰਾ
ਪੰਜਾਬੀ ਰੂਪਕ – ਇੰਜ. ਈਸ਼ਰ ਸਿੰਘ

ਬਹੁਤੀਆਂ ਪਬਲਿਕ ਸਖਸ਼ੀਅਤਾਂ ਨੂੰ ਉਨ੍ਹਾਂ ਦੇ ਨਾਹਰਿਆਂ ਅਤੇ ਗੱਲਾਂ ਕਰ ਕੇ ਜਾਣਿਆ–ਪਛਾਣਿਆ ਜਾਂਦਾ ਹੈ ਪਰ ਸਤਪਾਲ ਸਿੰਘ ਜੌਹਲ ਨੂੰ ਉਨ੍ਹਾਂ ਦੇ ਅਮਲੀ ਕੰਮਾਂ ਅਤੇ ਨਿੱਘੇ ਵਰਤ–ਵਰਤਾਓ ਕਰ ਕੇ ਵੱਧ ਜਾਣਿਆ ਜਾਂਦਾ ਹੈ। ਰਸਮੀ ਤੌਰ ’ਤੇ ਓਹ ਓਨਟਾਰੀਓ ਸੂਬੇ ਦੇ ਬਰੈਂਪਟਨ ਸ਼ਹਿਰ ਦੇ 9 ਅਤੇ 10 ਵਾਰਡਾਂ ਦੇ ਸਕੂਲ ਟਰਸਟੀ ਹਨ। ਪਰ ਪੰਜਾਬੀ ਭਾਈਚਾਰੇ ’ਚ ਉਹ ਸੁਚਾਰੂ ਮੀਡੀਆ ਕੰਮਾਂ ਅਤੇ ਪਰਵਾਸ ਨਾ਼ਲ ਜੁੜੀਆਂ ਜਨਤਕ ਸੇਵਾਵਾਂ ਕਰ ਕੇ ਵੱਧ ਨਾਮਨਾ ਖੱਟ ਚੁੱਕੇ ਹਨ। ਇਨ੍ਹਾਂ ਸਭ ਕੰਮਾਂ ਨੂੰ ਇਕੱਠੇ ਕਰਨ ਨਾ਼ਲ ਉਨ੍ਹਾਂ ਦੀ ਸਖਸ਼ੀਅਤ ਇੱਕ ਮਦਦਗਾਰ ਵਿਅਕਤੀ, ਮਿੱਠ–ਬੋਲੇ, ਬੇ–ਬਾਕ ਅਤੇ ਦਲੇਰ ਸਖਸ਼ ਦੇ ਤੌਰ ’ਤੇ ਉੱਭਰੀ ਹੈ। ਉਨ੍ਹਾਂ ਦੇ ਸਮਰਥਕ ਇੱਕ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਜਦ ਕੋਈ ਕੰਮ ਗਲਤ ਹੋ ਰਿਹਾ ਹੋਵੇ ਤਾਂ ਓਹ ਉਸ ਵਿਰੁੱਧ ਖੜੇ ਹੋਣ ਲਈ ਪਿਛਾਂਹ ਨਹੀਂ ਰਹਿੰਦੇ। ਉਨ੍ਹਾਂ ਦੀ ਇਹ ਪਛਾਣ ਅੱਜ ਹੋਰ ਵੀ ਮਹੱਤਵ–ਪੂਰਨ ਬਣ ਜਾਂਦੀ ਹੈ, ਕਿਉਂਕਿ ਉਹ 26 ਅਕਤੂਬਰ ਨੂੰ ਹੋਣ ਵਾ਼ਲੀਆਂ ਬਰੈਂਪਟਨ ਦੀਆਂ ਮਿਊਂਸਪਲ ਚੋਣਾਂ ’ਚ ਰਿਜਨਲ ਕਾਉਂਸਲਰ ਲਈ ਉਮੀਦਵਾਰ ਹਨ। ਉਨ੍ਹਾਂ ਦੀ ਜਨਤਕ ਛਵੀ ਉਨ੍ਹਾਂ ਦੇ ਅਮਲਾਂ ਅਤੇ ਉਨ੍ਹਾਂ ਦੀਆਂ ਪ੍ਰਭਾਵਕਾਰੀ ਕਾਰਵਾਈਆਂ ’ਚੋਂ ਉਪਜੀ ਹੈ, ਕਿਸੇ ਲਿਫ਼ਾਫ਼ੇਬਾਜੀ ’ਚੋਂ ਨਹੀਂ। ਇਹ ਛਵੀ ਇਕੱਲੇ ਦਫਤਰੀ ਕੰਮਾਂ ਕਰ ਕੇ ਨਹੀਂ ਬਣੀ, ਬਲਕਿ ਉਨ੍ਹਾਂ ਦੇ ਪਬਲਿਕ ਵਿੱਚ ਵਿਚਰਣ ਦੇ ਅਸਰਦਾਰ ਤਰੀਕਿਆਂ, ਲੋਕਾਂ ਨਾ਼ਲ ਵਿਚਾਰ–ਵਟਾਂਦਰਿਆਂ ਅਤੇ ਉਨ੍ਹਾਂ ਦੇ ਸੁਹਿਰਦ ਸੰਬੰਧਾਂ ਕਰ ਕੇ ਬਣੀ ਹੈ। ਉਨ੍ਹਾਂ ਨੂੰ ਮਿਲਣਾ ਬਹੁਤ ਸੁਖਾ਼ਲਾ ਹੈ ਅਤੇ ਇਹ ਗੱਲ ਇਸ ਸ਼ਹਿਰ ’ਚ ਬਹੁਤ ਮਹੱਤਵ ਰੱਖਦੀ ਹੈ ਜਿੱਥੇ ਪਬਲਿਕ ਨੂੰ ਸਿੱਧੀ ਅਤੇ ਠੋਸ ਮਦਦ ਦੀ ਲੋੜ ਹੈ, ਨਾ ਕਿ ‘ਗੱਲਾਂ ਦੇ ਕੜਾਹ’ ਦੀ।



ਪਬਲਿਕ ਦੀਆਂ ਨਜ਼ਰਾਂ ’ਚ ਉਹ ਪੰਜਾਬੀ ਮੀਡੀਆ, ਲੋਕਲ ਤਪਸਰਿਆਂ ਅਤੇ ਪਰਵਾਸ–ਸੰਬੰਧੀ ਮਸਲਿਆਂ ਨਾ਼ਲ ਜੁੜੇ ਹੋਏ ਹਨ। ਇਸ ਤਰ੍ਹਾਂ ਉਹ ਪਬਲਿਕ ਦੇ ਰੋਜ਼–ਮਰਾ ਜੀਵਨ ਦੇ ਜ਼ਰੂਰੀ ਮਸਲਿਆਂ ਬਾਰੇ ਪੂਰੀ ਜਾਣਕਾਰੀ ਰੱਖਦੇ ਹਨ ਅਤੇ ਉਨ੍ਹਾਂ ਦੀ ਅਵਾਜ਼ ਨੂੰ ਹੋਰ ਬੁਲੰਦ ਕਰਦੇ ਹਨ। ਇਸ ਤਰ੍ਹਾਂ ਜ਼ਮੀਨੀ ਹਕੀਕਤਾਂ ਨਾ਼ਲ ਜੁੜੇ ਰਹਿਣ ਕਰ ਕੇ ਓਹ ਬਰੈਂਪਟਨ ਨਿਵਾਸੀਆਂ ਦੀਆਂ ਸਭ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਵਾਕਫ਼ ਹਨ ਅਤੇ ਇਨ੍ਹਾਂ ਦੀਆਂ ਬਰੀਕੀਆਂ ਨੂੰ ਭਲੀ–ਭਾਂਤ ਸਮਝਦੇ ਹਨ । ਇਨ੍ਹਾਂ ਬਾਰੇ ਹਰ ਸਟੇਜ ਤੋਂ ਪੂਰੀ ਸਪੱਸ਼ਟਤਾ ਨਾ਼ਲ ਅਤੇ ਖੁੱਲ੍ਹ ਕੇ ਬੋਲਦੇ ਹਨ। ਮੀਡੀਆ ਦਾ ਤਜਰਬਾ ਇਨਸਾਨ ਨੂੰ ਬਹੁਤ ਕੀਮਤੀ ਸਬਕ ਸਿਖਾਉਂਦਾ ਹੈ ਪਰ ਇੱਥੇ ਕੀਤੀ ਛੋਟੀ ਜਿਹੀ ਕੁਤਾਹੀ ਵੀ ਪਬਲਿਕ ’ਚ ਬਣੀ ਹੋਈ ਭੱਲ ਨੂੰ ਢਾਹ ਲਾ ਦਿੰਦੀ ਹੈ। ਜੌਹਲ ਸਾਹਿਬ ਇਸ ਗੱਲ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹਨ ਅਤੇ ਉਨ੍ਹਾਂ ਦਾ ਸਟਾਈਲ ਇਸ ਅਸਲੀਅਤ ’ਚ ਪੂਰਾ ਫਿੱਟ ਬੈਠਦਾ ਹੈ। ਉਹ ਸਪੱਸ਼ਟ ਅਤੇ ਸਿੱਧੀ ਗੱਲ ਕਰਦੇ ਹਨ ਜਿਸ ਕਰ ਕੇ ਲੋਕ ਉਨ੍ਹਾਂ ਨੂੰ ਧਿਆਨ ਨਾ਼ਲ ਸੁਣਦੇ ਹਨ।

ਜਦ ਲੋਕਲ ਮਸਲੇ ਜਾਂ ਪਰਿਵਾਸ ਨਾ਼ਲ ਜੁੜੀਆਂ ਗੱਲਾਂ ਕਾਨੂੰਨੀ ਗੁੰਝਲਾਂ ’ਚ ਫਸ ਜਾਂਦੀਆਂ ਹਨ ਤਾਂ ਪਰਿਵਾਰਾਂ ਨੂੰ ਕਿਸੇ ਐਸੀ ਪਰਸਨੈਲਿਟੀ ਦੀ ਲੋੜ ਪੈਂਦੀ ਹੈ ਜੋ ਉਨ੍ਹਾਂ ਨੂੰ ਸਰਲ ਬੋਲਾਂ ’ਚ ਸਮਝਾ ਸਕੇ। ਬਰੈਂਪਟਨ ’ਚ ਇਸ ਤਰ੍ਹਾਂ ਦੀਆਂ ਸਿੱਧੀਆਂ–ਸਪੱਸ਼ਟ ਗੱਲਾਂ ਦੀ ਬਹੁਤ ਲੋੜ ਹੈ, ਜਿੱਥੇ ਜਨਤਾ ਲੋਕਲ ਅਤੇ ਸੰਸਾਰ ਪੱਧਰ – ਦੋਹਾਂ ਦੀਆਂ ਗੱਲਾਂ ਜਾਣਨਾ ਪਸੰਦ ਕਰਦੀ ਹੈ। ਇੱਥੇ ਜਿਹੜਾ ਕੋਈ ਵੀ ਇੱਧਰ–ਉੱਧਰ ਦੀਆਂ ਗੱਲਾਂ ਛੱਡ ਕੇ, ਜਨਤਾ ਦੇ ਮਸਲਿਆਂ ਦੀਆਂ ਗੱਲਾਂ ਕਰੇਗਾ ਅਤੇ ਪਬਲਿਕ ਦੀਆਂ ਭਾਵਨਾਵਾਂ ਦੀ ਪਛਾਣ ਕਰ ਕੇ ਕਦਰ ਕਰੇਗਾ, ਉਹ ਹੀ ਸਫ਼ਲ ਹੋ ਸਕੇਗਾ। ਜੌਹਲ ਸਾਹਿਬ ਇਸ ਤਰ੍ਹਾਂ ਦੀਆਂ ਸਾਰੀਆਂ ਗੱਲਾਂ ਕਰਨ ’ਚ ਮਾਹਿਰ ਹਨ, ਕਿਉਂਕਿ ਉਹ ਹਮੇਸ਼ਾਂ ਇੱਕ ‘ਗਰਾਊਂਡ’ ਹੋਏ ਬੰਦੇ ਵਾਂਗ ਕੰਮ ਕਰਨਾ ਜਾਣਦੇ ਹਨ। ਉਨ੍ਹਾਂ ਦੀ ਜਨਤਕ ਛਵੀ ਪਰਿਵਾਸ ਦੇ ਮਸਲਿਆਂ ਨਾ਼ਲ ਬਹੁਤ ਸੰਬੰਧ ਰੱਖਦੀ ਹੈ ਅਤੇ ਇਸ ਗੁਣ ਦੀ ਬਰੈਂਪਟਨ ’ਚ ਬਹੁਤ ਕਦਰ ਹੈ। ਬਹੁਤੇ ਪਰਿਵਾਰਾਂ ਲਈ ਇਹ ਗੰਭੀਰ ਮਸਲਾ ਹੈ ਕਿਉਂਕਿ ਇਹ ਉਨ੍ਹਾਂ ਦੇ ਪਰਿਵਾਰ ਦੇ ਇਕੱਠੇ ਹੋਣ, ਕੰਮ, ਪੜ੍ਹਾਈਆਂ ਅਤੇ ਪਰਿਵਾਰਕ ਸੁਰੱਖਿਆ ’ਤੇ ਅਸਰ ਪਾਉਂਦਾ ਹੈ। ਇਸ ਤਰ੍ਹਾ ਦੇ ਕੰਮਾਂ ’ਚ ਪੂਰੀ ਦਰੁਸਤੀ, ਸਹਿਜਤਾ ਅਤੇ ਹਮਦਰਦੀ ਦੀ ਅਹਿਮ ਲੋੜ ਹੈ। ਛੋਟੀ ਜਿਹੀ ਗ਼ਲਤੀ ਵੀ ਕਿਸੇ ਪਰਿਵਾਰ ਦਾ ਜੀਵਨ ਖ਼ਰਾਬ ਕਰ ਸਕਦੀ ਹੈ। ਉਨ੍ਹਾਂ ਦੇ ਸਮਰਥਕ ਇਸ ਗੱਲੋਂ ਪੂਰੇ ਸੰਤੁਸ਼ਟ ਹਨ ਕਿ ਉਹ ਸਾਰੇ ਕੰਮ ਪੂਰੀ ਦਿਆਨਤਦਾਰੀ ਅਤੇ ਚੰਗੀ ਭਾਵਨਾ ਨਾਲ ਕਰਦੇ ਹਨ – ਭਾਵੇਂ ਇਹ ਰਵੱਈਆ ਕਿਸੇ ਨੂੰ ਚੰਗਾ ਨਾ ਵੀ ਲੱਗੇ। ਇਸ ਕਰਕੇ ਹੀ ਲੋਕ ਉਨ੍ਹਾ ਨੂੰ ਪੂਰਾ ਮਦਦਗਾਰ ਮੰਨਦੇ ਹਨ, ਹਾਲਾਂਕਿ ਮਦਦ ਕਰਨਾ ਹਮੇਸ਼ਾ ਸੌਖਾ ਜਾਂ ਭਲੀ–ਮਾਣਸੀ ਵਾ਼ਲਾ ਕੰਮ ਨਹੀਂ ਹੁੰਦਾ। ਕਦੇ–ਕਦੇ ਕੌੜੀਆਂ ਸਚਾਈਆਂ ਵੀ ਦੱਸਣੀਆਂ ਪੈਂਦੀਆਂ ਹਨ, ਲੋਕਾਂ ਨੂੰ ਸੰਭਾਵੀ ‘ਰਿਸਕਾਂ’ ਬਾਰੇ ਸੁਚੇਤ ਕਰਨਾ ਪੈਂਦਾ ਹੈ ਅਤੇ ਗ਼ਲਤ ਕੰਮ ਕਰਨ ਤੋਂ ਨਾਂਹ ਕਰਨ ਦੀ ਹਿੰਮਤ ਕਰਨੀ ਪੈਂਦੀ ਹੈ।

ਜੌਹਲ ਸਾਹਿਬ ਦੀ ਜਨਤਾ ’ਚ ਬਣੀ ਪੈਂਠ ਦਾ ਇੱਕ ਹੋਰ ਕਾਰਨ ਉਨ੍ਹਾਂ ਵਲੋਂ ਉੱਚੀਆਂ ਨੈਤਿਕ ਕਦਰਾਂ–ਕੀਮਤਾਂ ਅਨੁਸਾਰ ਵਰਤ–ਵਰਤਾਓ ਕਰਨਾ ਹੈ। ਸਭ ਜਾਣਦੇ ਹਨ ਕਿ ਜਦ ਕਦੇ ਵੀ ਕਿਸੇ ਰੂਲ–ਅਸੂਲ ਦੀ ਉਲੰਘਣਾ ਹੁੰਦੀ ਹੈ ਜਾਂ ਕਿਸੇ ਦਾ ਕੋਈ ਕੰਮ ਕਮਿਊਨਿਟੀ–ਵਿਰੋਧੀ ਹੁੰਦਾ ਹੈ, ਤਾਂ ਓਹ ਹਰਗਿਜ਼ ਚੁੱਪ ਰਹਿਣ ਵਾ਼ਲੇ ਨਹੀਂ। ਇਸ ’ਚ ਪਬਲਿਕ ਵਰਤਾਓ, ਸੁਰੱਖਿਆ, ਕਾਨੂੰਨ ਦੀ ਪਾਲਣਾ ਅਤੇ ਪਰਵਾਸ ਦੇ ਨਿਯਮਾਂ ਦੀ ਦੁਰ–ਵਰਤੋਂ ਸਭ ਆ ਜਾਂਦੇ ਹਨ। ਇੱਕ ਸਾਊ ਵਿਅਕਤੀ ਹੋਣ ਦੇ ਨਾ਼ਲ–ਨਾਲ ਉਹ ਡਟਣਾ ਵੀ ਜਾਣਦੇ ਹਨ ਅਤੇ ਇਹ ਸੁਮੇਲ ਕਾਇਮ ਰੱਖਣਾ ਕੋਈ ਸੌਖੀ ਗੱਲ ਨਹੀਂ। ਪਰ ਇਸ ਨਾ਼ਲ ਬੰਦਾ ਚਿਰ–ਸਥਾਈ ਮਾਣ–ਸਤਿਕਾਰ ਹਾਸਿਲ ਕਰ ਲੈਂਦਾ ਹੈ। ਜੌਹਲ ਸਾਹਿਬ ਪੋਲੀਆਂ ਜਾਂ ਇਧਰਲੀਆ–ਉਧਰਲੀਆ ਗੱਲਾਂ ਕਰਨ ਵਾਲੇ ਨਹੀ; ਉਹ ਸਿੱਧੀਆਂ, ਖ਼ਰੀਆਂ ਅਤੇ ਬੇਬਾਕ ਗੱਲਾਂ ਕਰਨ ਵਾ਼ਲੇ ਹਨ। ਇਹ ਠੀਕ ਹੈ ਕਈ ਕੱਚੇ ਬੰਦੇ ਇਸ ਤਰ੍ਹਾਂ ਦੀਆਂ ਗੱਲਾਂ ਬਰਦਾਸ਼ਤ ਨਹੀਂ ਕਰਦੇ ਪਰ ਵਧੀਆ ਅਤੇ ਸੱਚੇ–ਸੁੱਚੇ ਬੰਦੇ ਇਸ ਤਰ੍ਹਾਂ ਦੀ ਦਿਆਨਤਦਾਰੀ ਦੀ ਪੂਰੀ ਕਦਰ ਕਰਦੇ ਹਨ।

ਉਨ੍ਹਾਂ ਦੇ ਸਮਰਥਕ ਬਾਹਰੀ ਲੁੱਕ–ਲਪੇਟ ਤੋਂ ਵੱਧ ਸਿਰੜ ਅਤੇ ਦ੍ਰਿੜਤਾ ਦੀ ਕਦਰ ਕਰਦੇ ਹਨ। ਉਹ ਜਾਣਦੇ ਹਨ ਕਿ ਜੌਹਲ ਸਾਹਿਬ ਸੱਚੀ ਗੱਲ ਕਰਨਗੇ, ਕੋਈ ਉਨ੍ਹਾਂ ਨਾ਼ਲ ਸਹਿਮਤ ਹੋਵੇ ਨਾ ਹੋਵੇ। ਕਈ ਵਾਰ ਉਨ੍ਹਾਂ ਨੂੰ ਨੁਕਤਾਚੀਨੀ ਵੀ ਝੱਲਣੀ ਪੈਂਦੀ ਹੈ ਪਰ ਅਖ਼ੀਰ ਨੂੰ ਉਨ੍ਹਾਂ ਪ੍ਰਤੀ ਭਰੋਸੇ ਅਤੇ ਮਾਣ–ਸਤਿਕਾਰ ’ਚ ਵਾਧਾ ਹੀ ਹੁੰਦਾ ਹੈ। ਆਪਾਂ ਜਾਣਦੇ ਹਾਂ ਕਿ ਜਨਤਾ ਕਿਸੇ ਨਾ਼ਲ ਘੜੀ ਦੀ ਘੜੀ ਭਾਵੇਂ ਸਹਿਮਤ ਨਾ ਹੋਵੇ ਪਰ ਸੱਚੇ ਬੰਦੇ ਦੀ ਇੱਜ਼ਤ ਜਰੂਰ ਕਰਦੀ ਹੈ। ਵੈਸੇ ਵੀ, ਕੁਰੱਖ਼ਤ ਬੋਲਣ ਦਾ ਅਤੇ ਸੁਹਿਰਦ ਕਰੜਾਈ ਦਾ ਫ਼ਰਕ ਹੁੰਦਾ ਹੈ। ਜੌਹਲ ਜੀ ਗੰਭੀਰ ਮਸਲਿਆਂ ’ਤੇ ਗੱਲ ਕਰਨ ਵਕਤ ਵੀ ਆਪਣੀ ਨਰਮਾਈ ਨਹੀਂ ਛਡਦੇ। ਓਹ ਇਸ ਗੱਲ ਦੇ ਹਾਮੀ ਹਨ ਕਿ ਕਿਸੇ ਲਈ ਸਤਿਕਾਰ ਦਿਖਾਉਣ ਲਈ ਉਸ ਦੀ ਚਾਪਲੂਸੀ ਕਰਨ ਦੀ ਲੋੜ ਨਹੀਂ।

ਜੌਹਲ ਸਾਹਿਬ ਦਾ ਉਨ੍ਹਾਂ ਲੋਕਾਂ ’ਚ ਬਹੁਤ ਸਤਿਕਾਰ ਹੈ ਜੋ ਸਮਝਦੇ ਹਨ ਕਿ ਚੰਗੀ ਲੀਡਰੀ ਦਾ ਮਤਲਬ ਲੋਕ–ਭਲਾਈ ਦੀ ਰੱਖਿਆ ਕਰਨਾ ਹੈ, ਭਾਵੇਂ ਕਿ ਹਾਲਾਤ ਵਿਰੋਧੀ ਹੀ ਕਿਉਂ ਨਾ ਹੋਣ। ਸਮਾਜ ਨੂੰ ਭਾਵੇਂ ਨਰਮਾਈ ਦੀ ਲੋੜ ਹੈ ਪਰ ਦਲੇਰੀ ਨਾ਼ਲ ਸਾਹਮਣੇ ਹੋ ਕੇ ਡਟਣ ਦੀ ਵੱਧ ਲੋੜ ਪੈਂਦੀ ਹੈ। ਜਿਹੜਾ ਲੀਡਰ ਸ਼ਾਂਤੀ ਬਣਾਉਣ ਲਈ ਕੌੜੀਆਂ ਸਚਾਈਆਂ ਦਾ ਰਾਹ ਛੱਡ ਦਿੰਦਾ ਹੈ, ਉਹ ਕੁਛ ਸਮਾਂ ਤਾਂ ਕੱਢ ਲੈਂਦਾ ਹੈ ਪਰ ਅਖ਼ੀਰ ਨੂੰ ਜਨਤਕ ਵਿਸ਼ਵਾਸ ਗਵਾ ਬੈਠਦਾ ਹੈ। ਜੌਹਲ ਜੀ ਦਾ ਸਿੱਧਾ ਅਸੂਲ ਹੈ ਕਿ ਨਰਮਾਈ ਦਾ ਅਰਥ ਚੁੱਪ ਰਹਿ ਕੇ ਗ਼ਲਤ ਗੱਲਾਂ ਬਰਦਾਸ਼ਤ ਕਰਨਾ ਨਹੀਂ। ਜਦ ਲੋਕਾਂ ਨੂੰ ਇਹ ਭਰੋਸਾ ਹੋਵੇ ਕਿ ਉਨ੍ਹਾਂ ਦਾ ਲੀਡਰ ਹੱਕ–ਸੱਚ ਲਈ ਖੜ੍ਹੇਗਾ ਤਾਂ ਉਹ ਉਸ ’ਤੇ ਵੱਧ ਯਕੀਨ ਵੀ ਕਰਨਗੇ ਅਤੇ ਉਸ ਦੀ ਪੂਰੀ ਸੁਪੋਰਟ ਵੀ ਕਰਨਗੇ। ਇਸ ਤਰ੍ਹਾਂ ਸੱਚ ਦੇ ਹੱਕ ’ਚ ਖੜ੍ਹਨ ਦੀ ਕਦਰ ਪੈਂਦੀ ਹੈ, ਪਰ ਇਸ ਦਾ ਮੁੱਲ ਤਾਰਨਾ ਪੈਂਦਾ ਹੈ। ਇਸ ਦੀ ਵਿਰੋਧਤਾ ਹੋ ਸਕਦੀ ਹੈ, ਬੋਲ–ਬੁਲਾਰਾ ਹੋ ਸਕਦਾ ਹੈ ਗ਼ਲਤ–ਫ਼ਹਿਮੀਆਂ ਪੈਦਾ ਹੋ ਸਕਦੀਆਂ ਹਨ। ਇਸ ਕਰਕੇ ਹੀ ਹੌਂਸਲੇ ਦੀ ਪਬਲਿਕ ’ਚ ਕਦਰ ਹੈ। ਜਨਤਾ ਉਨ੍ਹਾਂ ਨੂੰ ਯਾਦ ਰੱਖਦੀ ਹੈ ਜਿਹੜੇ ਸ਼ਾਂਤ ਰਹਿਣ ਅਤੇ ਬੋਲਣ ਦੇ ਮੌਕਿਆਂ ਨੂੰ ਪਛਾਣਦੇ ਹਨ, ਇਨ੍ਹਾਂ ’ਚ ਫ਼ਰਕ ਜਾਣਦੇ ਹਨ।

2022–2026 ਦੀ ਟਰਮ ’ਚ ਵਾਰਡ ਨੰਬਰ 9 ਅਤੇ 10 ਦੇ ਸਕੂਲ ਟਰੱਸਟੀ ਦੇ ਤੌਰ ’ਤੇ ਕੀਤਾ ਕੰਮ, ਉਨ੍ਹਾਂ ਦੇ ਪ੍ਰਭਾਵ–ਕਾਰੀ ਕੰਮ ਕਰਨ ਦੇ ਢੰਗਾਂ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਹੈਸੀਅਤ ’ਚ ਕੰਮ ਕਰ ਕੇ ਬੰਦਾ ਪਰਿਵਾਰਾਂ, ਸਟੂਡੈਂਟਾਂ ਅਤੇ ਅਧਿਆਪਕਾਂ ਦੇ ਨੇੜੇ ਹੋ ਜਾਂਦਾ ਹੈ ਅਤੇ ਨਿਤ–ਪ੍ਰਤੀ ਫ਼ੈਸਲੇ ਲੈਣ ਦੇ ਕੰਮਾਂ ’ਚ ਯੋਗਦਾਨ ਪਾਉਂਦਾ ਹੈ। ਇਹ ਇੱਕ ਅਮਲੀ ਕੰਮ ਹੈ ਜਿਸ ਤੋਂ ਬੰਦੇ ਦਾ ਚਰਿੱਤਰ ਪਰਤੱਖ ਨਜ਼ਰ ਆਉਂਦਾ ਹੈ ਅਤੇ ਇਹ ਹੋਰ ਪਰਪੱਕ ਵੀ ਹੁੰਦਾ ਹੈ। ਸਕੂਲਾਂ ਦੇ ਪ੍ਰਬੰਧਾਂ 'ਚ, ਪਰਿਵਾਰ ਰੋਜ਼ਾਨਾ ਜ਼ਿੰਦਗੀ ’ਤੇ ਅਸਰ ਪਾਉਣ ਵਾ਼ਲੀਆਂ ਚੀਜਾਂ ਨੂੰ ਵਧੇਰੇ ਗੌਰ ਨਾ਼ਲ ਦੇਖਦੇ ਹਨ। ਉਹ ਸਕੂਲਾਂ ਦੀ ਸੁਰੱਖਿਆ, ਸਕੂਲਾਂ ਦੇ ਨੇੜੇ ਦੀ ਆਵਾਜਾਈ, ਉੱਪਰਲਿਆਂ ਨਾ਼ਲ ਤਾਲ–ਮੇਲ ਅਤੇ ਆਪਣੀ ਗੱਲ ਸੁਣੇ ਜਾਣ ਨੂੰ ਖ਼ਾਸ ਕਰ ਕੇ ਮਹੱਤਵ ਦਿੰਦੇ ਹਨ। ਜੌਹਲ ਸਾਹਿਬ ਇਨ੍ਹਾ ਸਭ ਗੱਲਾਂ ਬਾਰੇ ਬਹੁਤ ਖ਼ਬਰਦਾਰ ਰਹਿੰਦੇ ਹਨ। ਇਸ ਤਰ੍ਹਾਂ ਦੀਆਂ ਸੇਵਾਵਾਂ ਕਰਕੇ ਹੀ ਲੋਕ ਉਨ੍ਹਾਂ ਦਾ ਮਾਣ–ਸਤਿਕਾਰ ਕਰਦੇ ਹਨ। ਓਹ ਇਹ ਵੀ ਮਹਿਸੂਸ ਕਰਦੇ ਹਨ ਕਿ ਜੌਹਲ ਸਾਹਿਬ ਨੂੰ ਜਦੋਂ ਮਰਜ਼ੀ ਸਿੱਧਿਆਂ ਮਿਲਿਆ ਜਾ ਸਕਦਾ ਹੈ। ਮਾਂ–ਪਿਉ ਉਨ੍ਹਾਂ ਲੀਡਰਾਂ ’ਤੇ ਵੱਧ ਭਰੋਸਾ ਕਰਦੇ ਹਨ ਜੋ ਸਪੱਸ਼ਟ ਗੱਲ ਕਰਦੇ ਹਨ ਅਤੇ ਮੁਸ਼ਕਿਲ ਸਮੇਂ ’ਤੇ ਹਾਜ਼ਰ ਮਿਲਦੇ ਹਨ। ਨਿਰਸੰਦੇਹ, ਬੋਰਡ ਦਾ ਕੰਮ ਵਾਹਵਾ ਖੱਟਣ ਦਾ ਮੌਕਾ ਘੱਟ ਹੈ ਅਤੇ ਜ਼ਿੰਮੇਵਾਰੀ ਦਾ ਬਹੁਤਾ ਹੈ। ਇਹੋ ਜਿਹੀਆਂ ਅਹੁਦੇਦਾਰੀਆਂ ’ਤੇ ਕੀਤੇ ਕੰਮਾਂ ਤੋਂ ਹੀ ਬੰਦੇ ਦੀ ਜਨਤਾ ’ਚ ਬਣਾਈ ਭੱਲ ਦਾ ਪਤਾ ਲਗਦਾ ਹੈ। ਜੌਹਲ ਸਾਹਿਬ 2026 ਦੀਆਂ ਬਰੈਂਪਟਨ ਮਿਉਂਸਪਲਿਟੀ ਦੀਆਂ ਰਿਜਨਲ ਕਾਉਂਸਲਰ ਦੀਆਂ ਚੋਣਾਂ ’ਚ ਉਮੀਦਵਰ ਹਨ। ਉਨ੍ਹਾਂ ਲਈ ਇਹ ਸੇਵਾ ਦਾ ਕੋਈ ਨਵਾਂ ਮੌਕਾ ਨਹੀਂ। ਇਸ ਤਰ੍ਹਾਂ ਓਹ ਪਹਿਲੀ ਕੀਤੀ ਜਾ ਰਹੀ ਸੇਵਾ ਨੂੰ ਹੀ ਅੱਗੇ ਤੋਰ ਰਹੇ ਹਨ। ਉਨ੍ਹਾਂ ਨੂੰ ਪਹਿਲਾਂ ਹੀ ਇਸ ਪਾਸੇ ਦਾ ਬਹੁਤ ਤਜਰਬਾ ਹੈ ਅਤੇ ਇਸ ਨਾ਼ਲ ਉਨ੍ਹਾਂ ਦੀ ਜ਼ਿੰਮੇਵਾਰੀ ਦਾ ਘੇਰਾ ਹੋਰ ਵੱਡਾ ਹੋਵੇਗਾ। ਉਨ੍ਹਾਂ ਦੇ ਸਮੱਰਥਕਾਂ ਵਾਸਤੇ ਇਹ ਇੱਕ ਮੌਕਾ ਹੈ ਕਿ ਵੱਡੇ ਜਨਤਕ ਹਿਤਾਂ ਲਈ ਉਨ੍ਹਾਂ ਦੀ ਹਮਾਇਤ ’ਚ ਲੱਗਣ, ਹਾਲਾਂਕਿ ਓਹ ਖ਼ੁਦ ਇਸ ਤਰ੍ਹਾਂ ਦੀਆਂ ਹਮਾਇਤਾਂ ਦੀ ਬਜਾਇ ਜਨਤਾ ’ਚ ਵਿਚਰ ਕੇ ਪ੍ਰੈਕਟੀਕਲ ਕਰਾਵਾਈਆਂ ਨੂੰ ਵੱਧ ਤਰਜੀਹ ਦਿੰਦੇ ਹਨ ਅਤੇ ਇਸ ਤਰ੍ਹਾਂ ਦੇ ਪ੍ਰਚਾਰ ਤੋਂ ਸੰਗਦੇ ਹਨ। ਪਰ ਸਮਰਥਕ ਚਾਹੁੰਦੇ ਹਨ ਕਿ ਇਸ ਤਰ੍ਹਾਂ ਦੇ ਸੁਹਿਰਦ, ਹਿੰਮਤੀ ਅਤੇ ਅਣਥੱਕ ਲੀਡਰ ਪੰਜਾਬੀ ਭਾਈਚਾਰੇ ਦੀ ਬਹੁ– ਪੱਖੀ ਸੇਵਾ ’ਚ ਯੋਗਦਾਨ ਪਾਉਂਦੇ ਰਹਿਣ। ਸਾਰੇ ਇਸ ਗੱਲ ਨਾ਼ਲ ਸਹਿਮਤ ਹਨ ਕਿ : ਜੌਹਲ, ਬਰੈਂਪਟਨ ਨਿਵਾਸੀਆਂ ਦੀ ਸੇਵਾ ਲਈ ਹਰ ਵਕਤ ਹਾਜ਼ਰ ਹੈ।

ਉਨ੍ਹਾਂ ਦਾ ਸਮਰਥਨ ਉਨ੍ਹਾਂ ਦੀਆਂ ਨਿਜੀ ਦੋਸਤੀਆਂ ਤੋਂ ਕਿਤੇ ਵੱਧ ਉਨ੍ਹਾਂ ਦੇ ਅਸਰਦਾਰ ਕੰਮਾਂ ’ਤੇ ਨਿਰਭਰ ਹੈ। ਉਨ੍ਹਾਂ ਵਲੋਂ ਕੀਤੀ ਐੱਲ.ਐੱਮ.ਆਈ.ਏ ਦੀ ਘਾਲਣਾ ਸਭ ਦੇ ਦਿਲਾਂ ਅਤੇ ਦਿਮਾਗਾਂ ’ਚ ਉੱਕਰੀ ਹੋਈ ਹੈ ਅਤੇ ਇਹ ਉੱਕਰੀ ਰਹੇਗੀ। ਜਨਤਾ ਹਮੇਸ਼ਾ ਸੱਚੇ–ਸੁੱਚੇ ਨਿਰਪੱਖ ਅਤੇ ਦਲੇਰ ਲੀਡਰਾਂ ਦੀ ਕਦਰ ਕਰਦੀ ਰਹੀ ਹੈ ਅਤੇ ਜੌਹਲ ਸਾਹਿਬ ਇਨ੍ਹਾਂ ਸਾਰੇ ਗੁਣਾਂ ਦਾ ਸਹੀ ਸੁਮੇਲ ਹਨ।

# ਅੰਬੇਦਕਰ ਨੇ ਆਜ਼ਾਦੀ ਸੰਗਰਾਮ ਵਿੱਚ ਹਿੱਸਾ ਕਿਉਂ ਨਹੀਂ ਲਿਆ ਅਤੇ ਭਾਰਤ ਦਾ ਇੰਨਾ ਚਿਰ ਗੁਲਾਮ ਰਹਿਣ ਦਾ ਕੀ ਕਾਰਨ ਸੀ ?




ਜਗਵਿੰਦਰ ਜੋਧਾ ਨੇ ਕਿਤਾਬ ਅਨੁਵਾਦ ਕੀਤੀ ਸੀ ਜਿਸ ਦਾ ਨਾਮ ਸੀ "ਮਾਰਕਸ ਭਾਰਤ ਬਾਰੇ" ਉਸ ਵਿੱਚ ਮਾਰਕਸ ਨੇ ਲਿਖਿਆ ਹੈ ਕਿ ਭਾਰਤ ਇੰਨਾ ਸਮਾਂ ਗੁਲਾਮ ਕਿਉਂ ਰਿਹਾ ਇਸਦੇ ਗੁਲਾਮ ਰਹਿਣ ਦਾ ਬੁਨਿਆਦੀ ਕਾਰਨ ਕੀ ਸੀ ਉਸਨੇ ਪੂਰੀ ਡਿਟੇਲ ਨਾਲ ਦੱਸਿਆ ਹੈ ਕਿ ਅਸਲ ਵਿੱਚ ਭਾਰਤ ਦਾ ਹਰ ਪਿੰਡ ਆਪਣੇ ਆਪ ਵਿੱਚ ਇੱਕ ਆਤਮ ਨਿਰਭਰ ਆਰਥਿਕ ਇਕਾਈ ਹੁੰਦਾ ਸੀ ਸਾਰੇ ਲੋਕ ਜਮੀਨ ਉੱਤੇ ਖੇਤੀ ਕਰਦੇ ਅਤੇ ਵੰਡ ਕੇ ਖਾ ਲੈਂਦੇ ਪਿੰਡ ਵਿੱਚ ਇੱਕ ਪੂਜਾ ਪਾਠ ਕਰਨ ਵਾਲਾ ਪੰਡਿਤ ਹੁੰਦਾ ਸੀ ਜੋ ਲੋਕਾਂ ਦੇ ਵਿਆਹ ਸਾਦੀ ਮਰਨੇ ਪਰਨੇ ਅਤੇ ਕਿਸਾਨ ਨੇ ਫਸਲ ਕਦੋਂ ਬੀਜਣੀ ਹੈ ਉਹ ਦਿਨ ਕੱਢ ਕੇ ਦਿੰਦਾ ਸੀ ਉਸ ਤੋਂ ਬਿਨਾਂ ਇੱਕ ਬਾਲ ਕੱਟਣ ਵਾਲਾ ਨਾਈ ਹੁੰਦਾ ਸੀ ਅਤੇ ਇੱਕ ਸੋਨੇ ਦਾ ਕੰਮ ਕਰਨ ਵਾਲਾ ਸੁਨਿਆਰਾ ਹੁੰਦਾ ਸੀ ਇਸ ਤਰ੍ਹਾਂ ਉਹਨਾਂ ਨੇ ਵਿਸਥਾਰ ਵਿੱਚ ਇਹ ਗੱਲ ਲਿਖੀ ਹੈ ਕਿ ਭਾਰਤ ਦੇ ਲੋਕਾਂ ਨੂੰ ਖਾਸ ਕਰਕੇ ਜੋ ਪਿੰਡਾਂ ਦੇ ਵਾਸੀ ਸਨ ਉਹਨਾਂ ਲੋਕਾਂ ਨੂੰ ਇਸ ਗੱਲ ਤਾਈ ਕੋਈ ਮਤਲਬ ਨਹੀਂ ਸੀ ਕਿ ਦਿੱਲੀ ਦੇ ਤਖਤ ਤੇ ਜਾਂ ਕਹਿ ਲਈਏ ਦੇਸ਼ ਉੱਤੇ ਕੌਣ ਰਾਜ ਕਰ ਰਿਹਾ ਹੈ ਪਹਿਲਾਂ ਹਿੰਦੂ ਰਾਜਿਆਂ ਦਾ ਰਾਜ ਰਿਹਾ ਉਸ ਤੋਂ ਬਾਅਦ ਲੰਬਾ ਸਮਾਂ ਮੁਗਲਾਂ ਦਾ ਰਾਜ ਰਿਹਾ ਸੀ ਅਤੇ ਫਿਰ ਕਰੀਬ 200 ਸਾਲ ਤੋਂ ਵੱਧ ਸਮਾਂ ਅੰਗਰੇਜ਼ਾਂ ਦਾ ਰਾਜ ਰਿਹਾ ਮਤਲਬ ਭਾਰਤ ਬਰਤਾਨਵੀ ਸਾਮਰਾਜ ਦਾ ਗੁਲਾਮ ਰਿਹਾ ਸੀ ਮਾਰਕਸ ਨੇ ਉਸ ਕਿਤਾਬ ਵਿੱਚ ਵਿਸਥਾਰ ਨਾਲ ਦੱਸਿਆ ਹੈ ਕਿ ਭਾਰਤ ਦਾ ਇਨਾ ਸਮਾਂ ਗੁਲਾਮ ਰਹਿਣ ਦਾ ਕਾਰਨ ਇਹੀ ਸੀ ਕਿ ਦੇਸ਼ ਦੇ ਲੋਕਾਂ ਨੂੰ ਖਾਸ ਕਰਕੇ ਜੋ ਦਲਿਤ ਸਨ ਜੋ ਬਿਲਕੁਲ ਪੌੜੀ ਦੇ ਹੇਠਲੇ ਪੌਡੇ ਉੱਤੇ ਬੈਠੇ ਸਨ ਉਹਨਾਂ ਨੂੰ ਇਹ ਗੱਲ ਲੱਗਦੀ ਸੀ ਕਿ ਜਿਸ ਮਰਜ਼ੀ ਦਾ ਰਾਜ ਆਈ ਜਾਵੇ ਸਾਡੀ ਹਾਲਤ ਤਾਂ ਇਹੀ ਬਣੀ ਰਹਿਣੀ ਹੈ ਸਾਡੀ ਤਾਂ ਇਹ ਸ਼ਾਇਦ ਕਿਸੇ ਰੱਬ ਵੱਲੋਂ ਲਿਖੀ ਹੋਈ ਹੋਣੀ ਹੈ ਇਸ ਕਰਕੇ ਉਨਾਂ ਲੋਕਾਂ ਨੇ ਭਾਵ ਦਲਿਤ ਵਰਗ ਨੇ ਕਦੇ ਲੜਨ ਦੀ ਕਦੇ ਜਰੂਰਤ ਹੀ ਨਹੀਂ ਸਮਝੀ ਅਤੇ ਨਾ ਹੀ ਅੰਗਰੇਜ਼ਾਂ ਦਾ ਵਿਰੋਧ ਕਰਨ ਦਾਦਾ ਨਿਰਣਾ ਹੀ ਨਹੀਂ ਕੀਤਾ, ਇਹ ਬਤੀਰਾ ਡਾਕਟਰ ਭੀਮ ਰਾਓ ਅੰਬੇਦਕਰ ਦਾ ਵੀ ਰਿਹਾ ਕਿਉਂਕਿ ਜਦੋਂ ਸਾਈਮਨ ਕਮਿਸ਼ਨ ਭਾਰਤ ਆਇਆ ਸੀ ਤਾਂ ਅੰਬੇਦਕਰ ਨੇ ਹਾਰ ਪਾ ਕੇ ਉਸ ਦਾ ਸਵਾਗਤ ਕੀਤਾ ਸੀ ਜਦ ਕਿ ਸ਼ਹੀਦ ਭਗਤ ਸਿੰਘ ਹੋਰਾਂ ਵਾਲੀ ਲਹਿਰ ਅਤੇ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਲਹਿਰ ਆ ਉਹ ਇਸ ਦਾ ਸਖਤ ਵਿਰੋਧ ਕਰ ਰਹੀ ਸੀ ਮਤਲਬ ਸਾਈਮਨ ਕਮਿਸ਼ਨ ਦਾ ਵਿਰੋਧ ਕਰ ਰਹੀ ਸੀ ਕਿਉਂਕਿ ਅੰਗਰੇਜ਼ਾਂ ਨੇ ਆ ਕੇ ਦਲਿਤਾਂ ਨੂੰ ਜੋ ਉਹਨਾਂ ਉੱਤੇ ਜਬਰ ਜੁਲਮ ਹੁੰਦੇ ਸਨ ਜਿਹੜੇ ਅਖੌਤੀ ਉੱਚ ਜਾਤੀ ਲੋਕ ਦਲਿਤਾਂ ਉੱਤੇ ਜਬਰ ਕਰਦੇ ਸਨ ਅੰਗਰੇਜ਼ਾਂ ਨੇ ਕੁਝ ਕਾਨੂੰਨ ਬਣਾਏ ਅਤੇ ਉਹਨਾਂ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਵੀ ਕੀਤਾ ਇਸ ਕਰਕੇ ਦਲਿਤਾਂ ਨੂੰ ਇਹ ਲੱਗਿਆ ਕਿ ਅੰਗਰੇਜ਼ਾਂ ਦਾ ਰਾਜ ਪੁਰਾਣੇ ਜਗੀਰਦਾਰਾਂ ਅਤੇ ਰਾਜੇ ਰਜਵਾੜਿਆਂ ਨਾਲੋਂ ਵਧੀਆ ਹੈ ਸਾਡੀ ਆਰਥਿਕ ਹਾਲਤ ਬੇਸ਼ੱਕ ਨਹੀਂ ਸੁਧਰੀ ਪਰ ਸਾਡੇ ਉੱਤੇ ਜਬਰ ਜੁਲਮ ਘੱਟ ਗਿਆ ਹੈ ਹੋਰ ਵੀ ਬਹੁਤ ਸਾਰੇ ਕਾਰਨ ਰਹੇ ਸਨ ਜਿਸ ਕਾਰਨ ਡਾਕਟਰ ਭੀਮ ਰਾਓ ਅੰਬੇਦਕਰ ਆਜ਼ਾਦੀ ਸੰਗਰਾਮ ਵਿੱਚ ਉਸ ਰੂਪ ਵਿੱਚ ਇਹਨਾਂ ਨੇ ਹਿੱਸਾ ਨਹੀਂ ਲਿਆ ਜਿਵੇਂ ਦੂਜਿਆਂ ਨੇ ਲਿਆ ਸੀ !



ਡਾਕਟਰ ਗੁਰਤੇਜ ਸਿੰਘ ਖੀਵਾ
ਮੋ.: ਨੰ.: 79018 86210

# ਸੱਚੇ.... !

ਮੁੱਕਦੇ ਜਾਵਣ ਸਾਰੇ ਸੱਚੇ !
ਕੰਨਾਂ ਦੇ ਬਣਗੇ ਸਾਰੇ ਕੱਚੇ !


ਦੁੱਖ ਦੀ ਘੜੀ ਜਦ ਵੀ ਆਂਦੀ
ਲੱਭਦੇ ਫਿਰਦੇ ਨਿਆਰੇ ਸੱਚੇ !

ਚਾਲਬਾਜ਼ਾਂ ਦੇ ਡੇਰੇ ਲੱਗ ਗਏ
ਕਿਧਰ ਚਲੇ ਗਏ ਸਾਰੇ ਸੱਚੇ ! !

ਜਦ ਵੀ ਰੂਹ ਇਹ ਪੀੜ ਮਨਾਵੇ
ਕੋਈ ਨਹੀਂ ਹੰਝੂ ਕੇਰੇ ਸੱਚੇ ! !

ਕਾਹਦਾ ਝਗੜਾ ਉਤਲਾ ਹੀ ਜਾਣੇ
ਤੇਰੇ ਨੇ ਝੂਠੇ ਕੀ ਨੇ ਮੇਰੇ ਸੱਚੇ ? ?

ਸੁੱਤੇ ਰਹੇ ਬੁੱਟਰ’ ਜੇ ਕਲਮਾਂ ਵਾਲੇ
ਹੋ ਜਾਵਣਗੇ ਹਨੇਰੇ ਸੱਚੇ ! ! ! !



ਡਾ.ਸਤਿੰਦਰਜੀਤ ਕੌਰ ਬੁੱਟਰ

LEGAL & BUSINESS SOLUTIONS FOR NRI'S
Property ▪ Family ▪ Business ▪ Taxation Matters

ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ–ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY

WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

## ਕਹਾਣੀ

# ਜਾਦੂ ਦੀ ਹੱਡੀ




ਇੱਕ ਪਿੰਡ ਵਿੱਚ ਇੱਕ ਗ਼ਰੀਬ ਔਰਤ ਰਹਿੰਦੀ ਸੀ। ਉਸ ਦਾ ਇੱਕ ਲੜਕਾ ਸੀ। ਉਨ੍ਹਾਂ ਕੋਲ ਇੱਕ ਗਾਂ ਸੀ। ਉਹ ਵੀ ਬਹੁਤ ਘੱਟ ਦੁੱਧ ਦਿੰਦੀ ਸੀ। ਦੋਵੇਂ ਮਾਂ-ਪੁੱਤ ਸ਼ਾਹੂਕਾਰ ਤੋਂ ਉਧਾਰ ਲੈ ਕੇ ਗੁਜ਼ਾਰਾ ਕਰਦੇ ਸਨ। ਇੱਕ ਦਿਨ ਸ਼ਾਹੂਕਾਰ ਔਰਤ ਦੇ ਕੋਲ ਆਇਆ ਅਤੇ ਕਹਿਣ ਲੱਗਿਆ, 'ਕੱਲ੍ਹ ਸ਼ਾਮ ਤਕ, ਤੁਸੀਂ ਮੇਰੇ ਸਾਰੇ ਪੈਸੇ ਵਾਪਸ ਕਰ ਦਿਓ, ਨਹੀਂ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ ਹੋਵੇਗਾ।'' ਉਸ ਸਮੇਂ ਔਰਤ ਕੋਲ ਕੋਈ ਪੈਸਾ ਨਹੀਂ ਸੀ। ਉਹ ਸ਼ਾਹੂਕਾਰ ਦਾ ਵਿਆਜ ਕਿਵੇਂ ਮੋੜਦੀ? ਲੜਕੇ ਨੇ ਮਾਂ ਨੂੰ ਕਿਹਾ, ''ਮਾਂ, ਮੈਂ ਮੰਡੀ ਵਿੱਚ ਜਾ ਕੇ ਗਾਂ ਨੂੰ ਵੇਚ ਆਉਂਦਾ ਹਾਂ ਅਤੇ ਉੱਥੋਂ ਜਿੰਨੇ ਪੈਸੇ ਮਿਲਣਗੇ, ਸ਼ਾਹੂਕਾਰ ਨੂੰ ਦੇ ਕੇ ਉਸ ਦਾ ਹਿਸਾਬ ਮੁਕਾ ਦਿਆਂਗੇ।''

ਲੜਕਾ ਜਦੋਂ ਗਾਂ ਲੈ ਕੇ ਮੰਡੀ ਵੱਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਉਸ ਨੂੰ ਇੱਕ ਬੁੱਢਾ ਮਿਲ ਗਿਆ। ਬੁੱਢੇ ਦੇ ਇੱਕ ਹੱਥ ਵਿੱਚ ਹੱਡੀਆਂ ਸਨ। ਉਸ ਨੇ ਲੜਕੇ ਨੂੰ ਪੁੱਛਿਆ, ''ਕਾਕਾ, ਕਿੱਧਰ ਜਾ ਰਿਹਾ ਏਂ?'' ਲੜਕੇ ਨੇ ਬੁੱਢੇ ਨੂੰ ਸਾਰੀ ਗੱਲ ਦੱਸ ਦਿੱਤੀ। ਬੁੱਢੇ ਨੇ ਕਿਹਾ, ''ਕਾਕਾ, ਪ੍ਰੇਸ਼ਾਨ ਨਾ ਹੋ, ਮੈਂ ਤੇਰੀ ਮੁਸ਼ਕਲ ਦਾ ਹੱਲ ਕਰਦਾ ਹਾਂ। ਤੂੰ ਮੈਨੂੰ ਆਪਣੀ ਗਾਂ ਦੇ-ਦੇ। ਇਸ ਦੇ ਬਦਲੇ ਮੈਂ ਤੈਨੂੰ ਇੱਕ ਹੱਡੀ ਦੇਵਾਂਗਾ।'' ''ਪਰ ਮੇਰੀ ਮਾਂ ਨੂੰ ਤਾਂ ਪੈਸੇ ਚਾਹੀਦੇ ਹਨ, ਉਸ ਨੇ ਸ਼ਾਹੂਕਾਰ ਦਾ ਵਿਆਜ ਦੇਣਾ ਹੈ।'' ਲੜਕੇ ਨੇ ਕਿਹਾ। ਬੁੱਢੇ ਨੇ ਕਿਹਾ, ''ਇਹ ਹੱਡੀ ਬੜੇ ਕੰਮ ਆਵੇਗੀ। ਇਸ ਨੂੰ ਘਰ ਜਾ ਕੇ ਅੱਗ 'ਤੇ ਰੱਖ ਦੇਵੀਂ। ਫਿਰ ਜੋ ਚਾਹੋਂਗੇ, ਉਹ ਤੁਹਾਨੂੰ ਦੇ ਦੇਵੇਗੀ।'' ਇਹ ਜਾਣ ਕੇ ਲੜਕੇ ਨੇ ਉਸ ਬੁੱਢੇ ਨੂੰ ਗਾਂ ਦੇ ਦਿੱਤੀ ਅਤੇ ਹੱਡੀ ਲੈ ਕੇ ਘਰ ਵੱਲ ਚੱਲ ਪਿਆ।

ਘਰ ਜਾ ਕੇ ਉਸ ਨੇ ਮਾਂ ਨੂੰ ਸਾਰੀ ਕਹਾਣੀ ਸੁਣਾਈ। ਮਾਂ ਨੇ ਪੁੱਤ ਨਾਲ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ, ''ਪੁੱਤ ਤੂੰ ਕਿੰਨਾ ਮੂਰਖ ਐਂ, ਗਾਂ ਦੇ ਬਦਲੇ ਇਹ ਕਾਲੀ ਹੱਡੀ ਲੈ ਕੇ ਘਰ ਆ ਗਿਆ ਹੈਂ।'' ਇਹ ਕਹਿ ਕੇ ਉਸ ਨੇ ਲੜਕੇ ਨੂੰ ਕਾਫ਼ੀ ਝਿੜਕਿਆ। ਪਰ ਲੜਕੇ ਨੂੰ ਬੁੱਢੇ ਦੀ ਗੱਲ 'ਤੇ ਅਜੇ ਵੀ ਪੂਰਾ ਵਿਸ਼ਵਾਸ ਸੀ। ਉਸ ਨੇ ਹੱਡੀ ਨੂੰ ਚੁੱਲ੍ਹੇ 'ਤੇ ਰੱਖ ਦਿੱਤਾ। ਜਿਵੇਂ ਹੀ ਅੱਗ ਹੱਡੀ ਨੂੰ ਲੱਗੀ ਤਾਂ ਹੱਡੀ ਨੇ ਬੋਲਣਾ ਸ਼ੁਰੂ ਕਰ ਦਿੱਤਾ, ''ਖੀਂ...ਖੀਂ...ਮੈਂ ਜਾ ਰਹੀ ਹਾਂ।''

''ਕਿੱਥੇ ਜਾ ਰਹੀ ਏਂ?'' ਲੜਕੇ ਨੇ ਪੁੱਛਿਆ। ''ਸ਼ਾਹੂਕਾਰ ਦੇ ਰਸੋਈ ਘਰ ਵਿੱਚ।'' ਇਹ ਕਹਿ ਕੇ ਉਹ ਲੋਪ ਹੋ ਗਈ ਅਤੇ ਕੁਝ ਮਿੰਟਾਂ ਬਾਅਦ ਵਾਪਸ ਮੁੜ ਆਈ। ਉਸ ਨੇ ਟੋਕਰੀ ਵਿੱਚ ਸਬਜ਼ੀ, ਰੋਟੀਆਂ, ਫਲ ਆਦਿ ਭਰੇ ਹੋਏ ਸਨ। ਮਾਂ-ਪੁੱਤ ਨੇ ਸਾਰੀਆਂ ਚੀਜ਼ਾਂ ਕੱਢ ਕੇ ਅਲਮਾਰੀ ਵਿੱਚ ਰੱਖ ਦਿੱਤੀਆਂ ਪਰ ਕੁਝ ਦੇਰ ਪਿੱਛੋਂ ਮਾਂ ਨੇ ਬੁੜਬੁੜਾਉਣਾ ਸ਼ੁਰੂ ਕਰ ਦਿੱਤਾ, ''ਚਲੋ, ਇਸ ਹੱਡੀ ਨੇ ਇੱਕ ਹਫ਼ਤੇ ਲਈ ਭੋਜਨ ਤਾਂ ਦੇ ਦਿੱਤਾ ਪਰ ਅਸੀਂ ਸ਼ਾਹੂਕਾਰ ਦਾ ਕਰਜ਼ਾ ਕਿਵੇਂ ਵਾਪਸ ਕਰਾਂਗੇ?'' ਇਹ ਸੁਣ ਕੇ ਲੜਕੇ ਨੇ ਹੱਡੀ ਨੂੰ ਚੁੱਲ੍ਹੇ ਦੀ ਅੱਗ 'ਤੇ ਰੱਖ ਦਿੱਤਾ।¢ ਹੱਡੀ ਨੂੰ ਅੱਗ ਲੱਗ ਗਈ ਤਾਂ ਉਹ ਬੋਲਣ ਲੱਗੀ, ''ਖੀਂ...ਖੀਂ...ਮੈਂ ਜਾ ਰਹੀ ਹਾਂ।'' ''ਕਿੱਥੇ ਜਾ ਰਹੀ ਏਂ?'' ਲੜਕੇ ਨੇ ਪੁੱਛਿਆ। ''ਸ਼ਾਹੂਕਾਰ ਦੇ ਖ਼ਜ਼ਾਨੇ ਵਿੱਚ।'' ਇਹ ਕਹਿ ਕੇ ਉਹ ਫਿਰ ਲੋਪ ਹੋ ਗਈ।

ਕੁਝ ਮਿੰਟਾਂ ਬਾਅਦ ਉਹ ਵਾਪਸ ਆਈ ਤਾਂ ਟੋਕਰੀ ਵਿੱਚ ਢੇਰ ਸਾਰੇ ਰੁਪਏ ਭਰੇ ਹੋਏ ਸਨ। ਮਾਂ-ਪੁੱਤ ਰੁਪਈਆਂ ਦੀ ਗਿਣਤੀ ਕਰਨ ਲੱਗੇ ਗਏ। ਏਨੇ ਨੂੰ ਅੰਗੀਠੀ ਦੀ ਚਿਮਨੀ ਵਿੱਚੋਂ ਕਿਸੇ ਦੇ ਚੀਕਣ ਦੀ ਆਵਾਜ਼ ਆਈ। ਇਹ ਆਵਾਜ਼ ਸ਼ਾਹੂਕਾਰ ਦੀ ਸੀ। ਉਹ ਚੀਕ-ਚੀਕ ਕੇ ਕਹਿ ਰਿਹਾ ਸੀ, ''ਬਚਾਓ...ਬਚਾਓ, ...ਮੈਂ ਮਾਰਿਆ ਗਿਆ।''...


ਅਸਲ ਵਿੱਚ ਹੋਇਆ ਇਵੇਂ ਸੀ ਕਿ ਜਦੋਂ ਹੱਡੀ ਸ਼ਾਹੂਕਾਰ ਦੇ ਘਰ ਵਿੱਚ ਵੜੀ ਤਾਂ ਉਸ ਨੇ ਹੱਡੀ ਨੂੰ ਪੈਸੇ ਚੋਰੀ ਕਰਦਿਆਂ ਦੇਖ ਲਿਆ। ਜਦੋਂ ਉਹ ਖਿੜਕੀ ਰਾਹੀਂ ਉੱਡ ਕੇ ਬਾਹਰ ਨਿਕਲੀ ਤਾਂ ਸ਼ਾਹੂਕਾਰ ਨੇ ਉਸ ਨੂੰ ਭੱਜ ਕੇ ਫੜ ਲਿਆ ਅਤੇ ਹੱਡੀ ਦੇ ਨਾਲ-ਨਾਲ ਉੱਡਦਾ ਹੋਇਆ ਔਰਤ ਦੇ ਘਰ ਆ ਗਿਆ। ਹੱਡੀ ਅੰਗੀਠੀ ਦੀ ਚਿਮਨੀ ਰਸਤੇ ਘਰ ਦੇ ਅੰਦਰ ਵੜ ਗਈ ਪਰ ਸ਼ਾਹੂਕਾਰ ਬਹੁਤ ਮੋਟਾ ਹੋਣ ਕਾਰਨ ਚਿਮਨੀ ਵਿੱਚ ਫਸ ਗਿਆ। ਲੜਕੇ ਨੇ ਸ਼ਾਹੂਕਾਰ ਨੂੰ ਚਿਮਨੀ ਵਿੱਚ ਫਸਿਆ ਦੇਖ ਲਿਆ ਤਾਂ ਉਸ ਨੇ ਅੰਗੀਠੀ ਵਿੱਚ ਹੋਰ ਲੱਕੜੀਆਂ ਪਾ ਦਿੱਤੀਆਂ। ਧੂੰਏਂ ਨਾਲ ਸ਼ਾਹੂਕਾਰ ਦਾ ਸਾਹ ਘੁੱਟਣ ਲੱਗਿਆ ਤਾਂ ਉਸ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, ''ਮੈਨੂੰ ਬਚਾ ਲਓ, ਮੈਂ ਤੁਹਾਡਾ ਸਾਰਾ ਕਰਜ਼ਾ ਮੁਆਫ਼ ਕਰ ਦਿਆਂਗਾ।'' ਔਰਤ ਸ਼ਾਹੂਕਾਰ ਦੀ ਮਦਦ ਲਈ ਦੌੜੀ ਪਰ ਲੜਕੇ ਨੇ ਰੋਕ ਕੇ ਕਿਹਾ, ''ਮਾਂ, ਉਸ ਨੂੰ ਬਾਹਰ ਨਾ ਕੱਢੋ।''

ਸ਼ਾਹੂਕਾਰ ਨੇ ਫਿਰ ਕਿਹਾ, ''ਮੈਨੂੰ ਬਾਹਰ ਕੱਢ ਦਿਓ, ਮੈਂ ਤੁਹਾਡਾ ਸਾਰਾ ਕਰਜ਼ਾ ਮੁਆਫ਼ ਕਰ ਦਿਆਂਗਾ ਅਤੇ ਆਪਣੀ ਧੀ ਦਾ ਵਿਆਹ ਵੀ ਤੇਰੇ ਮੁੰਡੇ ਨਾਲ ਕਰ ਦਿਆਂਗਾ।'' ਇਹ ਸੁਣ ਕੇ ਲੜਕਾ ਉੱਪਰ ਚੜ੍ਹਿਆ ਅਤੇ ਉਸ ਨੇ ਸ਼ਾਹੂਕਾਰ ਨੂੰ ਖਿੱਚ ਕੇ ਚਿਮਨੀ ਵਿੱਚੋਂ ਬਾਹਰ ਕੱਢ ਲਿਆ। ਇੱਕ ਹਫ਼ਤੇ ਬਾਅਦ ਸ਼ਾਹੂਕਾਰ ਨੇ ਆਪਣੀ ਧੀ ਦਾ ਵਿਆਹ ਉਸ ਔਰਤ ਦੇ ਲੜਕੇ ਨਾਲ ਕਰ ਦਿੱਤਾ ਅਤੇ ਆਪਣੀ ਸਾਰੀ ਜਾਇਦਾਦ ਲੜਕੀ ਨੂੰ ਦੇ ਦਿੱਤੀ। ਹੱਡੀ ਨੇ ਵਿਆਹ ਦੇ ਦਿਨ ਬੜਾ ਵਧੀਆ ਖਾਣਾ ਤਿਆਰ ਕੀਤਾ ਅਤੇ ਫਿਰ ਸਦਾ ਲਈ ਲੋਪ ਹੋ ਗਈ।

ਬਿਕਰਮਜੀਤ ਸਿੰਘ

## ਗੁਰੂ ਘਰ ਸੇਵਾ ਕਰਦੀ

# ਇਕ ਰੱਬੀ ਰੂਹ...



ਉਹ ਮੈਨੂੰ ਪਹਿਲੀ ਵਾਰ ਗੁਰਦੁਆਰਾ ਸਾਹਿਬ ਦੇ ਲੰਗਰ ਵਿੱਚ ਭਾਂਡੇ ਧੋਣ ਦੀ ਸੇਵਾ ਕਰਨ ਵੇਲੇ ਮਿਲਿਆ ਸੀ, ਚੁੱਪ-ਚਾਪ ਜਿਹਾ, ਸਿਰ ਥੱਲੇ ਕਰਕੇ ਆਪਣੇ ਕੰਮ ਵਿੱਚ ਮਸਤ, ਸਭ ਤੋਂ ਬੇਖ਼ਬਰ, ਉਸਦਾ ਧਿਆਨ ਸਿਰਫ਼ ਸੇਵਾ 'ਤੇ ਸੀ। ਪਤਾ ਨਹੀਂ ਕਿਉਂ, ਉਹ ਉਸ ਦਿਨ ਤੋਂ ਮੇਰੀਆਂ ਨਜ਼ਰਾਂ ਵਿੱਚ ਚੜ੍ਹ ਗਿਆ ਸੀ, ਸ਼ਾਇਦ ਇਸ ਕਰਕੇ ਕਿ ਉਹ ਸਭ ਤੋਂ ਵੱਖਰਾ ਸੀ। ਹਰ ਵੀਕਐਂਡ ਮੈਂ ਉਸਨੂੰ ਉੱਥੇ ਹੀ ਵੇਖਦੀ, ਮੈਂ ਕਈ ਵਾਰ ਸੋਚਿਆ ਕਿ ਗੱਲ ਕਰਾਂ, ਪਰ ਉਸਦੀ ਚੁੱਪੀ ਤੋੜਣ ਤੋਂ ਡਰ ਲੱਗਦਾ ਸੀ।

ਇੱਕ ਐਤਵਾਰ, ਜਦੋਂ ਲੰਗਰ ਹਾਲ ਵਿੱਚ ਭੀੜ ਕੁੱਝ ਘੱਟ ਸੀ, ਮੈਂ ਹਿੰਮਤ ਕਰਕੇ ਉਸਦੇ ਕੋਲ ਜਾ ਖੜੀ ਹੋਈ। "ਥੱਕ ਨਹੀਂ ਜਾਂਦੇ?" ਮੈਂ ਹੌਲੀ ਜਿਹਾ ਪੁੱਛਿਆ। ਉਸਨੇ ਪਹਿਲੀ ਵਾਰ ਮੇਰੇ ਵੱਲ ਵੇਖਿਆ। "ਸੇਵਾ ਵਿੱਚ ਥਕਾਵਟ ਕਿੱਥੇ ਹੁੰਦੀ ਹੈ?" ਉਸਨੇ ਮੁਸਕਰਾ ਕੇ ਕਿਹਾ। ਹੌਲੀ-ਹੌਲੀ ਸਾਡੀ ਗੱਲਬਾਤ ਵੱਧਣ ਲੱਗੀ, ਪਤਾ ਲੱਗਾ ਕਿ ਉਹ ਹਰ ਵੀਕਐਂਡ ਇੱਥੇ ਆਉਂਦਾ ਸੀ ਕਿਉਂਕਿ ਉਸਦੇ ਪਿਤਾ ਜੀ ਕਹਿੰਦੇ ਸਨ, "ਜਿੰਦਗੀ ਵਿੱਚ ਜੋ ਵੀ ਬਣਨਾ ਉਹ ਬਣੀ, ਪਰ ਸੇਵਾ ਕਰਨੀ ਕਦੇ ਨਾ ਛੱਡੀਂ।" ਉਸਦੇ ਪਿਤਾ ਜੀ ਹੁਣ ਇਸ ਦੁਨੀਆ ਵਿੱਚ ਨਹੀਂ ਸਨ, ਪਰ ਉਹ ਉਨ੍ਹਾਂ ਦੀ ਗੱਲ ਨੂੰ ਨਿਭਾਅ ਰਿਹਾ ਸੀ।

ਮੈਨੂੰ ਉਸਦੀ ਸਾਦਗੀ ਪਸੰਦ ਆਉਣ ਲੱਗੀ, ਉਹ ਮੇਰੀਆਂ ਗੱਲਾਂ ਧਿਆਨ ਨਾਲ ਸੁਣਦਾ, ਪਰ ਆਪਣੇ ਬਾਰੇ ਘੱਟ ਬੋਲਦਾ। ਇੱਕ ਦਿਨ ਉਹ ਨਹੀਂ ਆਇਆ। ਫਿਰ ਦੂਜਾ ਵੀਕਐਂਡ ਵੀ ਲੰਘ ਗਿਆ, ਤੀਜੇ ਹਫ਼ਤੇ ਜਦੋਂ ਮੈਂ ਭਾਂਡੇ ਧੋ ਰਹੀ ਸੀ, ਕਿਸੇ ਨੇ ਹੌਲੀ ਜਿਹੇ ਕਿਹਾ, "ਮਦਦ ਕਰਾਂ?" ਮੈਂ ਮੁੜ ਕੇ ਵੇਖਿਆ, ਉਹ ਹੀ ਸੀ। ਪਰ ਇਸ ਵਾਰ ਉਸਦੇ ਹੱਥ 'ਤੇ ਪੱਟੀ ਬੰਨੀ ਹੋਈ ਸੀ। "ਐਕਸੀਡੈਂਟ ਹੋ ਗਿਆ ਸੀ ਥੋੜ੍ਹਾ ਜਿਹਾ," ਉਹ ਹੱਸ ਕੇ ਬੋਲਿਆ। "ਪਰ ਸੋਚਿਆ, ਸੇਵਾ ਮਿਸ ਨਹੀਂ ਕਰਨੀ।" ਉਸ ਦਿਨ ਪਹਿਲੀ ਵਾਰ ਮੈਂ ਉਸਦੀ ਅੱਖਾਂ ਵਿੱਚ ਦਰਦ ਵੀ ਵੇਖਿਆ 'ਤੇ ਦ੍ਰਿੜਤਾ ਵੀ। ਮੈਨੂੰ ਸਮਝ ਆ ਗਿਆ ਕਿ ਮੈਨੂੰ ਉਸਦਾ ਇੰਤਜ਼ਾਰ ਕਿਉਂ ਰਹਿੰਦਾ ਸੀ, ਉਹ ਸਿਰਫ਼ ਚੁੱਪ ਮੁੰਡਾ ਨਹੀਂ ਸੀ, ਉਹ ਇੱਕ ਅਹਿਸਾਸ ਸੀ, ਇੱਕ ਸੁਕੂਨ, ਇੱਕ ਪ੍ਰੇਰਣਾ। ਸਮੇਂ ਨਾਲ ਸਾਡੀ ਦੋਸਤੀ ਹੋਰ ਗਹਿਰੀ ਹੋ ਗਈ, ਅਸੀਂ ਇਕੱਠੇ ਸੇਵਾ ਕਰਦੇ।

ਇੱਕ ਦਿਨ ਸੇਵਾ ਕਰਦੇ ਹੋਏ ਉਸਨੇ ਹੌਲੀ ਜਿਹੇ ਕਿਹਾ, "ਜੇ ਕਦੇ ਮੈਂ ਇੱਥੇ ਨਾ ਆ ਸਕਾਂ ਤਾਂ ਸੇਵਾ ਨਾ ਛੱਡੀਂ।" ਮੈਂ ਕਿਹਾ, "ਤੂੰ ਇਹੋ ਜਿਹੀਆਂ ਗੱਲਾਂ ਕਿਉਂ ਕਰਦਾ? ਉਸਨੇ ਸਿਰਫ਼ ਮੁਸਕਰਾ ਦਿੱਤਾ। ਕੁੱਝ ਦਿਨਾਂ ਬਾਅਦ ਖ਼ਬਰ ਮਿਲੀ ਕਿ ਉਹ ਸਰੀ ਸਹਿਰ ਛੱਡਕੇ ਚਲਾ ਗਿਆ ਹੈ ਕੰਮ ਲਈ, ਜਾਣ ਤੋਂ ਪਹਿਲਾਂ ਉਹ ਗੁਰਦੁਆਰੇ ਆਇਆ ਸੀ, ਪਰ ਮੈਂ ਉਸ ਦਿਨ ਨਹੀਂ ਆ ਸਕੀ। ਮੈਂ ਉਸਨੂੰ ਫੋਨ ਕੀਤਾ, ਉਸਨੇ ਸਿਰਫ ਐਨਾ ਹੀ ਕਿਹਾ, ਜੇ ਕਿਸਮਤ ਨੇ ਚਾਹਿਆ ਤਾਂ ਫਿਰ ਮਿਲਾਂਗੇ। ਸੁਣਦੇ ਹੀ ਮੇਰੀਆਂ ਅੱਖਾਂ ਭਰ ਆਈਆਂ। ਕਿਉਂਕਿ ਕੁਝ ਲੋਕ ਸਾਡੀ ਜ਼ਿੰਦਗੀ ਵਿੱਚ ਆ ਕੇ ਦੂਰ ਤਾਂ ਚਲੇ ਜਾਂਦੇ ਹਨ, ਪਰ ਸਾਡੇ ਅੰਦਰ ਹਮੇਸ਼ਾਂ ਲਈ ਵੱਸ ਜਾਂਦੇ ਹਨ।

ਇੱਕ ਦਿਨ ਮੀਂਹ ਪੈ ਰਿਹਾ ਸੀ, ਮੈਂ ਸੇਵਾ ਕਰ ਰਹੀ ਸੀ, ਹੱਥ ਕੰਮ ਕਰ ਰਹੇ ਸਨ, ਪਰ ਦਿਲ ਕਿਤੇ ਹੋਰ ਹੀ ਅਟਕਿਆ ਹੋਇਆ ਸੀ, ਅਚਾਨਕ ਗ੍ਰੰਥੀ ਸਿੰਘ ਜੀ ਨੇ ਆਕੇ ਹੌਲੀ ਜਿਹੇ ਕਿਹਾ, "ਪੁੱਤ, ਉਹ ਮੁੰਡਾ, ਜਿਸ ਨਾਲ ਤੂੰ ਸੇਵਾ ਕਰਦੀ ਸੀ, ਉਹ ਹੁਣ ਇਸ ਦੁਨੀਆ ਵਿੱਚ ਨਹੀਂ ਰਿਹਾ।" ਮੇਰੇ ਹੱਥੋਂ ਭਾਂਡਾ ਫਿਸਲ ਗਿਆ, ਆਵਾਜ਼ ਵੀ ਆਈ, ਪਰ ਮੈਨੂੰ ਕੁੱਝ ਸੁਣਾਈ ਨਾ ਦਿੱਤਾ। ਗ੍ਰੰਥੀ ਸਿੰਘ ਨੇ ਦੱਸਿਆ ਕਿ, ਦੂਰ ਸ਼ਹਿਰ ਵਿੱਚ ਹਾਦਸਾ ਹੋ ਗਿਆ ਉਹ ਉਸ ਹਾਦਸੇ ਦਾ ਸ਼ਿਕਾਰ ਹੋ ਗਿਆ।


ਮੇਰੇ ਅੰਦਰ ਕੁੱਝ ਟੁੱਟ ਗਿਆ ਸੀ, ਪਰ ਅੱਖਾਂ ਵਿੱਚੋਂ ਹੰਝੂ ਨਾ ਨਿੱਕਲੇ। ਉਸਦੇ ਲਈ ਆਖ਼ਰੀ ਅਰਦਾਸ ਹੋਈ, ਮੈਂ ਸੰਗਤ ਵਿੱਚ ਬੈਠੀ ਸੀ, ਪਰ ਮੈਨੂੰ ਲੱਗ ਰਿਹਾ ਸੀ ਜਿਵੇਂ ਉਹ ਮੇਰੇ ਕੋਲ ਹੀ ਬੈਠਾ ਹੋਵੇ, ਚੁੱਪਚਾਪ, ਸਿਰ ਝੁਕਾਇਆ ਹੋਇਆ।

ਅਗਲੇ ਵੀਕਐਂਡ ਮੈਂ ਫਿਰ ਆਈ। ਭਾਂਡੇ ਧੋਣ ਵਾਲੀ ਥਾਂ ਉੱਤੇ ਖੜੀ ਹੋ ਕੇ ਮੈਂ ਪਹਿਲੀ ਵਾਰ ਜ਼ੋਰ ਨਾਲ ਰੋਈ, ਸਾਬਣ ਦੀ ਝੱਗ ਵਿੱਚ ਮੇਰੇ ਹੰਝੂ ਮਿਲ ਗਏ। ਹੁਣ ਮੈਂ ਹਰ ਵੀਕਐਂਡ ਆਉਂਦੀ ਹਾਂ, ਦੋ ਲੋਕਾਂ ਦੀ ਥਾਂ ਸੇਵਾ ਕਰਦੀ ਹਾਂ, ਜਦੋਂ ਕੋਈ ਨਵਾਂ ਸੇਵਾਦਾਰ ਪੁੱਛਦਾ ਹੈ, "ਮਦਦ ਕਰਾਂ?" ਮੇਰਾ ਦਿਲ ਇੱਕ ਪਲ ਲਈ ਧੜਕਣਾ ਭੁੱਲ ਜਾਂਦਾ ਹੈ। ਅੱਜ ਵੀ ਜਦੋਂ ਮੈਂ ਅਰਦਾਸ ਕਰਦੀ ਹਾਂ, ਮੈਂ ਇਹ ਹੀ ਕਹਿੰਦੀ ਹਾਂ ਕਿ, "ਰੱਬਾ, ਉਹ ਜਿੱਥੇ ਵੀ ਹੋਵੇ, ਉਸਦੀ ਸੇਵਾ ਕਬੂਲ ਕਰੀਂ। ਮੈਨੂੰ ਤਾਂ ਹੁਣ ਲੱਗਦਾ ਕਿ ਕੁੱਝ ਰੱਬੀ ਰੂਹਾਂ ਏਦਾਂ ਦੀਆਂ ਹੁੰਦੀਆਂ ਨੇ, ਜਿਹਨਾਂ ਨੂੰ ਸਭ ਕੁੱਝ ਪਹਿਲਾਂ ਹੀ ਪਤਾ ਹੁੰਦਾ। ਉਹਨਾਂ ਨੂੰ ਪਤਾ ਹੁੰਦਾ ਇਹ ਜੱਗ ਵਾਲਾ ਮੇਲਾ ਦੇਖਣ ਲਈ ਉਹ ਥੋੜੇ ਟੀਮ ਲਈ ਹੀ ਆਏ ਨੇ।

ਅਵਤਾਰ ਧਾਲੀਵਾਲ

## ਮਿੱਟੀ ਨਾਲ ਜੁੜੇ ਰਹਿਣਾ ਹੀ

# ਅਸਲੀ ਅਮੀਰੀ....




ਸੁਰਜੀਤ ਪੂਰੇ ਪੰਦਰਾਂ ਸਾਲਾਂ ਬਾਅਦ ਕੈਨੇਡਾ ਤੋਂ ਆਪਣੇ ਪਿੰਡ ਆਇਆ ਸੀ। ਇਨ੍ਹਾਂ ਪੰਦਰਾਂ ਸਾਲਾਂ ਵਿੱਚ ਉਸ ਨੇ ਵੈਨਕੂਵਰ ਵਿੱਚ ਦੋ ਵੱਡੇ ਸਟੋਰ ਅਤੇ ਇੱਕ ਆਲੀਸ਼ਾਨ ਘਰ ਬਣਾ ਲਿਆ ਸੀ। ਪਿੰਡ ਦੀਆਂ ਕੱਚੀਆਂ ਪਹੀਆਂ 'ਤੇ ਜਦੋਂ ਉਸ ਦੀ ਵੱਡੀ ਗੱਡੀ ਰੁਕੀ, ਤਾਂ ਉਸ ਦਾ ਸਵਾਗਤ ਕਰਨ ਲਈ ਪੂਰਾ ਪਿੰਡ ਇਕੱਠਾ ਹੋਇਆ ਪਿਆ ਸੀ। ਸੁਰਜੀਤ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਸੀ, ਪਰ ਅੱਖਾਂ ਵਿੱਚ ਇੱਕ ਅਜੀਬ ਜਿਹੀ ਥਕਾਵਟ ਅਤੇ ਬੇਚੈਨੀ ਸਾਫ਼ ਝਲਕਦੀ ਸੀ।

ਅਗਲੀ ਸਵੇਰ, ਸੁਰਜੀਤ ਆਪਣੇ ਪੁਰਾਣੇ ਖੇਤਾਂ ਵੱਲ ਗੇੜਾ ਮਾਰਨ ਗਿਆ। ਖੇਤਾਂ ਵਿੱਚ ਉਹੀ ਪੁਰਾਣਾ ਬੋਹੜ ਦਾ ਰੁੱਖ ਅੱਜ ਵੀ ਉਵੇਂ ਹੀ ਖੜ੍ਹਾ ਸੀ, ਜਿਸ ਦੀ ਛਾਂ ਹੇਠ ਉਹ ਬਚਪਨ ਵਿੱਚ ਖੇਡਿਆ ਕਰਦਾ ਸੀ। ਬੋਹੜ ਦੇ ਨੇੜੇ ਹੀ ਉਨ੍ਹਾਂ ਦਾ ਪੁਰਾਣਾ ਕਾਮਾ, ਬਾਪੂ ਰੁਲਦੂ ਸਿੰਘ , ਕਹੀ ਨਾਲ ਵੱਟਾਂ ਸਵਾਰ ਰਿਹਾ ਸੀ।

ਸੁਰਜੀਤ ਨੇ ਨੇੜੇ ਜਾ ਕੇ ਆਵਾਜ਼ ਮਾਰੀ 'ਬਾਪੂ ਰੁਲਦੂ ਸਿਆਂ. ਸਤਿ ਸ੍ਰੀ ਅਕਾਲ, ਪਛਾਣਿਆ ਮੈਨੂੰ?

ਬਾਪੂ ਨੇ ਕਹੀ ਛੱਡੀ ਅਤੇ ਅੱਖਾਂ 'ਤੇ ਹੱਥ ਰੱਖ ਕੇ ਧੁੱਪ ਤੋਂ ਬਚਦਿਆਂ ਧਿਆਨ ਨਾਲ ਦੇਖਿਆ। ਫਿਰ ਇੱਕਦਮ ਉਸ ਦਾ ਚਿਹਰਾ ਖਿੜ ਗਿਆ 'ਓਏ ਸੁਰਜੀਤ ਸਿਆਂ! ਮੇਰਾ ਸ਼ੇਰ ਪੁੱਤਰ! ਆਜਾ ਆਜਾ..ਬਾਪੂ ਨੇ ਅੱਗੇ ਵਧ ਕੇ ਸੁਰਜੀਤ ਨੂੰ ਘੁੱਟ ਕੇ ਗਲਵੱਕੜੀ ਪਾ ਲਈ। ਉਸ ਗਲਵੱਕੜੀ ਵਿੱਚੋਂ ਸੁਰਜੀਤ ਨੂੰ ਆਪਣੇ ਮਰਹੂਮ ਪਿਤਾ ਦੀ ਖੁਸ਼ਬੂ ਆਈ।

ਦੋਵੇਂ ਬੋਹੜ ਦੀ ਛਾਂ ਹੇਠ ਮੰਜੇ 'ਤੇ ਬੈਠ ਗਏ। ਬਾਪੂ ਨੇ ਪੁੱਛਿਆ ਹੋਰ ਸੁਣਾ ਪੁੱਤਰ, ਵਲੈਤ ਵਿੱਚ ਕੰਮ-ਕਾਰ ਕਿਵੇਂ ਚੱਲਦੈ? ਸੁਣਿਆ ਬੜੀਆਂ ਕੋਠੀਆਂ-ਕਾਰਾਂ ਬਣਾ ਲਈਆਂ ਤੂੰ ਉੱਥੇ?

ਸੁਰਜੀਤ ਨੇ ਥੋੜ੍ਹਾ ਹੰਕਾਰ ਅਤੇ ਥੋੜ੍ਹੀ ਉਦਾਸੀ ਨਾਲ ਜਵਾਬ ਦਿੱਤਾ ਹਾਂ ਬਾਪੂ, ਰੱਬ ਦੀ ਬਹੁਤ ਮਿਹਰ ਐ। ਪੈਸੇ ਦੀ ਕੋਈ ਕਮੀ ਨਹੀਂ, ਵੱਡਾ ਕਾਰੋਬਾਰ ਐ। ਪਰ.. ਪਤਾ ਨਹੀਂ ਕਿਉਂ, ਇੰਨਾ ਕੁਝ ਹੋਣ ਦੇ ਬਾਵਜੂਦ ਰਾਤ ਨੂੰ ਨੀਂਦ ਨਹੀਂ ਆਉਂਦੀ। ਕਈ ਸਾਲ ਹੋ ਗਏ, ਨੀਂਦ ਦੀਆਂ ਗੋਲੀਆਂ ਖਾ ਕੇ ਸੌਣਾ ਪੈਂਦਾ ਹੈ। ਹਰ ਵੇਲੇ ਦਿਮਾਗ਼ ਵਿੱਚ ਇੱਕ ਟੈਨਸ਼ਨ ਜਿਹੀ ਰਹਿੰਦੀ ਐ।

ਬਾਪੂ ਰੁਲਦੂ ਸਿੰਘ ਨੇ ਧਿਆਨ ਨਾਲ ਸੁਰਜੀਤ ਦੀ ਗੱਲ ਸੁਣੀ ਅਤੇ ਫਿਰ ਹੱਸ ਪਿਆ। ਉਸ ਨੇ ਕੋਲ ਪਈ ਆਪਣੀ ਪੋਟਲੀ ਖੋਲ੍ਹੀ, ਜਿਸ ਵਿੱਚੋਂ ਮੱਕੀ ਦੀਆਂ ਦੋ ਰੋਟੀਆਂ, ਸਰ੍ਹੋਂ ਦਾ ਸਾਗ ਅਤੇ ਇੱਕ ਗੰਢਾ (ਪਿਆਜ਼) ਨਿਕਲਿਆ। ਬਾਪੂ ਨੇ ਪਿੱਤਲ ਦੇ ਛੰਨੇ ਵਿੱਚੋਂ ਲੱਸੀ ਦਾ ਇੱਕ ਘੁੱਟ ਭਰਿਆ ਅਤੇ ਸੁਰਜੀਤ ਵੱਲ ਰੋਟੀ ਕਰਦਿਆਂ ਕਿਹਾ:


ਪੁੱਤਰ.. ਡਾਲਰਾਂ ਨੇ ਤੇਰਾ ਬਿਸਤਰਾ ਤਾਂ ਮਖਮਲ ਦਾ ਕਰ ਦਿੱਤਾ, ਪਰ ਤੇਰੀ ਨੀਂਦ ਖੋਹ ਲਈ। ਤੂੰ ਉੱਥੇ ਪੈਸਾ ਕਮਾਉਣ ਗਿਆ ਸੀ, ਪਰ ਆਪਣਾ ਸਕੂਨ ਇਸੇ ਬੋਹੜ ਦੀ ਛਾਂ ਹੇਠ ਭੁੱਲ ਗਿਆ। ਲੈ, ਆਹ ਇੱਕ ਬੁਰਕੀ ਸਾਗ ਨਾਲ ਖਾ ਕੇ ਦੇਖ, ਤੇਰੀਆਂ ਸਾਰੀਆਂ ਵਲੈਤੀ ਦਵਾਈਆਂ ਫੇਲ੍ਹ ਹੋ ਜਾਣਗੀਆਂ।

ਸੁਰਜੀਤ ਨੇ ਝਿਜਕਦਿਆਂ ਹੋਇਆਂ ਇੱਕ ਬੁਰਕੀ ਤੋੜੀ ਅਤੇ ਮੂੰਹ ਵਿੱਚ ਪਾਈ। ਸਾਗ ਅਤੇ ਮੱਕੀ ਦੀ ਰੋਟੀ ਦਾ ਉਹ ਸਵਾਦ, ਬੋਹੜ ਦੀ ਠੰਢੀ ਹਵਾ, ਅਤੇ ਆਸ-ਪਾਸ ਖੇਤਾਂ ਦੀ ਮਹਿਕ.. ਸੁਰਜੀਤ ਨੂੰ ਇੰਜ ਲੱਗਿਆ ਜਿਵੇਂ ਉਹ ਦੁਨੀਆ ਦਾ ਸਭ ਤੋਂ ਅਮੀਰ ਇਨਸਾਨ ਹੋਵੇ। ਉਸ ਨੂੰ ਯਾਦ ਹੀ ਨਹੀਂ ਸੀ ਕਿ ਆਖ਼ਰੀ ਵਾਰ ਉਸ ਨੇ ਇੰਨੇ ਸਵਾਦ ਅਤੇ ਸ਼ਾਂਤੀ ਨਾਲ ਰੋਟੀ ਕਦੋਂ ਖਾਧੀ ਸੀ।

ਰੋਟੀ ਖਾਣ ਤੋਂ ਬਾਅਦ, ਬਾਪੂ ਰੁਲਦੂ ਸਿੰਘ ਨੇ ਖੇਤ ਦੀ ਵੱਟ ਤੋਂ ਇੱਕ ਮੁੱਠੀ ਮਿੱਟੀ ਦੀ ਭਰੀ ਅਤੇ ਸੁਰਜੀਤ ਦੇ ਹੱਥਾਂ ਵਿੱਚ ਰੱਖਦਿਆਂ ਕਿਹਾ ਸ਼ੇਰਾ, ਪੰਛੀ ਜਿੰਨੀ ਮਰਜ਼ੀ ਉੱਚੀ ਉਡਾਰੀ ਮਾਰ ਲਵੇ, ਪਰ ਆਲ੍ਹਣਾ ਉਸ ਨੂੰ ਰੁੱਖ 'ਤੇ ਹੀ ਮਿਲਦਾ ਹੈ। ਇਸ ਮਿੱਟੀ ਵਿੱਚ ਤੇਰੇ ਵੱਡਿਆਂ ਦਾ ਮੁੜ੍ਹਕਾ ਰਲਿਆ ਹੋਇਆ ਹੈ। ਜਦੋਂ ਵੀ ਵਲੈਤ ਵਿੱਚ ਘਬਰਾਹਟ ਹੋਵੇ, ਤਾਂ ਇਸ ਮਿੱਟੀ ਨੂੰ ਆਪਣੇ ਮੱਥੇ ਨਾਲ ਲਾ ਲਈਂ, ਸਾਰੀ ਥਕਾਵਟ ਲਹਿ ਜਾਊ।

ਸੁਰਜੀਤ ਨੇ ਉਹ ਮਿੱਟੀ ਆਪਣੇ ਮੱਥੇ ਨਾਲ ਲਾਈ। ਉਸ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ, ਪਰ ਇਹ ਹੰਝੂ ਦੁੱਖ ਦੇ ਨਹੀਂ, ਸਗੋਂ ਉਸ ਸਕੂਨ ਦੇ ਸਨ ਜੋ ਉਹ ਪਿਛਲੇ ਪੰਦਰਾਂ ਸਾਲਾਂ ਤੋਂ ਲੱਭ ਰਿਹਾ ਸੀ। ਉਸ ਦਿਨ ਸੁਰਜੀਤ ਨੂੰ ਸਮਝ ਆ ਗਿਆ ਕਿ ਅਸਲੀ ਅਮੀਰੀ ਬੈਂਕ ਖਾਤਿਆਂ ਵਿੱਚ ਨਹੀਂ, ਸਗੋਂ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਵਿੱਚ ਹੈ। ਉਸ ਰਾਤ ਸੁਰਜੀਤ ਨੂੰ ਪੰਦਰਾਂ ਸਾਲਾਂ ਬਾਅਦ ਬਿਨਾਂ ਕਿਸੇ ਗੋਲੀ ਤੋਂ ਇੰਨੀ ਗੂੜ੍ਹੀ ਨੀਂਦ ਆਈ, ਜਿਵੇਂ ਕੋਈ ਬੱਚਾ ਆਪਣੀ ਮਾਂ ਦੀ ਗੋਦੀ ਵਿੱਚ ਸੌਂ ਰਿਹਾ ਹੋਵੇ।

# ਮਿਹਨਤ ਤੋਂ ਵੱਡਾ ਕੋਈ ਖਜ਼ਾਨਾ ਨਹੀਂ...



ਬੁੰਦੇਲਖੰਡ ਦੇ ਇੱਕ ਛੋਟੇ ਜਿਹੇ ਪਿੰਡ 'ਸੂਰਜਪੁਰਾ' ਦੇ ਬਾਹਰ ਇੱਕ ਸੌ ਸਾਲ ਪੁਰਾਣਾ ਸੁੱਕਾ ਖੂਹ ਸੀ। ਪਿੰਡ ਦੇ ਬਜ਼ੁਰਗ ਕਹਿੰਦੇ ਸਨ ਕਿ ਮੱਸਿਆ ਦੀ ਰਾਤ ਨੂੰ ਉਸ ਖੂਹ ਵਿੱਚੋਂ ਪਾਜ਼ੇਬਾਂ (ਪਾਇਲ) ਦੀ ਆਵਾਜ਼ ਆਉਂਦੀ ਹੈ। ਬੱਚਿਆਂ ਨੂੰ ਉਧਰ ਜਾਣ ਤੋਂ ਮਨ੍ਹਾ ਕੀਤਾ ਜਾਂਦਾ ਸੀ। ਲੋਕ ਕਹਿੰਦੇ ਸਨ, "ਉਸ ਖੂਹ ਵਿੱਚ ਯਕਸ਼ਣੀ ਦਾ ਖਜ਼ਾਨਾ ਦੱਬਿਆ ਹੋਇਆ ਹੈ, ਅਤੇ ਉਹ ਖੁਦ ਉਸਦੀ ਰਾਖੀ ਕਰਦੀ ਹੈ।"

ਪਿੰਡ ਵਿੱਚ ਵਿਜੇ ਰਹਿੰਦਾ ਸੀ। 24 ਸਾਲ ਦਾ ਨੌਜਵਾਨ, ਬੀ.ਏ. ਪਾਸ, ਨੌਕਰੀ ਨਾ ਮਿਲਣ ਕਾਰਨ ਪਰੇਸ਼ਾਨ। ਪਿਤਾ ਦਾ ਕਰਜ਼ਾ ਸਿਰ 'ਤੇ ਸੀ, ਭੈਣ ਦਾ ਵਿਆਹ ਰੁਕਿਆ ਹੋਇਆ ਸੀ। ਵਿਜੇ ਨੂੰ ਇਹ ਅੰਧਵਿਸ਼ਵਾਸ ਬਕਵਾਸ ਲੱਗਦੇ ਸਨ। ਇੱਕ ਦਿਨ ਉਸਨੇ ਠਾਣ ਲਈ, "ਜੇਕਰ ਖੂਹ ਵਿੱਚ ਖਜ਼ਾਨਾ ਹੈ ਤਾਂ ਮੈਂ ਕੱਢਾਂਗਾ। ਡਰ ਤੋਂ ਅੱਗੇ ਹੀ ਜਿੱਤ ਹੈ।"

**ਪਹਿਲੀ ਰਾਤ**

ਮੱਸਿਆ ਸੀ। ਅੱਧੀ ਰਾਤ ਨੂੰ ਵਿਜੇ ਟਾਰਚ, ਰੱਸੀ ਅਤੇ ਕਹੀ ਲੈ ਕੇ ਖੂਹ 'ਤੇ ਪਹੁੰਚਿਆ। ਖੂਹ 60 ਫੁੱਟ ਡੂੰਘਾ ਸੀ, ਅੰਦਰ ਝਾੜੀਆਂ-ਝੰਖਾੜ ਸਨ। ਜਿਵੇਂ ਹੀ ਉਸਨੇ ਰੱਸੀ ਬੰਨੀ, ਠੰਡੀ ਹਵਾ ਦਾ ਬੁੱਲਾ ਆਇਆ। ਦੂਰ ਕਿਤੇ ਪਾਜ਼ੇਬਾਂ ਦੀ ਛਣਕਾਰ ਸੁਣਾਈ ਦਿੱਤੀ।

ਵਿਜੇ ਨੇ ਹਿੰਮਤ ਕਰਕੇ ਕਿਹਾ, "ਕੌਣ ਹੈ? ਮੈਂ ਚੋਰ ਨਹੀਂ ਹਾਂ। ਮਜਬੂਰ ਹਾਂ।"

ਤਦ ਖੂਹ ਦੇ ਅੰਦਰੋਂ ਆਵਾਜ਼ ਆਈ, "ਲਾਲਚ ਲੈ ਕੇ ਆਇਆ ਹੈ ਜਾਂ ਲੋੜ?"

ਵਿਜੇ ਕੰਬ ਗਿਆ ਪਰ ਬੋਲਿਆ, "ਲੋੜ ਲੈ ਕੇ ਆਇਆ ਹਾਂ ਮਾਂ। ਭੈਣ ਦਾ ਵਿਆਹ, ਪਿਤਾ ਦਾ ਕਰਜ਼ਾ... ਅਤੇ ਕੋਈ ਰਸਤਾ ਨਹੀਂ ਹੈ।"

ਇੱਕਦਮ ਸੁੰਨ ਪਸਰ ਗਈ। ਫਿਰ ਆਵਾਜ਼ ਆਈ, "ਕੱਲ੍ਹ ਆਉਣਾ। ਇਕੱਲਾ। ਨਾਲ ਇੱਕ ਦੀਵਾ, ਗੁੜ ਅਤੇ ਸੱਚੀ ਨੀਅਤ ਲੈ ਕੇ। ਖਜ਼ਾਨਾ ਚਾਹੀਦਾ ਹੈ ਤਾਂ ਪ੍ਰੀਖਿਆ ਦੇਣੀ ਪਵੇਗੀ।"

**ਪ੍ਰੀਖਿਆ**

ਅਗਲੀ ਰਾਤ ਵਿਜੇ ਦੀਵਾ, ਗੁੜ ਅਤੇ ਹਿੰਮਤ ਲੈ ਕੇ ਪਹੁੰਚਿਆ। ਦੀਵਾ ਜਗਾ ਕੇ ਖੂਹ ਵਿੱਚ ਉਤਰਿਆ। ਹੇਠਾਂ ਪਹੁੰਚ ਕੇ ਉਹ ਹੈਰਾਨ ਰਹਿ ਗਿਆ। ਖੂਹ ਦੀ ਕੰਧ 'ਤੇ ਇੱਕ ਛੋਟਾ ਦਰਵਾਜ਼ਾ ਸੀ, ਜੋ ਬਾਹਰੋਂ ਦਿਖਦਾ ਹੀ ਨਹੀਂ ਸੀ। ਦਰਵਾਜ਼ਾ ਧੱਕਾ ਦਿੰਦੇ ਹੀ ਖੁੱਲ੍ਹ ਗਿਆ।

ਅੰਦਰ ਇੱਕ ਗੁਫ਼ਾ ਸੀ। ਵਿਚਕਾਰ ਸੰਗਮਰਮਰ ਦੀ ਚੌਕੀ 'ਤੇ ਇੱਕ ਸੁੰਦਰ ਇਸਤਰੀ ਬੈਠੀ ਸੀ। ਗੋਰਾ ਰੰਗ, ਵੱਡੀਆਂ-ਵੱਡੀਆਂ ਅੱਖਾਂ, ਲਾਲ ਜੋੜਾ, ਪੈਰਾਂ ਵਿੱਚ ਸੋਨੇ ਦੀਆਂ ਪਾਜ਼ੇਬਾਂ। ਪਰ ਉਸਦਾ ਚਿਹਰਾ ਉਦਾਸ ਸੀ।

"ਮੈਂ ਚੰਦਰਪ੍ਰਭਾ ਹਾਂ," ਉਹ ਬੋਲੀ, "ਯਕਸ਼ਣੀ। 300 ਸਾਲ ਪਹਿਲਾਂ ਇਸ ਰਾਜ ਦੇ ਰਾਜਾ ਵਿਕਰਮਾਦਿੱਤਿਆ ਨੇ ਮੈਨੂੰ ਇਹ ਖਜ਼ਾਨਾ ਸੌਂਪਿਆ ਸੀ। ਕਿਹਾ ਸੀ ਕਿ ਇਹ ਸਿਰਫ਼ ਉਸ ਲਈ ਹੈ ਜੋ ਲਾਲਚੀ ਨਾ ਹੋਵੇ। 300 ਸਾਲਾਂ ਵਿੱਚ 27 ਲੋਕ ਆਏ। ਸਭ ਨੇ ਝੂਠ ਬੋਲਿਆ, ਸਭ ਖੂਹ ਵਿੱਚ ਹੀ ਦਫ਼ਨ ਹੋ ਗਏ।"

ਵਿਜੇ ਨੇ ਹੱਥ ਜੋੜ ਲਏ, "ਮਾਤਾ, ਮੈਂ ਝੂਠ ਨਹੀਂ ਬੋਲਾਂਗਾ। ਮੈਨੂੰ ਬੱਸ ਇੰਨਾ ਚਾਹੀਦਾ ਹੈ ਕਿ ਭੈਣ ਦਾ ਵਿਆਹ ਹੋ ਜਾਵੇ ਅਤੇ ਪਿਤਾ ਜੀ ਕਰਜ਼ੇ ਤੋਂ ਮੁਕਤ ਹੋ ਜਾਣ। ਉਸ ਤੋਂ ਜ਼ਿਆਦਾ ਇੱਕ ਪੈਸਾ ਵੀ ਨਹੀਂ ਚਾਹੀਦਾ।"

ਯਕਸ਼ਣੀ ਮੁਸਕਰਾਈ। ਉਸਨੇ ਤਾੜੀ ਵਜਾਈ। ਗੁਫ਼ਾ ਦੀ ਕੰਧ ਹਟ ਗਈ। ਅੰਦਰ ਸੋਨੇ ਦੀਆਂ ਮੋਹਰਾਂ, ਹੀਰੇ, ਮਾਣਕ ਨਾਲ ਭਰੇ 7 ਕਲਸ਼ ਸਨ।

"ਇਹ ਸਭ ਤੇਰਾ ਹੈ," ਯਕਸ਼ਣੀ ਬੋਲੀ, "ਪਰ ਮੇਰੀਆਂ ਤਿੰਨ ਸ਼ਰਤਾਂ ਹਨ।"

**ਤਿੰਨ ਸ਼ਰਤਾਂ**

1. "ਇਸ ਵਿੱਚੋਂ ਜਿੰਨੀ ਲੋੜ ਹੋਵੇ ਓਨਾ ਹੀ ਲੈਣਾ। ਇੱਕ ਸਿੱਕਾ ਵੀ ਲਾਲਚ ਵਿੱਚ ਲਿਆ ਤਾਂ ਸਭ ਮਿੱਟੀ ਹੋ ਜਾਵੇਗਾ।"
2. "ਇਸ ਖਜ਼ਾਨੇ ਵਿੱਚੋਂ 10% ਹਿੱਸਾ ਹਰ ਸਾਲ ਗਰੀਬਾਂ ਵਿੱਚ ਵੰਡਣਾ।"
3. "ਮੇਰੀ ਮੁਕਤੀ ਦਾ ਉਪਾਅ ਕਰਨਾ। ਮੈਂ ਸਰਾਪੀ ਹੋਈ ਹਾਂ। ਜਦੋਂ ਤੱਕ ਕੋਈ ਨਿਰਸਵਾਰਥ ਭਾਵਨਾ ਨਾਲ ਮੇਰਾ ਦਿੱਤਾ ਖਜ਼ਾਨਾ ਨਹੀਂ ਲਵੇਗਾ, ਮੈਂ ਇੱਥੇ ਹੀ ਬੰਦੀ ਰਹਾਂਗੀ।"

ਵਿਜੇ ਨੇ ਸ਼ਰਤਾਂ ਮੰਨ ਲਈਆਂ। ਉਸਨੇ ਹਿਸਾਬ ਲਗਾਇਆ। ਭੈਣ ਦਾ ਵਿਆਹ, ਬਾਪ ਦਾ ਕਰਜ਼ਾ, ਅਤੇ ਛੋਟਾ ਜਿਹਾ ਘਰ — ਕੁੱਲ 18 ਲੱਖ ਚਾਹੀਦਾ ਸੀ। ਉਸਨੇ ਸਿਰਫ਼ 20 ਸੋਨੇ ਦੀਆਂ ਮੋਹਰਾਂ ਚੁੱਕੀਆਂ।

ਯਕਸ਼ਣੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ। "300 ਸਾਲਾਂ ਵਿੱਚ ਤੂੰ ਪਹਿਲਾ ਹੈਂ ਜਿਸਨੇ ਗਿਣਿਆ। ਬਾਕੀ ਸਭ ਬੋਰੇ ਭਰਨ ਲੱਗ ਪਏ ਸਨ। ਤੂੰ ਮੁਕਤ ਹੋਇਆ, ਅਤੇ ਮੈਂ ਵੀ।"

**ਮੁਕਤੀ ਅਤੇ ਅੰਤ**


ਜਿਵੇਂ ਹੀ ਵਿਜੇ ਬਾਹਰ ਨਿਕਲਿਆ, ਜ਼ੋਰ ਦਾ ਧਮਾਕਾ ਹੋਇਆ। ਖੂਹ ਖੁਦ ਹੀ ਭਰ ਗਿਆ, ਉੱਪਰ ਮਿੱਟੀ ਬਰਾਬਰ ਹੋ ਗਈ। ਹਵਾ ਵਿੱਚ ਸਿਰਫ਼ ਪਾਜ਼ੇਬਾਂ ਦੀ ਆਵਾਜ਼ ਗੂੰਜੀ, "ਧੰਨਵਾਦ ਪੁੱਤਰ..."

ਵਿਜੇ ਨੇ ਸ਼ਹਿਰ ਜਾ ਕੇ ਮੋਹਰਾਂ ਵੇਚੀਆਂ। ਕਰਜ਼ਾ ਉਤਾਰਿਆ, ਭੈਣ ਦਾ ਵਿਆਹ ਧੂਮਧਾਮ ਨਾਲ ਕੀਤਾ, ਘਰ ਬਣਾਇਆ। ਪਰ ਉਸਨੇ ਵਾਅਦਾ ਨਹੀਂ ਤੋੜਿਆ। ਹਰ ਸਾਲ ਪਿੰਡ ਵਿੱਚ ਸਕੂਲ ਦੀ ਫੀਸ, ਗਰੀਬ ਕੰਨਿਆਵਾਂ ਦੇ ਵਿਆਹ, ਅਤੇ ਬਿਮਾਰਾਂ ਦਾ ਇਲਾਜ ਕਰਵਾਇਆ।

10 ਸਾਲ ਬਾਅਦ ਵਿਜੇ ਨੇ ਉਸੇ ਜਗ੍ਹਾ 'ਤੇ 'ਚੰਦਰਪ੍ਰਭਾ ਯਕਸ਼ਣੀ ਮੰਦਰ' ਬਣਵਾਇਆ। ਲੋਕ ਪੁੱਛਦੇ ਕਿ ਖਜ਼ਾਨਾ ਕਿੱਥੋਂ ਆਇਆ? ਉਹ ਹੱਸ ਕੇ ਕਹਿੰਦਾ, "ਮਿਹਨਤ ਤੋਂ ਵੱਡਾ ਖਜ਼ਾਨਾ ਨਹੀਂ। ਅਤੇ ਨੀਅਤ ਸਾਫ਼ ਹੋਵੇ ਤਾਂ ਖੂਹ ਵੀ ਮਹਿਲ ਦੇ ਦਿੰਦਾ ਹੈ।"

ਅੱਜ ਵੀ ਸੂਰਜਪੁਰਾ ਦੇ ਲੋਕ ਕਹਿੰਦੇ ਹਨ ਕਿ ਮੱਸਿਆ ਦੀ ਰਾਤ ਮੰਦਰ ਤੋਂ ਪਾਜ਼ੇਬਾਂ ਦੀ ਆਵਾਜ਼ ਆਉਂਦੀ ਹੈ। ਪਰ ਹੁਣ ਉਹ ਡਰਾਉਂਦੀ ਨਹੀਂ, ਆਸ਼ੀਰਵਾਦ ਦਿੰਦੀ ਹੈ।

# ਆਥਣ ਵੇਲੇ ਥੱਕਿਆ ਟੁੱਟਿਆ ਘਰੇ ਅੱਪੜਦਾ ਤਾਂ ਨਿਆਣੇ ਫੋਨ ਤੇ ਰੁਝੇ ਹੋਏ ਹੁੰਦੇ...



ਧੌਣ ਚੁੱਕ ਅੱਖਾਂ ਮਿਲਾਉਣਾ ਤਾਂ ਦੂਰ ਦੀ ਗੱਲ ਕਿਸੇ ਕੋਲ ਮਾੜਾ ਮੋਟਾ ਹਾਲ ਚਾਲ ਪੁੱਛਣ ਦਾ ਵੀ ਟਾਈਮ ਨਹੀਂ ਸੀ...ਨਾਲਦੀ ਨਾਲ ਗੱਲ ਕਰਦਾ ਤਾਂ ਆਖਦੀ ਮੋਡਰਨ ਯੁੱਗ ਏ...ਸਾਰੇ ਏਦਾਂ ਹੀ ਕਰਦੇ ਨੇ...ਹਮੇਸ਼ਾਂ ਨਿਆਣਿਆਂ ਦਾ ਹੀ ਪੱਖ ਪੂਰਿਆ ਕਰਦੀ...!

ਫੇਰ ਭਾਵਨਾਵਾਂ ਦੀ ਪੰਡ ਚੁੱਕੀ ਸਿੱਧਾ ਦਾਰ ਜੀ ਦੇ ਕਮਰੇ ਵਿਚ ਚਲਾ ਜਾਇਆ ਕਰਦਾ...

ਰਹਿੰਦੇ ਭਾਵੇਂ ਢਿੱਲੇ ਮੱਠੇ ਹੀ ਸਨ ਤਾਂ ਵੀ ਮੈਨੂੰ ਵੇਖ ਕਿਸੇ ਤਰਾਂ ਉੱਠ ਹੀ ਪਿਆ ਕਰਦੇ..ਮੁੜ ਕਲਾਵੇ ਵਿਚ ਲੈ ਕੇ ਢੇਰ ਸਾਰੇ ਪਿਆਰ ਦੀ ਝੜੀ ਜਿਹੀ ਲਾ ਦਿੰਦੇ..ਉਹਨਾਂ ਨੂੰ ਸਮਝ ਸਾਰੀ ਸੀ ਪਰ ਮੂਹੋਂ ਕੁਝ ਨਾ ਬੋਲਦੇ..ਫੇਰ ਮੈਂ ਕਿੰਨਾ ਕਿੰਨਾ ਚਿਰ ਓਥੇ ਬੈਠਾ ਉਹਨਾਂ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਸੁਣਦਾ ਰਹਿੰਦਾ..!

ਫੇਰ ਇੱਕ ਦਿਨ ਬਿਮਾਰੀ ਭਾਰੂ ਹੋ ਗਈ ਤੇ ਭਾਣਾ ਵਰਤ ਗਿਆ...ਦਾਰ ਜੀ ਦਾ ਕਮਰਾ ਸਦਾ ਲਈ ਸੁੰਞਾ ਹੋ ਗਿਆ..!

ਮਗਰੋਂ ਉਹਨਾਂ ਦੀ ਕੰਧ ਤੇ ਟੰਗੀ ਫੋਟੋ ਦੇਖ ਹੀ ਡੰਗ ਸਾਰ ਲਿਆ ਕਰਦਾ...ਕਦੇ ਕਦੇ ਝਾਉਲਾ ਪੈਂਦਾ...ਇੰਝ ਲੱਗਦਾ ਜਿੱਦਾਂ ਕਮਰੇ ਵਿਚੋਂ ਖੰਗਣ ਦੀ ਅਵਾਜ ਆ ਰਹੀ ਏ ਪਰ ਇਹ ਮੇਰਾ ਵਹਿਮ ਹੀ ਹੁੰਦਾ!

ਇੱਕ ਦਿਨ ਦੇਰ ਰਾਤ ਘਰੇ ਅੱਪੜਿਆਂ ਤਾਂ ਬਹਿਸ ਹੋ ਰਹੀ ਸੀ...

ਨਾਲਦੀ ਦਾਰ ਜੀ ਵਾਲੇ ਕਮਰੇ ਅੰਦਰ ਖਲੋ ਆਖ ਰਹੀ ਸੀ ਕੇ ਹੁਣ ਤੋਂ ਇਹ ਮੇਰਾ ਕਿੱਟੀ ਵਾਲਾ ਕਮਰਾ ਹੋਊ ਤੇ ਫੋਨ ਤੇ ਉਂਗਲਾਂ ਮਾਰਦਾ ਮੁੰਡਾ ਆਖ ਰਿਹਾ ਸੀ ਕੇ ਇਥੇ ਹੁਣ ਮੈ ਰਿਹਾ ਕਰਨਾ ਏ..ਮੈਨੂੰ ਆਪਣਾ ਵੱਖਰਾ ਕਮਰਾ ਚਾਹੀਦਾ..!

ਅਤੇ ਬਾਹਰ ਬੂਹੇ ਦੇ ਨਾਲ ਹੀ ਢੇਰ ਕੀਤਾ ਦਾਰ ਜੀ ਦਾ ਸਾਰਾ ਸਮਾਨ ਮੇਰੇ ਵੱਲ ਨਜਰਾਂ ਗੱਡੀ ਕਿੰਨੇ ਸਾਰੇ ਸਵਾਲ ਕਰਦਾ ਮਹਿਸੂਸ ਹੋ ਰਿਹਾ ਸੀ..!

ਉਸ ਦਿਨ ਮਗਰੋਂ ਮੈ ਗੱਡੀਓਂ ਉੱਤਰ ਰਿਕਸ਼ਾ ਕਰਨਾ ਬੰਦ ਕਰ ਦਿੱਤਾ ਤੇ ਪੈਦਲ ਹੀ ਆਰਾਮ ਨਾਲ ਘਰ ਵੱਲ ਨੂੰ ਤੁਰ ਪਿਆ ਕਰਦਾ..ਬਿਨਾ ਕਿਸੇ ਕਾਹਲੀ ਦੇ..ਛੇਤੀ ਅੱਪੜਨ ਦੀ ਖਿੱਚ ਦਾਰ ਜੀ ਸ਼ਾਇਦ ਆਪਣੇ ਨਾਲ ਹੀ ਲੈ ਗਏ ਸਨ..!

ਉਸ ਦਿਨ ਵੀ ਗੱਡਿਓਂ ਉੱਤਰ ਫਲਾਈ ਓਵਰ ਦੀਆਂ ਪੌੜੀਆਂ ਚੜ ਹੀ ਰਿਹਾ ਸਾਂ ਕੇ ਝਉਲਾ ਜਿਹਾ ਪਿਆ ਜਿੱਦਾਂ ਮੇਰੇ ਅੱਗੇ ਅੱਗੇ ਦਾਰ ਜੀ ਤੁਰੇ ਜਾ ਰਹੇ ਹੋਣ..ਹੂ-ਬਹੂ ਉਹੀ ਤੋਰ..ਉਹੀ ਕੱਪੜੇ..ਤੇ ਉਹੀ ਤੁਰਲੇ ਵਾਲੀ ਪੱਗ!

ਮੈਥੋਂ ਰਿਹਾ ਨਾ ਗਿਆ ਤੇ ਕਾਹਲੇ ਕਦਮੀਂ ਦੌੜ ਓਹਨਾ ਦੇ ਨਾਲ ਜਾ ਰਲਿਆ..

ਅੱਗੋਂ ਕੋਈ ਹੋਰ ਹੀ ਨਿੱਕਲੇ..ਓਵਰ ਬਰਿੱਜ ਦੇ ਜੰਗਲੇ ਨੂੰ ਫੜ ਹੌਲੀ ਹੌਲੀ ਪੌੜੀਆਂ ਚੜ ਰਹੇ ਸਨ..ਫਤਹਿ ਬੁਲਾ ਛੇਤੀ ਨਾਲ ਓਹਨਾ ਦੇ ਹੱਥੋਂ ਝੋਲਾ ਫੜ ਲਿਆ ਤੇ ਮੁੜ ਆਸਰਾ ਜਿਹਾ ਦੇ ਕੇ ਪੁਲ ਪਾਰ ਕਰਵਾ ਦਿੱਤਾ..!

ਆਪੇ ਦੱਸਣ ਲੱਗੇ ਕੇ ਕੁਝ ਮਹੀਨੇ ਹੋਏ ਨਾਲਦੀ ਚੜਾਈ ਕਰ ਗਈ ਸੀ ਤੇ ਮੁੰਡਾ ਪਰਿਵਾਰ ਸਮੇਤ ਬਾਹਰ ਰਹਿੰਦਾ ਏ..ਇਸ ਵੇਲੇ ਰੋਜ ਲੈਣੋਂ ਪਾਰ ਬਣੇ ਪਾਰਕ ਵਿਚ ਕੁਝ ਘੜੀਆਂ ਬੈਠ ਘਰੇ ਮੁੜਿਆ ਕਰਦੇ ਸਨ..!

ਫੇਰ ਇਸੇ ਜਗਾ ਤੇ ਇਸੇ ਟਾਈਮ ਰੋਜ ਦਰਸ਼ਨ ਮੇਲੇ ਹੋਣ ਲੱਗੇ..ਇੱਕ ਦਿਨ ਮੇਰੀ ਗੱਡੀ ਘੰਟਾ ਲੇਟ ਹੋ ਗਈ ਤੇ ਅੰਦਾਜਾ ਲਾ ਲਿਆ ਕੇ ਉਹ ਜਰੂਰ ਹੀ ਉਡੀਕ ਉਡੀਕ ਕੇ ਚਲੇ ਗਏ ਹੋਣੇ..!

ਪਰ ਓਦੋਂ ਹੈਰਾਨਗੀ ਦੀ ਕੋਈ ਹੱਦ ਨਾ ਰਹੀ ਜਦੋਂ ਓਸੇ ਥਾਂ ਤੇ ਖਲੋਤੇ ਟਿਕਟਿਕੀ ਲਗਾ ਕੇ ਮੇਰੇ ਵੱਲ ਵੇਖੀ ਜਾ ਰਹੇ ਸਨ..!

ਕੋਲ ਗਿਆ ਤਾਂ ਆਖਣ ਲੱਗੇ ਪੁੱਤਰ ਅੱਜ ਕੁਵੇਲਾ ਹੋ ਗਿਆ ਲੱਗਦਾ..ਤੈਨੂੰ ਕਦੇ ਦਾ ਉਡੀਕੀ ਜਾਨਾ ਸਾਂ..ਕੀ ਦੱਸਾਂ ਪੁੱਤਰ ਤੈਨੂੰ ਦੋ ਘੜੀਆਂ ਮਿਲ ਕੇ ਖੁਦ ਨੂੰ ਜਿਉਂਦੇ ਹੋਣ ਦਾ ਇਹਸਾਸ ਜਿਹਾ ਹੋਣ ਲੱਗ ਪਿਆ ਏ..!

ਆਪਣੇ ਪਣ ਦੀ ਮੋਹ-ਭਿੱਜੀ ਪੰਡ ਏਡੀ ਭਾਰੀ ਹੋ ਗਈ ਕੇ ਮੇਰੇ ਸੰਘ ਚੋਂ ਮਾਸਾ ਜਿੰਨੀ ਅਵਾਜ ਵੀ ਨਾ ਨਿੱਕਲ ਸਕੀ..ਵਰਨਾ ਏਨੀ ਗੱਲ ਤਾਂ ਜਰੂਰ ਹੀ ਆਖ ਦਿੰਦਾ ਕੇ ਬਾਪੂ ਜੀ ਤੁਹਾਨੂੰ ਤੇ ਸਿਰਫ ਜਿਉਂਦੇ ਹੋਣ ਦਾ ਇਹਸਾਸ ਹੀ ਹੁੰਦਾ ਏ..ਇਸ ਕਰਮਾ ਵਾਲੇ ਦੀ ਤਾਂ ਸਾਹਾਂ ਦੀ ਡੋਰ ਹੀ ਤੁਸਾਂ ਪੂਰੀ ਤਰਾਂ ਆਪਣੇ ਹੱਥਾਂ ਵਿਚ ਕਰ ਲਈ ਏ!

ਸੋ ਦੋਸਤੋ ਇਸ ਬਿਰਤਾਂਤ ਨੂੰ ਸਾਂਝੇ ਕਰਨ ਦਾ ਮਕਸਦ ਸਿਰਫ ਤੇ ਸਿਰਫ ਇਹ ਦੱਸਣਾ ਏ ਕੇ ਜਿੰਦਗੀ ਵਿਚ ਕਈ ਵਾਰ ਕੁਝ ਰਿਸ਼ਤੇ ਐਸੇ ਬਣ ਜਾਂਦੇ ਜਿਹੜੇ ਢਹਿੰਦੀ ਕਲਾ ਵੱਲ ਵਧੀ ਜਾਂਦੇ ਵਜੂਦ ਵਿਚ ਐਸਾ ਜੋਸ਼ ਭਰ ਦਿੰਦੇ ਨੇ ਕੇ ਬੰਦਾ ਜਿੰਦਗੀ ਜਿਉਣੀ ਸ਼ੁਰੂ ਕਰ ਦਿੰਦਾ ਏ..!

ਸੋ ਜੇ ਕਦੀ ਕਿਸੇ ਮੋੜ ਤੇ ਕੋਈ ਐਸਾ ਮਿੱਤਰ ਪਿਆਰਾ ਮਿਲ ਜਾਵੇ ਜਿਸਦੀਆਂ ਅੱਖਾਂ ਵਿਚ ਸੱਚਾਈ ਅਤੇ ਦਿਲ ਵਿਚ ਮੋਹ ਪਿਆਰ ਦੀ ਅਥਾਹ ਦੌਲਤ ਝਲਕਦੀ ਹੋਵੇ ਤਾਂ ਦੋਵੇਂ ਬਾਹਵਾਂ ਖੋਹਲ ਆਪਣੇ ਕਲਾਵੇ ਵਿਚ ਲੈ ਲਵੋ..

ਹੋ ਸਕਦਾ ਨੀਰਸਤਾ ਦੇ ਜੰਗਲ ਵਿਚ ਆਸਾਂ ਉਮੀਦਾਂ ਦੇ ਫੁਲ ਹੀ ਖਿੜ ਜਾਵਣ!

ਹਰਪ੍ਰੀਤ ਸਿੰਘ ਜਵੰਦਾ

# ਧਾਰਾ...



ਵਿਚਾਰਾਂ ਦੀ ਸਿਰਫ਼
ਇੱਕ ਘੁੰਮਣ-ਘੇਰੀ ਦਾ
ਸ਼ੋਰ ਹੀ ਤਾਂ ਹੈ,
ਇਹ ਸਮਾਜਿਕ-ਮੀਡੀਆ..!
ਕਿਸੇ ਵਿਚਾਰ ਦੀ
ਨਿਸ਼ਚਿਤ ਕੋਈ
'ਧਾਰਾ' ਤਾਂ ਨਹੀਂ...

ਬੂੰਦ-ਬੂੰਦ ਰਿਸਦੇ ਹਨ
ਅੰਮ੍ਰਿਤ-ਵਿਚਾਰ..
ਸ਼ੁੱਧਤਾ ਭਰੇ ਪਹਾੜੀ
ਨੀਰ ਦੇ ਵਾਂਗ..
ਤਾਂ ਜਾ ਕੇ ਬਣਦੀ ਹੈ
ਵਿਚਾਰਾਂ ਦੀ ਧਾਰਾ...

ਨਿਰਸੰਦੇਹ ਹੀ, ਕਿਸੇ
ਦਿਸ਼ਾ ਜਾਂ ਮੰਜ਼ਿਲ ਦੇ
ਵਿਚਾਰ ਦੇ ਗਰਭ 'ਚੋਂ ਹੀ
ਉਪਜੀ ਹੋਈ ਹੁੰਦੀ ਹੈ
ਮਨੁੱਖਤਾ ਦੇ ਭਲੇ ਲਈ,
ਕੋਈ 'ਵਿਚਾਰ ਦੀ ਧਾਰਾ..'

ਪੜਾਅ ਦਰ ਪੜਾਅ
ਵਿਕਸਤ ਹੁੰਦਾ ਹੈ ਮਨੁੱਖ,
ਵਿਚਾਰਾਂ ਦੇ ਸਹਿਜ
ਤੇ ਨਿਰੰਤਰ ਚਲਦੇ
ਪ੍ਰਵਾਹ ਨਾਲ ਜੁੜ ਕੇ...

ਨਿੱਤ ਨਵੇਂ ਝੁਰਮਟ
ਤੇ ਸ਼ੋਰ ਮਚਾਉਂਦੇ..
ਕੰਨਾਂ ਨੂੰ ਪਾੜਦੇ..
ਵੱਖ-ਵੱਖ ਵਿਚਾਰਾਂ ਨਾਲ
ਗਰੱਸਿਆ 'ਸਮਾਜਿਕ-
ਮੀਡੀਆ' ਦਾ ਦੌਰ..
ਕੀ ਪਾਵੇਗਾ ਮਨੁੱਖ ਦੇ ਪੱਲੇ...?

ਇਸ ਦੌਰ 'ਚ ਪਨਪਦਾ
ਹੋਇਆ ਜੀਵਨ ਤਾਂ ਜਿਵੇਂ
ਚਾਰੋ-ਤਰਫ਼ ਜੁੱਤੇ ਹਨ
ਕਿਸੇ ਰੱਥ ਨਾਲ ਘੋੜੇ...
ਜੋ ਰੱਥ ਫਿਰ
ਕਿਤੇ ਨਹੀਂ ਪਹੁੰਚਦਾ..
ਤੇ ਇਹਦੇ 'ਤੇ ਚੜ੍ਹਿਆਂ ਦੀ
ਮੰਜ਼ਿਲ ਤਾਂ ਕੀ, ਰਾਹ ਵੀ
ਡਗਮਗਾਉਂਦੇ ਨੇ..!

ਇਸ ਬੇ-ਲਗਾਮ
ਮਾਧਿਅਮ ਦੇ ਢਿੱਡ 'ਚੋਂ
ਫੁੱਟਦੇ ਹੋਏ ਵੱਖ-ਵੱਖ
'ਵਿਚਾਰਾਂ ਦੀ ਖਿਚੜੀ',
ਕੋਈ ਨਵਾਂ ਵਿਅੰਜਨ ਤਾਂ ਹੈ..
ਪਰ ਕੋਈ 'ਰਸਦਾਰ'
ਭੋਜਨ ਤਾਂ ਨਹੀਂ...

'ਵਿਚਾਰ ਦੀ ਧਾਰਾ' ਨਾਲ
ਬਾ-ਕਾਇਦਾ ਜੁੜਿਆ,
ਤੇ ਨਿੱਤ-ਨਿੱਤ
ਅਠਖੇਲੀਆਂ ਕਰਦਾ ਮਨੁੱਖ
ਸਮੇਂ ਦੇ ਗੁਜ਼ਰਨ 'ਤੇ
ਭਰ ਹੀ ਲੈਂਦਾ ਹੈ
ਅਨੁਭਵ ਦੀ ਝੋਲੀ...

ਜੀਵਨ 'ਚ ਆਉਂਦੀ
'ਔਖ ਦੀ 'ਨੇਰੀ..'
ਤੇ ਲੱਕ-ਤੋੜਵੇਂ
ਤੂਫ਼ਾਨਾਂ ਚੋਂ ਕੱਢਕੇ..
'ਧਾਰਾ' ਹੀ ਕਰਦੀ ਹੈ
ਬ੍ਰਹਮ-ਸਾਗਰ ਦੇ ਕੰਢੇ ਤੱਕ
ਜੀਵਨ ਨੂੰ ਪੁੱਜਦਾ...।

ਡਾ. ਗੁਰਸ਼ਰਨ ਸ.ਸੋਹਲ

ਪੰਜਾਬ ਸਟਾਰ
www.punjabstar.com

# ਸੋਮਾਲੀਆ ਦੇ ਵਿਸ਼ਵ ਕੱਪ ਰੈਫਰੀ ਨੂੰ ਅਮਰੀਕਾ 'ਚ ਦਾਖ਼ਲ ਹੋਣ ਤੋਂ ਰੋਕਿਆ



ਸੋਮਾਲੀਆ ਦਾ ਉਹ ਵਿਸ਼ਵ ਕੱਪ ਰੈਫਰੀ ਜਿਸ ਨੂੰ ਮਿਆਮੀ ਪਹੁੰਚਣ ਤੋਂ ਬਾਅਦ ਅਮਰੀਕਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਅਤੇ ਬਾਅਦ ਵਿੱਚ ਫੀਫਾ ਵੱਲੋਂ ਟੂਰਨਾਮੈਂਟ ਤੋਂ ਬਾਹਰ ਕਰ ਦਿੱਤਾ ਗਿਆ, ਉਹ ਆਪਣੇ ਦੇਸ਼ ਲਈ ਨਵਾਂ ਇਤਿਹਾਸ ਰਚਣ ਦੇ ਬੇਹੱਦ ਨੇੜੇ ਸੀ।

ਓਮਾਰ ਆਰਟਨ ਦੋ ਮਹੀਨੇ ਪਹਿਲਾਂ ਐਲਾਨੀ ਗਈ ਫੀਫਾ ਦੀ ਅੰਤਿਮ ਸੂਚੀ ਵਿੱਚ ਜਗ੍ਹਾ ਬਣਾ ਕੇ ਵਿਸ਼ਵ ਕੱਪ ਵਿੱਚ ਮੈਚ ਖਿਡਾਉਣ ਵਾਲਾ ਸੋਮਾਲੀਆ ਦਾ ਪਹਿਲਾ ਰੈਫਰੀ ਬਣਨ ਵਾਲਾ ਸੀ। ਉਹ ਅਫਰੀਕਾ ਦੇ ਚੋਟੀ ਦੇ ਰੈਫਰੀਆਂ ਵਿੱਚੋਂ ਇੱਕ ਹੈ ਅਤੇ ਅਫਰੀਕੀ ਫੁੱਟਬਾਲ ਸੰਸਥਾ ਵੱਲੋਂ ਉਸ ਨੂੰ 2025 ਵਿੱਚ ਮਹਾਦੀਪ ਦਾ ਸਰਬੋਤਮ ਪੁਰਸ਼ ਰੈਫਰੀ ਚੁਣਿਆ ਗਿਆ ਸੀ। ਅਮਰੀਕੀ ਬਾਰਡਰ ਸੁਰੱਖਿਆ ਨੇ ਬਿਆਨ ਵਿੱਚ ਕਿਹਾ ਕਿ ਆਰਟਨ ਨੂੰ ਸ਼ਨਿਚਰਵਾਰ ਨੂੰ ਮਿਆਮੀ ਕੌਮਾਂਤਰੀ ਹਵਾਈ ਅੱਡੇ 'ਤੇ ਜਾਂਚ ਸਬੰਧੀ ਚਿੰਤਾਵਾਂ ਕਾਰਨ ਦਾਖਲੇ ਤੋਂ ਮਨ੍ਹਾ ਕਰ ਦਿੱਤਾ ਗਿਆ, ਹਾਲਾਂਕਿ ਉਨ੍ਹਾਂ ਨੇ ਇਸ ਬਾਰੇ ਕੋਈ ਖਾਸ ਵੇਰਵਾ ਨਹੀਂ ਦਿੱਤਾ। ਕੀਨੀਆ ਸਥਿਤ ਸੋਮਾਲੀਆ ਦਾ ਦੂਤਘਰ ਜਿਸ ਨੇ ਵੀਜ਼ਾ ਪ੍ਰਾਸੈਸ ਕੀਤਾ ਸੀ, ਮੁਤਾਬਕ ਆਰਟਨ ਨੂੰ ਪਿਛਲੇ ਹਫ਼ਤੇ ਹੀ ਅਮਰੀਕਾ ਜਾਣ ਲਈ ਵੀਜ਼ਾ ਜਾਰੀ ਕੀਤਾ ਗਿਆ ਸੀ। ਫੀਫਾ ਵੱਲੋਂ ਨਿਯੁਕਤ ਕੀਤੇ ਗਏ ਕਿਸੇ ਮੈਚ ਅਧਿਕਾਰੀ ਨੂੰ ਵਿਸ਼ਵ ਕੱਪ ਵਿੱਚ ਹਿੱਸਾ ਲੈਣ ਲਈ ਦੇਸ਼ 'ਚ ਦਾਖਲ ਹੋਣ ਤੋਂ ਰੋਕਣਾ ਬਹੁਤ ਹੀ ਅਸਾਧਾਰਨ ਘਟਨਾ

# FIFA ਵਿਸ਼ਵ ਕੱਪ 2026 ਤੋਂ ਪਹਿਲਾਂ ਇੰਗਲੈਂਡ ਦੇ ਬੇਸ ਕੈਂਪ 'ਤੇ ਗੋਲੀਬਾਰੀ, 9 ਜ਼ਖਮੀ

## ਇਸ ਘਟਨਾ ਨੇ ਸਾਰਿਆਂ ਦੇ ਮਨਾਂ 'ਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ



ਇੰਗਲੈਂਡ ਬੇਸ ਕੈਂਪ ਵਿੱਚ ਗੋਲੀਬਾਰੀ: ਦੁਨੀਆ ਭਰ ਦੇ ਲੋਕ ਇਸ ਸਮੇਂ ਫੁੱਟਬਾਲ ਦੇ ਜਸ਼ਨ, ਫੀਫਾ ਵਿਸ਼ਵ ਕੱਪ ਦੀ ਸ਼ੁਰੂਆਤ ਦੀ ਉਡੀਕ ਕਰ ਰਹੇ ਹਨ। ਇਸ ਦੌਰਾਨ, ਸ਼ਨੀਵਾਰ ਨੂੰ ਮਿਸੂਰੀ ਦੇ ਕੰਸਾਸ ਸਿਟੀ ਵਿੱਚ ਇੰਗਲੈਂਡ ਦੇ ਫੀਫਾ ਵਿਸ਼ਵ ਕੱਪ 2026 ਬੇਸ ਕੈਂਪ ਨੇੜੇ ਗੋਲੀਬਾਰੀ ਦੀ ਖ਼ਬਰ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਇਸ ਵੱਡੇ ਟੂਰਨਾਮੈਂਟ ਦੀ ਸ਼ੁਰੂਆਤ ਤੋਂ ਠੀਕ ਪਹਿਲਾਂ ਹੋਈ ਇਸ ਘਟਨਾ ਨੇ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਰਿਪੋਰਟਾਂ ਅਨੁਸਾਰ, ਗੋਲੀਬਾਰੀ ਵਿੱਚ ਨੌਂ ਲੋਕ ਜ਼ਖਮੀ ਹੋ ਗਏ।

### ਇੰਗਲੈਂਡ ਬੇਸ ਕੈਂਪ ਨੇੜੇ ਗੋਲੀਬਾਰੀ

ਕੰਸਾਸ ਸਿਟੀ ਪੁਲਿਸ ਦੇ ਅਨੁਸਾਰ, ਇਹ ਘਟਨਾ ਸ਼ਨੀਵਾਰ ਸਵੇਰੇ 4 ਵਜੇ ਵਾਪਰੀ, ਅਤੇ ਅੰਗਰੇਜ਼ੀ ਫੁੱਟਬਾਲ ਟੀਮ ਆਪਣੇ ਬੇਸ ਤੋਂ 10 ਮਿੰਟ ਦੀ ਦੂਰੀ 'ਤੇ ਸੀ। ਇੰਗਲੈਂਡ ਦੀ ਟੀਮ ਫਲੋਰੀਡਾ ਦੇ ਪਾਮ ਬੀਚ ਵਿੱਚ ਵਿਸ਼ਵ ਕੱਪ ਲਈ ਅਭਿਆਸ ਕਰ ਰਹੀ ਸੀ, ਜਦੋਂ ਗੋਲੀਬਾਰੀ ਹੋਈ। ਅੰਗਰੇਜ਼ੀ ਟੀਮ 13 ਜੂਨ ਨੂੰ ਕੰਸਾਸ ਸਿਟੀ ਪਹੁੰਚਣ ਵਾਲੀ ਹੈ।

### ਫੁੱਟਬਾਲ ਐਸੋਸੀਏਸ਼ਨ ਦੀ ਪ੍ਰਤੀਕਿਰਿਆ ਸਾਹਮਣੇ ਆਈ ਹੈ।

ਫੀਫਾ ਵਿਸ਼ਵ ਕੱਪ 2026 ਤੋਂ ਪਹਿਲਾਂ ਵਾਪਰੀ ਇਸ ਘਟਨਾ ਨੇ ਸਾਰਿਆਂ ਦੇ ਮਨਾਂ ਵਿੱਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਰਾਇਟਰਜ਼ ਦੇ ਅਨੁਸਾਰ, ਇੰਗਲੈਂਡ ਦੀ ਫੁੱਟਬਾਲ ਐਸੋਸੀਏਸ਼ਨ ਦੇ ਬੁਲਾਰੇ ਨੇ ਕਿਹਾ, "ਅਮਰੀਕਾ ਵਿੱਚ ਹੋਈ ਇਸ ਘਟਨਾ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।" ਖੁਸ਼ਕਿਸਮਤੀ ਨਾਲ, ਇਸ ਗੋਲੀਬਾਰੀ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਉੱਭਰ ਰਹੇ ਅੰਕੜਿਆਂ ਦੇ ਅਨੁਸਾਰ, 2025 ਵਿੱਚ ਦੇਸ਼ ਵਿੱਚ 400 ਤੋਂ ਵੱਧ ਸਮੂਹਿਕ ਗੋਲੀਬਾਰੀ ਦਰਜ ਕੀਤੀ ਗਈ ਸੀ।

# ਮੁੱਲਾਂਪੁਰ ਸਟੇਡੀਅਮ 'ਚ ਉੱਘੇ ਕ੍ਰਿਕਟਰਾਂ ਦੀ 'Wall of Fame' ਤਿਆਰ




ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਦੇ ਪ੍ਰਧਾਨ ਮਿਥੁਨ ਮਨਹਾਸ ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਆਨਰੇਰੀ ਸਕੱਤਰ ਗੁਰਮੀਤ ਸਿੰਘ ਮੀਤ ਹੇਅਰ ਨੇ ਮੁੱਲਾਂਪੁਰ ਗਰੀਬਦਾਸ ਦੇ ਪੀ ਸੀ ਏ ਕ੍ਰਿਕਟ ਸਟੇਡੀਅਮ ਵਿੱਚ 'ਵਾਲ ਆਫ ਫੇਮ' ਦੇ ਰੂਪ ਵਿੱਚ ਇੱਕ ਨਿਵੇਕਲੀ ਸ਼ੁਰੂਆਤ ਕੀਤੀ ਹੈ। ਮੀਤ ਹੇਅਰ ਨੇ ਦੱਸਿਆ ਕਿ ਇਸ ਪਹਿਲਕਦਮੀ ਤਹਿਤ ਪੰਜਾਬ ਕ੍ਰਿਕਟ ਦੇ 33 ਸਿਤਾਰਿਆਂ ਦੀਆਂ ਤਸਵੀਰਾਂ ਇਸ ਕੰਧ 'ਤੇ ਲਗਾਈਆਂ ਗਈਆਂ ਹਨ, ਜਿਨ੍ਹਾਂ ਨੇ ਦੇਸ਼ ਦੇ ਨਾਲ-ਨਾਲ ਸੂਬੇ ਦਾ ਨਾਮ ਵੀ ਰੋਸ਼ਨ ਕੀਤਾ ਹੈ। ਇਨ੍ਹਾਂ ਤਸਵੀਰਾਂ ਵਿੱਚ ਇੱਕ ਰੋਜ਼ਾ ਅਤੇ ਟੀ-20 ਵਿਸ਼ਵ ਕੱਪ ਵਿੱਚ ਖਿਤਾਬ ਜਿੱਤਣ ਦੇ ਪਲਾਂ ਨਾਲ ਸਬੰਧਤ ਗਰੁੱਪ ਫੋਟੋਆਂ ਵੀ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਪੁਰਸ਼ ਅਤੇ ਮਹਿਲਾ ਭਾਰਤੀ ਕ੍ਰਿਕਟ ਟੀਮ ਨੇ ਤਿੰਨ ਇੱਕ ਰੋਜ਼ਾ (2 ਪੁਰਸ਼ ਅਤੇ ਇਕ ਮਹਿਲਾ) ਵਿਸ਼ਵ ਕੱਪ ਦੇ ਨਾਲ-ਨਾਲ 3 ਟੀ-20 ਵਿਸ਼ਵ ਕੱਪ (2007, 2024 ਅਤੇ 2026 ਵਿੱਚ) ਜਿੱਤੇ ਹਨ। ਉਨ੍ਹਾਂ ਦੱਸਿਆ ਕਿ ਇਸ ਕੰਧ 'ਤੇ ਯੁਵਰਾਜ ਸਿੰਘ, ਸ਼ੁਭਮਨ ਗਿੱਲ ਅਤੇ ਹਰਮਨਪ੍ਰੀਤ ਕੌਰ (ਮਹਿਲਾ ਟੀਮ ਦੀ ਕਪਤਾਨ) ਵਰਗੇ ਖਿਡਾਰੀਆਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ।1992-93 ਸੀਜ਼ਨ ਵਿੱਚ ਰਣਜੀ ਟਰਾਫੀ ਜਿੱਤਣ ਵਾਲੀ ਪੰਜਾਬ ਕ੍ਰਿਕਟ ਟੀਮ ਅਤੇ 2022-23 ਦੀ ਸਈਦ ਮੁਸ਼ਤਾਕ ਅਲੀ ਟਰਾਫੀ ਜਿੱਤਣ ਵਾਲੀ ਟੀਮ ਦੇ ਸ਼ਾਨਦਾਰ ਪਲਾਂ ਦੀਆਂ ਤਸਵੀਰਾਂ ਵੀ ਇਸ 'ਤੇ ਲਗਾਈਆਂ ਗਈਆਂ ਹਨ। ਇਸ ਨਾਲ ਪੰਜਾਬ ਦੇ ਕ੍ਰਿਕਟ ਇਤਿਹਾਸ ਦੀਆਂ ਸੁਨਹਿਰੀ ਯਾਦਾਂ ਨੂੰ ਮੁੜ ਤਾਜ਼ਾ ਕੀਤਾ ਗਿਆ ਹੈ। ਇਨ੍ਹਾਂ ਤਸਵੀਰਾਂ ਵਿੱਚ ਮਹਿਲਾ ਕ੍ਰਿਕਟਰਾਂ ਨੂੰ ਵੀ ਜਗ੍ਹਾ ਦਿੱਤੀ ਗਈ ਹੈ ਜਿਨ੍ਹਾਂ ਨੇ ਕ੍ਰਿਕਟ ਜਗਤ ਵਿੱਚ ਪੰਜਾਬ ਦਾ ਨਾਮ ਚਮਕਾਇਆ ਹੈ।

ਇਸ ਦੌਰਾਨ ਬੀ ਸੀ ਸੀ ਆਈ ਦੇ ਪ੍ਰਧਾਨ ਮਿਥੁਨ ਮਨਹਾਸ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਇਸ ਨੂੰ ਖੇਡ ਇਤਿਹਾਸ ਲਈ ਮਾਣਮੱਤਾ ਪਲ ਦੱਸਿਆ। ਇਸ ਮੌਕੇ ਪੀ ਸੀ ਏ ਦੇ ਜੁਆਇੰਟ ਸਕੱਤਰ ਸਿਧਾਂਤ ਸ਼ਰਮਾ ਵੀ ਮੌਜੂਦ ਸਨ।




# ਸੂਰਿਆਕੁਮਾਰ ਯਾਦਵ ਦੀ ਥਾਂ ਸ਼੍ਰੇਅਸ ਅਈਅਰ ਨੇ ਸੰਭਾਲੀ T-20 ਦੀ ਕਪਤਾਨੀ

ਭਾਰਤ ਦੇ ਟੀ-20 ਢਾਂਚੇ ਵਿੱਚ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। ਸ਼੍ਰੇਅਸ ਅਈਅਰ ਨੇ ਅੱਜ ਸੂਰਿਆਕੁਮਾਰ ਯਾਦਵ ਦੀ ਜਗ੍ਹਾ ਕਪਤਾਨੀ ਸੰਭਾਲ ਲਈ ਹੈ, ਜਦਕਿ ਹੋਣਹਾਰ ਨੌਜਵਾਨ ਖਿਡਾਰੀ ਵੈਭਵ ਸੂਰਿਆਵੰਸ਼ੀ ਨੂੰ ਆਇਰਲੈਂਡ ਅਤੇ ਇੰਗਲੈਂਡ ਦੇ ਦੋਹਰੇ ਦੌਰੇ ਲਈ ਟੀਮ ਵਿੱਚ ਜਗ੍ਹਾ ਮਿਲੀ ਹੈ।

ਪੰਦਰਾਂ ਸਾਲ ਅਤੇ 71 ਦਿਨਾਂ ਦੀ ਉਮਰ ਵਿੱਚ, ਸੂਰਿਆਵੰਸ਼ੀ ਭਾਰਤੀ ਕ੍ਰਿਕਟ ਟੀਮ 'ਚ ਸ਼ਾਮਲ ਹੋਣ ਵਾਲਾ ਸਭ ਤੋਂ ਨੌਜਵਾਨ ਖਿਡਾਰੀ ਬਣ ਗਿਆ ਹੈ। ਉਸ ਨੇ ਮਹਾਨ ਕ੍ਰਿਕਟਰ ਸਚਿਨ ਤੇਂਦੁਲਕਰ ਦਾ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਰਿਕਾਰਡ ਤੋੜ ਦਿੱਤਾ ਹੈ। ਸਚਿਨ ਤੇਂਦੁਲਕਰ ਨੇ 15 ਨਵੰਬਰ 1989 ਨੂੰ ਕਰਾਚੀ ਵਿੱਚ ਪਾਕਿਸਤਾਨ ਖ਼ਿਲਾਫ਼ ਜਦੋਂ ਆਪਣਾ ਪਹਿਲਾ ਟੈਸਟ ਮੈਚ ਖੇਡਿਆ ਸੀ, ਉਦੋਂ ਉਸ ਦੀ ਉਮਰ 16 ਸਾਲ ਅਤੇ 205 ਦਿਨ ਸੀ। ਭਾਰਤੀ ਟੀਮ ਪਹਿਲਾਂ ਆਇਰਲੈਂਡ ਦਾ ਦੌਰਾ ਕਰੇਗੀ, ਜਿੱਥੇ ਉਹ ਦੋ ਟੀ-20 ਮੈਚ (26 ਤੇ 28 ਜੂਨ) ਖੇਡੇਗੀ। ਉਪਰੰਤ, 1 ਤੋਂ 11 ਜੁਲਾਈ ਦਰਮਿਆਨ ਇੰਗਲੈਂਡ ਖ਼ਿਲਾਫ਼ ਪੰਜ ਮੈਚਾਂ ਦੀ ਟੀ-20 ਲੜੀ ਖੇਡੀ ਜਾਵੇਗੀ। ਸ਼੍ਰੇਅਸ ਅਈਅਰ 3 ਦਸੰਬਰ 2023 ਨੂੰ ਬੰਗਲੂਰੂ ਵਿੱਚ ਆਸਟਰੇਲੀਆ ਖ਼ਿਲਾਫ਼ ਖੇਡੇ ਗਏ ਮੈਚ ਤੋਂ ਬਾਅਦ ਪਹਿਲੀ ਵਾਰ ਕੌਮੀ ਟੀ-20 ਟੀਮ ਵਿੱਚ ਪਰਤੇ ਹਨ।

### ਵੱਖ-ਵੱਖ ਟੂਰਨਾਮੈਂਟਾਂ ਲਈ ਚੁਣੀਆਂ ਟੀਮਾਂ

ਆਇਰਲੈਂਡ ਅਤੇ ਇੰਗਲੈਂਡ ਟੀ-20 ਦੌਰੇ ਲਈ ਚੁਣੀ ਟੀਮ ਵਿੱਚ ਸ਼੍ਰੇਅਸ ਅਈਅਰ (ਕਪਤਾਨ), ਅਭਿਸ਼ੇਕ ਸ਼ਰਮਾ, ਸੰਜੂ ਸੈਮਸਨ, ਇਸ਼ਾਨ ਕਿਸ਼ਨ, ਸ਼ਿਵਮ ਦੂਬੇ, ਤਿਲਕ ਵਰਮਾ (ਉਪ ਕਪਤਾਨ), ਨਿਤੀਸ਼ ਕੁਮਾਰ ਰੈੱਡੀ, ਅਕਸ਼ਰ ਪਟੇਲ, ਵਾਸ਼ਿੰਗਟਨ ਸੁੰਦਰ, ਵਰੁਨ ਚੱਕਰਵਰਤੀ, ਰਵੀ ਬਿਸ਼ਨੋਈ, ਮੁਹੰਮਦ ਸਿਰਾਜ, ਹਰਸ਼ਿਤ ਰਾਣਾ, ਅਰਸ਼ਦੀਪ ਸਿੰਘ, ਪ੍ਰਿੰਸ ਯਾਦਵ ਅਤੇ ਵੈਭਵ ਸੂਰਿਆਵੰਸ਼ੀ ਸ਼ਾਮਲ ਹਨ। ਇਸੇ ਤਰ੍ਹਾਂ ਏਸ਼ਿਆਈ ਖੇਡਾਂ ਲਈ ਚੁਣੀ ਟੀਮ 'ਚ ਸ਼੍ਰੇਅਸ ਅਈਅਰ (ਕਪਤਾਨ), ਅਭਿਸ਼ੇਕ ਸ਼ਰਮਾ, ਸੰਜੂ ਸੈਮਸਨ, ਇਸ਼ਾਨ ਕਿਸ਼ਨ, ਸ਼ਿਵਮ ਦੂਬੇ, ਤਿਲਕ ਵਰਮਾ (ਉਪ ਕਪਤਾਨ), ਨਿਤੀਸ਼ ਕੁਮਾਰ ਰੈੱਡੀ, ਅਕਸ਼ਰ ਪਟੇਲ, ਵਾਸ਼ਿੰਗਟਨ ਸੁੰਦਰ, ਵਰੁਨ ਚੱਕਰਵਰਤੀ, ਰਵੀ ਬਿਸ਼ਨੋਈ, ਹਰਸ਼ਿਤ ਰਾਣਾ, ਅਰਸ਼ਦੀਪ ਸਿੰਘ, ਜਸਪ੍ਰੀਤ ਬੁਮਰਾਹ ਅਤੇ ਵੈਭਵ ਸੂਰਿਆਵੰਸ਼ੀ ਸ਼ਾਮਲ ਹਨ।

# ਪਹਿਲਵਾਨ ਵਿਨੇਸ਼ ਫੋਗਾਟ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਸੰਜੇ ਸਿੰਘ ਨੂੰ ਲੈ ਕੇ ਦਿੱਤਾ ਵੱਡਾ ਬਿਆਨ

ਜੀਂਦ : ਜੁਲਾਨਾ ਤੋਂ ਕਾਂਗਰਸੀ ਵਿਧਾਇਕ ਅਤੇ ਅੰਤਰਰਾਸ਼ਟਰੀ ਪਹਿਲਵਾਨ ਵਿਨੇਸ਼ ਫੋਗਾਟ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਸੰਜੇ ਸਿੰਘ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ । ਉਨ੍ਹਾਂ ਕਿਹਾ ਕਿ ਭਾਜਪਾ ਨਾਲ ਜੁੜੇ ਲੋਕਾਂ ਨੂੰ ਵੀ ਖੇਡਾਂ ਛੱਡ ਕੇ ਰਾਜਨੀਤੀ ਵਿੱਚ ਆ ਜਾਣਾ ਚਾਹੀਦਾ ਹੈ। ਜਿਸ ਦਿਨ ਰਾਜਨੀਤੀ ਕਰਨ ਵਾਲੇ ਲੋਕ ਖੇਡਾਂ ਤੋਂ ਦੂਰ ਹੋ ਜਾਣਗੇ, ਉਸੇ ਦਿਨ ਉਹ ਵੀ ਰਾਜਨੀਤੀ ਛੱਡ ਕੇ ਦੁਬਾਰਾ ਖੇਡ ਦੇ ਮੈਦਾਨ ਵਿੱਚ ਪਰਤ ਆਉਣਗੇ।

ਵਿਨੇਸ਼ ਫੋਗਾਟ ਨੇ ਕਿਹਾ ਕਿ ਸੰਜੇ ਸਿੰਘ ਵੱਲੋਂ ਅਨੁਸ਼ਾਸਨਹੀਣਤਾ ਨੂੰ ਲੈ ਕੇ ਦਿੱਤੇ ਜਾ ਰਹੇ ਬਿਆਨਾਂ 'ਤੇ ਉਹ ਪ੍ਰਤੀਕਿਰਿਆ ਦੇਣ ਨੂੰ ਠੀਕ ਨਹੀਂ ਸਮਝਦੇ। ਉਨ੍ਹਾਂ ਕਿਹਾ ਕਿ ਉਹ ਮੈਦਾਨ ਛੱਡ ਕੇ ਭੱਜਣ ਵਾਲਿਆਂ ਵਿੱਚੋਂ ਨਹੀਂ ਹਨ, ਸਗੋਂ ਡਟ ਕੇ ਲੜਨ ਵਾਲਿਆਂ ਵਿੱਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਕਈ ਲੋਕ ਚਾਹੁੰਦੇ ਹਨ ਕਿ ਉਹ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇ ਦੇਣ, ਪਰ ਉਹ ਅਸਤੀਫਾ ਨਹੀਂ ਦੇਣਗੇ ਅਤੇ ਸਮਾਜ ਤੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਸੰਘਰਸ਼ ਜਾਰੀ ਰੱਖਣਗੇ।



ਜਾਤੀਵਾਦੀ ਰਾਜਨੀਤੀ ਦੇ ਸਵਾਲ 'ਤੇ ਵਿਨੇਸ਼ ਫੋਗਾਟ ਨੇ ਕਿਹਾ ਕਿ ਕੋਈ ਵੀ ਖਿਡਾਰੀ ਕਿਸੇ ਇੱਕ ਜਾਤ ਦਾ ਨਹੀਂ ਬਲਕਿ ਪੂਰੇ ਦੇਸ਼ ਦਾ ਹੁੰਦਾ ਹੈ। ਹਰ ਖਿਡਾਰੀ ਤਿਰੰਗੇ ਲਈ ਖੇਡਦਾ ਹੈ ਅਤੇ ਦੇਸ਼ ਦਾ ਮਾਣ ਵਧਾਉਣ ਲਈ ਸੰਘਰਸ਼ ਕਰਦਾ ਹੈ। ਉਨ੍ਹਾਂ ਮੀਡੀਆ ਨੂੰ ਵੀ ਅਪੀਲ ਕੀਤੀ ਕਿ ਖਿਡਾਰੀਆਂ ਨੂੰ ਜਾਤ ਦੇ ਨਜ਼ਰੀਏ ਨਾਲ ਦੇਖਣ ਜਾਂ ਅਜਿਹੇ ਮੁੱਦਿਆਂ ਨੂੰ ਉਤਸ਼ਾਹਿਤ ਕਰਨ ਤੋਂ ਬਚਿਆ ਜਾਵੇ।

ਮਹਿੰਗਾਈ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਿੱਚ ਮਹਿੰਗਾਈ ਲਗਾਤਾਰ ਵਧ ਰਹੀ ਹੈ। ਗੈਸ ਸਿਲੰਡਰਾਂ ਦੀਆਂ ਕੀਮਤਾਂ ਵੀ ਵਧ ਰਹੀਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵਾਧੇ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਉਨ੍ਹਾਂ ਨੂੰ ਵੀ ਸਮੇਂ ਸਿਰ ਗੈਸ ਸਿਲੰਡਰ ਮੁਹੱਈਆ ਨਹੀਂ ਹੋ ਪਾਉਂਦਾ। ਸਿਆਸੀ ਗਠਜੋੜ ਅਤੇ ਕਿਸਾਨਾਂ-ਮਜ਼ਦੂਰਾਂ ਦੇ ਮੁੱਦਿਆਂ 'ਤੇ ਬੋਲਦਿਆਂ ਵਿਨੇਸ਼ ਫੋਗਾਟ ਨੇ ਕਿਹਾ ਕਿ ਜੋ ਵੀ ਪਾਰਟੀ ਕਿਸਾਨ ਅਤੇ ਮਜ਼ਦੂਰ ਦੀ ਆਵਾਜ਼ ਉਠਾਏਗੀ, ਉਹ ਉਸ ਦੇ ਨਾਲ ਖੜ੍ਹੇ ਹੋਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਜਨਤਾ ਦੇ ਮੁੱਦਿਆਂ ਨੂੰ ਉਠਾ ਰਹੀ ਹੈ ਅਤੇ ਸਿੱਖਿਆ ਮੰਤਰੀ ਦੇ ਅਸਤੀਫੇ ਦੀ ਮੰਗ ਵੀ ਕਰ ਰਹੀ ਹੈ। ਉਨ੍ਹਾਂ ਦੁਹਰਾਇਆ ਕਿ ਉਹ ਸੰਘਰਸ਼ ਕਰਨ ਵਾਲਿਆਂ ਵਿੱਚੋਂ ਹਨ, ਪਿੱਛੇ ਹਟਣ ਵਾਲਿਆਂ ਵਿੱਚੋਂ ਨਹੀਂ। ਵਿਧਾਇਕ ਵਿਨੇਸ਼ ਫੋਗਾਟ ਅੱਜ ਆਪਣੇ ਵਿਧਾਨ ਸਭਾ ਹਲਕੇ ਜੁਲਾਨਾ ਦੇ ਰੈਸਟ ਹਾਊਸ ਪਹੁੰਚੇ ਸਨ, ਜਿੱਥੇ ਉਨ੍ਹਾਂ ਨੇ ਵਰਕਰਾਂ ਨਾਲ ਐਸ.ਆਈ.ਆਰ (SIR) ਮੁੱਦੇ 'ਤੇ ਚਰਚਾ ਕੀਤੀ।







